# ਸ਼ਹੀਦ ਭਗਵਤੀ ਚਰਨ ਵੋਹਰਾ ਅਤੇ ਦੁਰਗਾ 'ਭਾਬੀ' ਦੀ ਜੀਵਨੀ



ਮਲਵਿੰਦਰ ਜੀਤ ਸਿੰਘ ਵੜੈਚ



ਮਲਵਿੰਦਰ ਜੀਤ ਸਿੰਘ ਵੜੈਚ ਨੇ ਅੰਗ੍ਰੇਜ਼ੀ, ਇਤਿਹਾਸ, ਰਾਜਨੀਤੀ ਵਿਗਿਆਨ, ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ 'ਚ ਐਮ.ਏ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਹੋਈਆਂ ਹਨ।

30 ਸਾਲ ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ 'ਚ ਪੜ੍ਹਾਉਣ ਉਪਰੰਤ, ਨਵੰਬਰ 1989 'ਚ ਰਿਟਾਇਰ ਹੋਏ। ਫਿਰ ਇਨ੍ਹਾਂ ਐੱਲ.ਐੱਲ.ਬੀ. ਕਰਕੇ 1992 'ਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਵਕਾਲਤ ਸ਼ੁਰੂ ਕੀਤੀ ਅਤੇ ਉਥੇ ਜਨਹਿੱਤ ਪਟੀਸ਼ਨਾਂ (ਫ਼ੀਸ) ਰਾਹੀਂ ਕੂਕਾ ਵਿਦਰੋਹ, ਗ਼ਦਰ ਲਹਿਰ, ਕੌਮਾਗਾਟਾ ਮਾਰੂ ਅਤੇ ਜਲਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਕਾਨੂੰਨੀ ਤੌਰ ਤੇ 'ਸ਼ਹੀਦਾਂ' ਦਾ ਦਰਜਾ ਦਿਵਾਇਆ। ਅੱਜ ਵੀ ਸਵਤੰਤਰਤਾ ਸੰਗ੍ਰਾਮੀਆਂ ਦੀਆਂ, ਅੰਗ੍ਰੇਜ਼ ਸਰਕਾਰ ਵੱਲੋਂ ਜ਼ਬਤ ਕੀਤੀਆਂ ਗਈਆਂ ਜ਼ਮੀਨਾਂ ਨੂੰ ਉਨ੍ਹਾਂ ਦੇ ਵਾਰਸਾਂ ਨੂੰ ਵਾਪਿਸ ਕਰਵਾ ਚੁਕੇ ਹਨ।

ਇਹ ਪਹਿਲੀ ਬਾਰ, 6 ਜੂਨ 1966 ਨੂੰ ਬਾਬਾ ਸੋਹਨ ਸਿੰਘ ਭਕਨਾ ਦੇ ਸੰਪਰਕ 'ਚ ਆਏ ਸਨ। ਉਸ ਮਗਰੋਂ ਤਾਂ ਇਹ 'ਗ਼ਦਰੀ ਬਾਬਿਆਂ ਦੇ ਮੁਨਸ਼ੀ' ਹੀ ਬਣ ਗਏ।

ਇਨ੍ਹਾਂ ਪਹਿਲੀ ਕਿਤਾਬ, ''ਜੀਵਨ ਸੰਗ੍ਰਾਮ: ਆਤਮਕਥਾ ਬਾਬਾ ਸੋਹਨ ਸਿੰਘ ਭਕਨਾ'' ਉਰਦੂ ਤੋਂ ਪੰਜਾਬੀ ਵਿੱਚ ਅਨੁਵਾਦ ਕਰਕੇ 1967 ਵਿੱਚ ਛਪਵਾਈ ਸੀ। ਉਸ ਮਗਰੋਂ ਕ੍ਰਾਂਤੀਕਾਰੀਆਂ ਬਾਰੇ ਲਗਭਗ 40 ਕਿਤਾਬਾਂ, ਅੰਗ੍ਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਛਪਵਾ ਚੁਕੇ ਹਨ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ।

ਇਸ ਤੋਂ ਇਲਾਵਾ ਪ੍ਰੋ. ਸਾਹਿਬ ਨੇ ਕ੍ਰਾਂਤੀਕਾਰੀਆਂ ਦੇ ਸੰਗ੍ਰਾਮਾਂ ਦੀ ਇੱਕ ਗੈਲਰੀ, ''ਨੈਸ਼ਨਲ ਗੈਲਰੀ ਆਫ ਪੋਰਟ੍ਰੇਟਸ'' (1857-1947) ਵੀ ਬਨਾਈ ਹੈ, ਜੋ ਸੈਂਟਰਲ ਸਟੇਟ ਲਾਈਬ੍ਰੇਰੀ, ਸੈਕਟਰ 17, ਚੰਡੀਗੜ੍ਹ 'ਚ ਸੁਸ਼ੋਬਤ ਹੈ।

# ਸ਼ਹੀਦ ਭਗਵਤੀ ਚਰਨ ਵੋਹਰਾ ਅਤੇ
# ਦੁਰਗਾ 'ਭਾਬੀ' ਦੀ ਜੀਵਨੀ

ਮਲਵਿੰਦਰ ਜੀਤ ਸਿੰਘ ਵੜੈਚ



# ਸਮਰਪਤ

ਸੁਸ਼ੀਲਾ 'ਦੀਦੀ' ਜੀ ਨੂੰ

ਜੰਮ ਪਲ:
ਪਿੰਡ ਲੱਧੇਵਾਲਾ ਵੜੈਚ, ਜ਼ਿਲ੍ਹਾਂ ਗੁਜਰਾਂਵਾਲਾ
ਹੁਣ: ਪਿੰਡ ਸਕੇਤੜੀ, ਨੇੜੇ ਸੁਖਨਾ ਝੀਲ, ਚੰਡੀਗੜ੍ਹ
ਫੋਨ: 0172-2556314, 6576116
ਈਮੇਲ: ਮਜਸੱਅਰਅਚਿਹ29@ਗਮਅਲਿ।ਚੋਮ

# ਤਤਕਰਾ


| | | |
|---|---|---|
| | ਬਿਰਤਾਂਤ-ਵਿਸਥਾਰ | 6 |
| 1 | ਪਿਛੋਕੜ | 9 |
| 2 | ਰਾਜਸੀ ਪਿੜ ਵਿੱਚ | 18 |
| 3 | ਭਗਵਤੀ ਚਰਨ 'ਤੇ ਪੁਲਿਸ ਮੁਖ਼ਬਰ ਹੋਣ ਦਾ ਦੋਸ਼ | 25 |
| 4 | ਨਵੀਂ ਪਾਰਟੀ ਮੈਦਾਨ ਵਿੱਚ | 32 |
| 5 | ਭਗਵਤੀ ਦੀਆਂ ਸਰਗਮੀਆਂ | 40 |
| 6 | ਆਜ਼ਾਦ ਨਾਲ ਮੇਲ | 48 |
| 7 | ਭਗਵਤੀ ਦੀ ਸ਼ਹਾਦਤ | 60 |
| 8 | ਅਜਿੱਤ ਦੁਰਗਾ | 72 |
| 9 | ਫ਼ਰਾਰੀ ਤੇ ਗ੍ਰਿਫ਼ਤਾਰੀ | 82 |
| 10 | ਯਾਦ ਪਟਾਰੀ 'ਚੋਂ | 88 |

# ਤਤਕਰਾ


| | | |
|---|---|---|
| | ਬਿਰਤਾਂਤ-ਵਿਸਥਾਰ | 6 |
| 1 | ਪਿਛੋਕੜ | 9 |
| 2 | ਰਾਜਸੀ ਪਿੜ ਵਿੱਚ | 18 |
| 3 | ਭਗਵਤੀ ਚਰਨ 'ਤੇ ਪੁਲਿਸ ਮੁਖ਼ਬਰ ਹੋਣ ਦਾ ਦੋਸ਼ | 25 |
| 4 | ਨਵੀਂ ਪਾਰਟੀ ਮੈਦਾਨ ਵਿੱਚ | 32 |
| 5 | ਭਗਵਤੀ ਦੀਆਂ ਸਰਗਮੀਆਂ | 40 |
| 6 | ਆਜ਼ਾਦ ਨਾਲ ਮੇਲ | 48 |
| 7 | ਭਗਵਤੀ ਦੀ ਸ਼ਹਾਦਤ | 60 |
| 8 | ਅਜਿੱਤ ਦੁਰਗਾ | 72 |
| 9 | ਫ਼ਰਾਰੀ ਤੇ ਗ੍ਰਿਫ਼ਤਾਰੀ | 82 |
| 10 | ਯਾਦ ਪਟਾਰੀ 'ਚੋਂ | 88 |

# ਬਿਰਤਾਂਤ-ਵਿਸਥਾਰ

| | | | |
|---|---|---|---|
| 1 | ਭਗਵਤੀ ਚਰਨ ਦਾ ਜਨਮ | : | 15 ਨਵੰਬਰ 1903 |
| 2 | ਦੁਰਗਾ 'ਭਾਬੀ' ਦਾ ਜਨਮ | : | 7 ਅਕਤੂਬਰ 1907 |
| 3 | ਸ਼ਾਦੀ | : | 1918 |
| 4 | 'ਰਾਏ ਸਾਹਿਬ' ਦਾ ਸਮਾਰੋਹ | : | 1919 |
| 5 | ਐਚ.ਆਰ.ਏ. ਬਣੀ | : | 1922-23 |
| 6 | ਦੇਹਰਾਦੂਨ ਸੰਮੇਲਨ | : | 1924 |
| 7 | 'ਦੀ ਰੈਵੋਲਿਊਸ਼ਨਰੀ' (ਪੀਲਾ ਪਰਚਾ) | : | ਜਨਵਰੀ 1925 |
| 8 | ਸ਼ਚੀ ਦਾ ਜਨਮ | : | 3 ਦਸੰਬਰ 1925 |
| 9 | ਨੌਜਵਾਨ ਭਾਰਤ ਸਭਾ ਬਣੀ | : | ਮਾਰਚ 1926 |
| 10 | 'ਭਾਬੀ' ਵੱਲੋਂ ਪ੍ਰਭਾਕਰ ਪਾਸ ਕਰਨਾ | : | 1926 |
| 11 | ਪੰਜਾਬ 'ਚ ਚੋਣਾਂ | : | 1926 |
| 12 | ਸੁਸ਼ੀਲਾ 'ਦੀਦੀ' ਨਾਲ ਸੰਪਰਕ | : | 1926 |
| 13 | ਸਟੂਡੈਂਟਸ ਯੂਨੀਅਨ ਦਾ ਗਠਨ | : | 1927 |
| 14 | ਅੰਮ੍ਰਿਤਸਰ 'ਚ ਨੌਜਵਾਨ ਸਭਾ ਦੀ ਪਹਿਲੀ ਕਾਨਫਰੰਸ | : | 13-14 ਅਪ੍ਰੈਲ 1928 |
| 15 | ਸਭਾ ਦੇ ਮੈਨੀਫੈਸਟੋ ਜਾਰੀ ਹੋਣਾ | : | 13-14 ਅਪ੍ਰੈਲ 1928 |
| 16 | ਭਗਵਤੀ ਸ਼ਕ ਦੇ ਘੇਰ 'ਚ | : | ਜੁਲਾਈ 1928-ਅਕਤੂਬਰ 1929 |
| 17 | ਐਚ.ਐਸ.ਆਰ.ਏ. ਬਣੀ | : | 8-9 ਸਤੰਬਰ 1928 |
| 18 | ਸਾਈਮਨ ਕਮਿਸ਼ਨ ਦੀ ਲਾਹੌਰ ਯਾਤਰਾ | : | 30 ਅਕਤੂਬਰ 1928 |
| 19 | ਲਾਲਾ ਲਾਜਪਤ ਰਾਏ ਦੀ ਮੌਤ | : | 17 ਨਵੰਬਰ 1928 |

20 ਸਾਂਡਰਸ ਦਾ ਕਤਲ : 17 ਦਸੰਬਰ 1928

21 'ਭਾਬੀ' ਦੀ ਮਦਦ ਨਾਲ ਭਗਤ ਸਿੰਘ
ਅਤੇ ਰਾਜਗੁਰੂ ਨੂੰ ਲਾਹੌਰ ਤੋਂ ਬਾਹਰ
ਕੱਢਣਾ : 20 ਦਸੰਬਰ 1928

22 ਭਗਵਤੀ ਚਰਨ ਦਾ ਕਸ਼ਮੀਰ
ਬਿਲਡਿੰਗ ਨੂੰ ਕਿਰਾਏ ਤੇ ਲੈਣਾ : 16 ਮਾਰਚ 1929

23 ਭਗਤ ਸਿੰਘ ਨਾਲ ਦਿੱਲੀ ਵਿਖੇ
ਮੁਲਾਕਾਤ (ਅਸੈਂਬਲੀ ਵਿੱਚ ਬੰਬ
ਸੁੱਟਣ ਤੋਂ ਬਿਲਕੁਲ ਪਹਿਲਾਂ) : 8 ਅਪ੍ਰੈਲ 1929

24 ਲਾਹੌਰ ਦੀ ਬੰਬ ਫੈਕਟਰੀ 'ਚ ਪੁਲਿਸ ਦਾ
ਛਾਪ _ ਸੁਖ ਦੇਵ, ਕਿਸ਼ੋਰੀ ਲਾਲ
ਅਤੇ ਜੈ ਗੋਪਾਲ ਦੀ ਗ੍ਰਿਫ਼ਤਾਰੀ : 15 ਅਪ੍ਰੈਲ 1929

25 ਲਾਹੌਰ ਸਾਜਿਸ਼ ਕੇਸ ਦੇ ਸੰਬੰਧ
ਭਗਵਤੀ ਦੇ ਵਾਰੰਟ ਜਾਰੀ : ਜੁਲਾਈ 1929

26 ਅਹਮਦਗੜ੍ਹ ਡਕੈਤੀ : 15 ਅਕਤੂਬਰ 1929

27 ਵਾਇਸਰਾਏ ਦੀ ਟ੍ਰੇਨ ਨੂੰ ਬੰਬ
ਨਾਲ ਉਡਾਉਣ ਦਾ ਜਤਨ : 23 ਅਕਤੂਬਰ 1929

28 ਆਜ਼ਾਦ ਨਾਲ ਮਿਲਨ : ਨਵੰਬਰ 1929

29 ਲਾਹੌਰ ਵਿੱਚ ਕਾਂਗਰਸ ਸੈਸ਼ਨ ਵਿੱਚ
ਐਚ.ਐਸ.ਆਰ.ਏ. ਦੇ ਮੈਨੀਫੈਸਟੋ
ਦਾ ਸੰਚਾਰ : 25 ਦਸੰਬਰ 1929

30 'ਬੰਬ ਦੀ ਫਿਲਾਸਫੀ' ਜਾਰੀ : 26 ਜਨਵਰੀ 1930

31 ਜਲਗਾਂਉਂ ਗੋਲੀ ਕਾਂਡ : 1 ਫਰਵਰੀ 1930

32 ਭਗਵਤੀ ਭਾਈ ਦੀ ਸ਼ਹੀਦੀ : 28 ਮਈ 1930

33 ਭਗਤ ਸਿੰਘ ਅਤੇ ਦੱਤ ਨੂੰ ਛੁਡਾਉਣ
ਦੀ ਕੋਸ਼ਿਸ਼ : 1 ਜੂਨ 1930

34 ਲਾਹੌਰ ਦੇ ਬੰਗਲੇ ਵਿੱਚ ਸਵੇਰ ਦੇ
ਲੱਗਭਗ ਸਾਢੇ ਚਾਰ ਵਜੇ ਬੰਬ ਵਿਸਫੋਟ : 2 ਜੂਨ 1930

35 ਭਗਤ ਸਿੰਘ, ਰਾਜਗੁਰੂ ਅਤੇ ਸੁਖ ਦੇਵ
ਨੂੰ ਫਾਂਸੀ ਦੀ ਸਜ਼ਾ : 7 ਅਕਤੂਬਰ 1930

36 ਬੰਬਈ ਵਿੱਚ ਲੇਮਿੰਗਟਨ ਰੋਡ ਉਤੇ ਸਥਿਤ
ਪੁਲਿਸ ਚੌਕੀ ਉਤੇ ਧਾਵਾ : 9 ਅਕਤੂਬਰ 1930

37 ਭਗਵਤੀ ਚਰਨ ਦੀ ਮੌਤ
ਨਸ਼ਰ ਹੋਈ : 4 ਜਨਵਰੀ 1931

38 ਆਜ਼ਾਦ ਦੀ ਸ਼ਹੀਦੀ : 27 ਫਰਵਰੀ 1931

39 ਦੁਰਗਾ 'ਭਾਬੀ' ਦਾ ਆਤਮ ਸਮਰਪਣ : 14 ਸਤੰਬਰ 1932

40 ਦੁਰਗਾ 'ਭਾਬੀ' ਦਾ ਦੇਹਾਂਤ : 15 ਅਕਤੁਬਰ 1999

41 ਸ਼ਚੀ ਦਾ ਦੇਹਾਂਤ : 29 ਸਤੰਬਰ 2005

1

# ਪਿਛੋਕੜ

ਜਿਵੇਂ ਦੁਰਗਾ 'ਭਾਬੀ' ਨੇ ਦਸਿਐ, ''ਸਾਡੇ ਦੋਹਾਂ ਜੀਆਂ ਦੇ ਵਡੇਰੇ ਗੁਜਰਾਤੀ ਬ੍ਰਾਹਮਣ ਸਨ, ਜਿਨ੍ਹਾਂ ਦੇ ਪੁਰਖੇ ਪੀੜ੍ਹੀ ਦਰ ਪੀੜ੍ਹੀ ਆਗਰਾ ਵਿੱਚ ਰਹਿੰਦੇ ਆ ਰਹੇ ਸੀ, ਜਿੱਥੇ ਇਹ ਇੱਕ ਵੱਖਰੇ, ਬਾਲਿਕਾ ਨਾਮੀ ਮੁਹੱਲੇ ਵਿੱਚ ਰਹਿੰਦੇ ਸਨ: ਵੈਸੇ ਉਹਨਾਂ ਨੇ ਮੁਕਾਮੀ ਭਾਸ਼ਾ ਅਤੇ ਸਭਿਆਚਾਰ ਅਪਣਾ ਲਿਆ ਹੋਇਆ ਸੀ। ਮਗਰੋਂ ਭਗਵਤੀ ਦੇ ਪਿਤਾ ਸ੍ਰੀ ਸ਼ਿਵ ਚਰਨ ਲਾਹੌਰ ਆ ਗਏ ਸਨ, ਜਿਥੇ ਉਹ ਹੋਰ ਗੁਜਰਾਤੀ ਬਰਾਦਰੀ ਨਾਲ ਰਚ-ਮਿਚ ਗਏ ਸੀ। ਉਹ ਰੇਲ ਮਹਿਕਮੇ ਦੇ ਉੱਚ ਅਧਿਕਾਰੀ ਸਨ, ਤੇ ਸਰਕਾਰ ਨੇ ਉਨ੍ਹਾਂ ਦੀ ਵਫ਼ਾਦਾਰੀ ਕਰਕੇ ਉਹਨਾਂ ਨੂੰ 'ਰਾਏ ਬਹਾਦਰ' ਦੇ ਖਿਤਾਬ ਨਾਲ ਨਿਵਾਜਿਆ ਸੀ।

ਭਗਵਤੀ ਦਾ ਜਨਮ ਹੋਇਆ ਸੀ ਲਾਹੌਰ 'ਚ 15 ਨਵੰਬਰ 1903 ਨੂੰ। ਉਹਨਾਂ ਦੀ ਗੋਤ ਤਾਂ ਨਾਗਰ ਸੀ, ਪਰ ਕਿਉਂਕਿ ਉਹਨਾਂ ਦੇ ਵਡੇਰੇ ਕਰਜ਼ੇ ਦੇਣ ਲੈਣ ਦਾ ਵਿਹਾਰ ਕਰਦੇ ਸਨ, ਜੋ ਕਿ ਗੁਜਰਾਤ ਵਿੱਚ ਬੋਹਰਾ ਜਾਤੀ ਵਾਲਿਆਂ ਦਾ ਰਵਾਇਤੀ ਧੰਦਾ ਸੀ, ਇਸ ਲਈ ਇਹ ਪਰਿਵਾਰ ਬੋਹਰਾ ਜਾਂ ਵੋਹਰਾ ਕਹਾਉਂਦਾ ਆ ਰਿਹਾ ਸੀ।

ਜਦੋਂ 1919 'ਚ ਭਗਵਤੀ ਦੇ ਪਿਤਾ ਨੂੰ 'ਰਾਏ ਬਹਾਦਰ' ਦੇ ਖਿਤਾਬ ਨਾਲ ਨਿਵਾਜਿਆ ਗਿਆ ਤਾਂ ਉਹਨਾਂ ਨੇ ਬੜੀ ਸ਼ਾਨਦਾਰ ਪਾਰਟੀ ਕੀਤੀ ਜਿਸ 'ਚ ਪ੍ਰਚਲਤ 'ਲਛਮਣ ਰੇਖਾ' ਉਲੰਘ ਕੇ ਵੱਡੇ-ਵੱਡੇ ਗੋਰੇ ਅਫ਼ਸਰ ਵੀ ਸ਼ਾਮਲ ਹੋਏ ਸਨ। ਘਰ ਦਾ ਮੋਕਲਾ ਵਿਹੜਾ ਸਜਾਉਣ ਦਾ ਆਹਰ ਸਵੇਰੇ ਤੋਂ ਲੈ ਕੇ ਸ਼ਾਮ ਤੱਕ ਚਲਦਾ ਰਿਹਾ ਤੇ ਰਾਤੀਂ ਪਾਰਟੀ ਵੇਲੇ ਬਿਜਲੀਆਂ ਦੀ ਚਕਾ-ਚਕੌਂਦ, ਆਂਢ-ਗੁਆਂਢ ਲਈ ਵੀ ਅਨੋਖਾ ਨਜ਼ਾਰਾ ਸੀ, ਪਰ 'ਸਾਹਿਬਜ਼ਾਦੇ' ਨੂੰ ਇਹ ਸਭ ਹਜ਼ਮ ਨਹੀਂ ਸੀ ਹੋ ਰਿਹਾ ਤੇ ਉਹ ਚੁਪ ਚਾਪ ਪਤਨੀ ਦੇ ਕੰਨ ਵਿੱਚ ਇਹ ਦੱਸ ਕੇ ਖਿਸਕ ਗਿਆ ਕਿ ਉਹ ਉਸ ਰਾਤੀਂ ਕਿਸੇ ਦੋਸਤ ਕੋਲ ਠਹਿਰੇਗਾ: ਉਸਨੇ ਇਸ ਮੁੱਦੇ ਤੇ ਬਾਹਰੀ ਤੌਰ ਤੇ ਕੁੱਝ ਕਿਹਾ ਤਾਂ ਨਹੀਂ, ਪਰ ਉਹ ਇਹ ਸੰਕੇਤ ਜ਼ਰੂਰ ਦੇ ਗਿਆ ਸੀ ਕਿ ਉਹ ਨੂੰ ਘਰ 'ਚ ਅਜੇਹੇ ਅਡੰਬਰ ਚੰਗੇ ਨਹੀਂ ਲਗਦੇ; ਅਜਿਹਾ ਉਹ ਕਿਸੇ ਕੌਮੀ ਜਜ਼ਬੇ ਅਧੀਨ ਤਾਂ ਸ਼ਾਇਦ ਨਹੀਂ ਕਰ ਰਿਹਾ ਹੋਵੇਗਾ, ਪਰ ਹੋ ਸਕਦੈ ਕਿ ਜਿਹੜੇ (ਸੈਂਟ੍ਰਲ ਮਾਡਲ) ਸਕੂਲ ਵਿੱਚ ਉਹਨੇ 1919 ਵਿੱਚ ਦਸਵੀਂ ਪਾਸ ਕੀਤੀ ਸੀ, ਉਥੋਂ ਦੇ ਅੰਗ੍ਰੇਜ਼ ਪ੍ਰਿੰਸੀਪਲ ਅਤੇ ਹੋਰ ਗੋਰੇ ਅਧਿਆਪਕਾਂ ਦੇ ਹੈਂਕੜ ਭਰੇ ਵਤੀਰੇ ਨੇ ਗੋਰੇ ਹਾਕਮਾਂ ਵਿਰੁੱਧ ਉਸਦਾ ਜੀਅ ਖੱਟਾ ਕਰ ਦਿੱਤਾ ਹੋਵੇ!

ਹਾਲਾਂਕਿ ਸਿੱਧੇ ਤੌਰ ਤੇ ਉਹਦੀ ਰਾਜਸੀ ਸਰਗਰਮੀਆਂ ਦੀ ਸ਼ੁਰੂਆਤ ਗਾਂਧੀ ਦੀ 1.8.1920 ਤੋਂ ਚਲੀ ਨਾ-ਮਿਲਵਰਤਨ ਲਹਿਰ ਨਾਲ ਹੀ ਹੋਈ ਸੀ, ਪਰ ਅਜਿਹਾ ਸੁਚੇਤ ਨੌਜਵਾਨ ਅਪ੍ਰੈਲ 1919 ਦੇ ਜਲਿਆਵਾਲੇ ਘਲੂਘਾਰੇ ਤੋਂ ਕਿਵੇਂ ਅਭਿਜ ਰਿਹਾ ਹੋਵੇਗਾ! ਖੈਰ! ਉਹਦੇ ਪਿਤਾ ਜੀ ਕੁੱਝ ਹੀ ਚਿਰ ਪਿਛੋਂ ਬੀਮਾਰ ਹੋ ਗਏ ਤੇ ਚੜ੍ਹਾਈ ਕਰ ਗਏ। ਇਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ ਕਿ ਪਿਤਾ ਨੇ ਬੇਟੇ ਦੀ ਉਕਤ ਅਵੱਗਿਆ ਦਾ ਕਿੰਨਾ ਕੁ ਬੁਰਾ ਮਨਾਇਆ ਹੋਵੇਗਾ, ਹਾਲਾਂਕਿ ਇਸ ਬਾਰੇ ਕੋਈ ਸ਼ੱਕ ਨਹੀਂ ਕਿ ਪਿਤਾ ਨੂੰ ਵੱਡੇ ਬੇਟੇ ਦੇ ਹੁੰਦਿਆਂ ਵੀ ਇਸ ਛੋਟੇ ਪੁੱਤਰ ਨਾਲ ਅਥਾਹ ਪਿਆਰ ਸੀ, ਉਹ ਇਸ ਲਈ ਕਿ ਉਹਨਾਂ ਦੀ ਸੁਪਤਨੀ ਦਾ ਇਸ ਪੁੱਤਰ ਦੇ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਦੇਹਾਂਤ ਹੋ ਗਿਆ ਸੀ; ਅਤੇ ਉਹ ਉਹਨੂੰ ਪਿਤਾ ਦੇ ਨਾਲ ਉਹਦੀ ਮਾਂ ਦੀ ਮਮਤਾ ਦੀ ਘਾਟ ਨੂੰ ਪੂਰਾ ਕਰਨਾ ਲੋਚਦੇ ਸੀ।

ਦੁਰਗਾ ਦੇਵੀ ਦਾ ਜਨਮ ਹੋਇਆ ਸੀ 7 ਅਕਤੂਬਰ 1907 ਨੂੰ ਅਲਾਹਾਬਾਦ ਦੇ ਭੱਟ ਗੋਤ ਦੇ ਬ੍ਰਾਹਮਣ ਪਰਿਵਾਰ ਵਿੱਚ, ਜਿੱਥੇ ਉਹਦੇ ਪਿਤਾ, ਸ਼੍ਰੀ ਬੰਕਾ ਬਿਹਾਰੀ ਸੈਸ਼ਨ ਜੱਜ ਸਨ। ਉਨ੍ਹਾਂ ਦੇ ਪੁਰਖੇ ਵੀ ਭਗਵਤੀ ਦੇ ਵਡੇਰਿਆਂ ਵਾਂਗ ਗੁਜਰਾਤ ਤੋਂ ਆਕੇ ਆਗਰਾ 'ਚ ਹੀ ਵਸੇ ਹੋਏ ਸਨ: ਪਿਤਾ ਨੌਕਰੀਓਂ ਰਿਟਾਇਰ ਹੋਕੇ ਅਲਾਹਾਬਾਦ ਜ਼ਿਲ੍ਹੇ ਦੀ ਭਰਤਾੜੀ ਤਹਿਸੀਲ 'ਚ ਸ਼ਹਿਜਾਦਪੁਰ ਰੇਲਵੇ ਸਟੇਸ਼ਨ ਨੇੜੇ ਕਾਫ਼ੀ ਜ਼ਮੀਨ ਖਰੀਦ ਕੇ ਉਥੇ ਰਹਿਣ ਲੱਗ ਪਏ ਸੀ ਤੇ ਪਿਛੋਂ ਜਾਕੇ ਦੁਰਗਾ ਵੀ ਉਹਨਾਂ ਨੂੰ ਉਥੇ ਹੀ ਜਾਕੇ ਮਿਲਿਆ ਕਰਦੀ ਸੀ, ਹਾਲਾਂਕਿ, ਉਨ੍ਹਾਂ ਦੇ ਬੇਟੇ ਸ਼ਚਿਨ ਅਨੁਸਾਰ, ਕਈ ਵਾਰੀ ਅਲਾਹਾਬਾਦ ਸ੍ਰੀ ਪ੍ਰੋਸ਼ਤਮ ਦਾਸ ਟੰਡਨ ਦੇ ਘਰ ਵੀ ਬਾਪ-ਬੇਟੀ ਮਿਲਿਆ ਕਰਦੇ ਸੀ, ਜਿਨ੍ਹਾਂ ਨਾਲ ਪਿਤਾ ਜੀ ਦੀ ਬਹੁਤ ਨੇੜਤਾ ਸੀ।

ਬਦ-ਕਿਸਮਤੀ ਨਾਲ ਦੁਰਗਾ ਦੇਵੀ ਦੀ ਮਾਤਾ, ਯਮੁਨਾ ਦੇਵੀ ਵੀ 1908 'ਚ, ਜਦੋਂ ਉਹ ਅਜੇ ਸਾਲ ਕੁ ਦੀ ਹੀ ਸੀ, ਅੰਤਮ ਵਿਛੋੜਾ ਦੇ ਗਈ। ਦੁਰਗਾ ਅਨੁਸਾਰ, ''ਮੈਂ ਅਜੇ ਉਦੋਂ 'ਮਾਂ' ਵੀ ਕਹਿ ਨਹੀਂ ਸਕਦੀ ਸੀ; ਤੇ ਉਸਨੂੰ 'ਪੱਮ' ਕਹਿਕੇ ਬੁਲਾਉਂਦੀ ਸੀ।'' ਉੱਧਰ ਪਿਤਾ ਦੇ ਦੂਸਰੀ ਸ਼ਾਦੀ ਕਰ ਲੈਣ ਤੇ ਬੱਚੀ ਦਾ ਪਾਲਣ-ਪੋਸ਼ਣ ਉਹਦੀ ਵਿਧਵਾ ਭੂਆ ਦੀ ਦੇਖ-ਰੇਖ 'ਚ ਹੋਇਆ ਸੀ, ਜੋ ਆਪਣੇ ਭਰਾ ਕੋਲ ਹੀ ਰਹਿੰਦੀ ਸੀ, ਪਰ ਉਹ ਸੀ ਬੜੀ ਡਾਢੀ ਤੇ ਬੇਕਿਰਕ। ਸਕੂਲੀ ਪੜ੍ਹਾਈ ਲਈ ਦੁਰਗਾ ਨੂੰ ਮਿਸ਼ਨ ਸਕੂਲ 'ਚ ਪਾਇਆ ਤਾਂ ਗਿਆ, ਪਰ ਜਦ ਉਹ ਅਜੇ ਤੀਜੀ ਜ਼ਮਾਤ 'ਚ ਹੀ ਸੀ ਕਿ ਭੂਆ ਨੇ ਇਸ ਲਈ ਪੜ੍ਹਨ ਤੋਂ ਹਟਾ ਲਿਆ ਕਿ ਕਿਸੇ ਨੇ ਉਹਦੇ ਕੰਨਾਂ ਤੋਂ ਕਾਂਟੇ ਲਾਹ ਲਏ, ਜਿਸ ਤੇ ਉਹਨੂੰ ਨਾਲੇ ਕੁਟਾਪਾ ਚਾੜ੍ਹਿਆ ਗਿਆ ਤੇ ਨਾਲੇ ਸਕੂਲ ਜਾਣੋ ਰੋਕ ਦਿੱਤਾ। ਸੋ ਕੁਲ ਮਿਲਾਕੇ ਉਹਦੀ ਸਕੂਲੀ ਪੜ੍ਹਾਈ ਮਾਮੂਲੀ ਹਿੰਦੀ ਪੜ੍ਹਨ-ਲਿਖਣ ਤੱਕ ਹੀ ਸੀਮਤ ਸੀ।

ਕਿਸੇ ਕਾਰਨ ਪਿਤਾ ਜੀ ਦੂਸਰੀ ਸ਼ਾਦੀ ਦੇ ਕੁਝ ਹੀ ਚਿਰ ਪਿਛੋਂ ਘਰੇਲੂ ਝਮੇਲਿਆਂ ਤੋਂ ਉਕਤਾ ਕੇ ਸੰਨਿਆਸੀ ਹੀ ਬਣ ਗਏ। ਪਿਤਾ ਜੀ ਬੇਟੀ ਨੂੰ ਡੂੰਘੀ ਧਾਰਮਿਕ ਸ਼ਰਧਾ ਅਧੀਨ 'ਜੈ ਦੁਰਗਾ' ਕਹਿੰਦੇ ਸੀ, ਕਿਉਂਕਿ ਅਲਾਹਾਬਾਦ 'ਚ ਉਹਨਾਂ ਦੇ ਗੁਆਂਢ 'ਚ ਦੁਰਗਾ ਮੰਦਰ ਸੀ, ਜੀਹਦੇ ਨਾਲ ਉਨ੍ਹਾਂ ਦਾ ਬਹੁਤ ਲਗਾਉ ਸੀ। ਆਚਾਰ ਪੱਖੋਂ ਉਹ ਹਰ ਤਰ੍ਹਾਂ ਤੇ ਲੋਭ-ਲਾਲਚ ਤੋਂ ਨਿਰਲੇਪ ਤੇ ਈਮਾਨਦਾਰ ਜੱਜ ਸਨ, ਤੇ ਘਰ ਦਾ ਮਾਹੌਲ ਪੂਰਨ ਰੂਪ ਵਿੱਚ ਅਧਿਆਤਮਕ ਸੀ।

ਮਈ 1918 'ਚ ਸ਼ਾਦੀ

ਹੈਰਾਨੀ ਵਾਲੀ ਗੱਲ ਹੈ ਕਿ ਐਨੇ ਪੜ੍ਹੇ-ਲਿਖੇ ਰੋਸ਼ਨ ਦਿਮਾਗ਼ ਮਾਪਿਆਂ ਨੇ ਮੁੰਡੇ-ਕੁੜੀ ਦਾ ਵਿਆਹ ਉਸ ਉਮਰੇ ਹੀ ਕਰ ਦਿੱਤਾ, ਜਦੋਂ ਉਹ ਕੇਵਲ ਸਾਢੇ ਚੌਦਾ ਅਤੇ ਸਾਢੇ ਗਿਆਰਾਂ ਵਰ੍ਹਿਆਂ ਦੇ ਸਨ; ਦੁਰਗਾ ਤਾਂ ਭਾਵੇਂ ਸਕੂਲ ਕਾਫ਼ੀ ਚਿਰ ਪਹਿਲਾਂ ਹੀ ਛੱਡ ਚੁਕੀ ਸੀ, ਪਰ ਮੁੰਡਾ (ਭਗਵਤੀ) ਅਜੇ ਨੌਂਵੀ-ਦਸਵੀਂ ਜਮਾਤ 'ਚ ਪੜ੍ਹ ਰਿਹਾ ਸੀ। ਦਰਅਸਲ ਰੂੜ੍ਹੀਵਾਦੀ ਸਨਾਤਨੀ ਸੰਸਕਾਰ ਦੋਹਾਂ ਪਰਿਵਾਰਾਂ ਤੇ ਐਨੇ ਭਾਰੂ ਸਨ ਕਿ ਉਹਨਾਂ ਨੇ ਅਜੇਹਾ ਕਰਦਿਆਂ ਰਤੀ ਜਿੰਨੀ ਵੀ ਝਿਜਕ ਮਹਿਸੂਸ ਨਹੀਂ ਕੀਤੀ ਜਾਪਦੀ।

ਆਉਣ ਵਾਲੇ ਸਮੇਂ ਵਿੱਚ ਇਸ ਜੋੜੀ ਦੇ ਲਾਲ-ਮਿਸਾਲ ਜੋੜੇ ਵਜੋਂ ਵਿਚਰਣ ਤੇ ਆਪਸੀ ਸੂਝ-ਬੂਝ ਦੀਆਂ ਸ਼ਿਖ਼ਰਾਂ ਛੋਹਣ ਦਾ ਉਸ ਵੇਲੇ ਕੌਣ ਕਿਆਸ ਕਰ ਸਕਦਾ ਸੀ; ਬਲਕਿ ਸ਼ਚਿੰਦਰ ਸਾਨਿਆਲ ਵਰਗੇ ਪਰੋੜ ਇਨਕਲਾਬੀ ਵਲੋਂ ਭਗਤ ਸਿੰਘ ਵਰਗਿਆਂ ਨੂੰ ਦਿੱਤੀ ਇੱਕ ਟੁਕ ਰਾਏ ਕਿ ਵਿਆਹ ਕਰਾਕੇ ਕੋਈ ਵੀ ਵਿਅਕਤੀ ਇਨਕਲਾਬੀ ਨਹੀਂ ਰਹਿ ਜਾਂਦਾ, ਨੂੰ ਉਲੰਘ ਕੇ ਲਹਿਰ ਦੀਆਂ ਪ੍ਰਾਪਤੀਆਂ ਵਿੱਚ ਨਿਵੇਕਲਾ ਤੇ ਅਤੀ ਲੋੜੀਂਦਾ ਯੋਗਦਾਨ ਪਾਇਆ, ਤੇ ਉਹ ਵੀ ਊਜਾਂ-ਸ਼ੰਕਿਆਂ ਦੇ ਮਕੜ ਜਾਲ ਵਿੱਚ ਨੂੜੇ ਹੋਏ ਹੋਣ ਦੇ ਬਾਵਜੂਦ!

ਸ਼ਾਦੀ ਵੇਲੇ ਦੁਰਗਾ ਦੇਵੀ ਕੁਲ ਮਿਲਾਕੇ 'ਰਾਮਾਇਣ', 'ਪ੍ਰੇਮ ਸਾਗਰ' ਦਾ ਪਾਠ ਭਾਵੇਂ ਕਰ ਸਕਦੀ ਹੋਵੇ, ਪਰ ਉਹ 'ਪੜ੍ਹੀ-ਲਿਖੀ' ਤਾਂ ਬਿਲਕੁਲ ਨਾ ਮਾਤਰ ਹੀ ਸੀ, ਮਗਰ ਵਾਰੇ ਜਾਈਏ ਉਹਦੇ ਪਤੀ ਦੇ, ਜੀਹਨੇ ਉਹਦੀ ਪੜ੍ਹਾਈ-ਲਿਖਾਈ ਨੂੰ ਨਿਰਵਿਘਨ ਜਾਰੀ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ, ਤੇ ਆਪ ਪੜ੍ਹਾਉਣ ਤੋਂ ਲੈ ਕੇ ਹਰ ਤਰ੍ਹਾਂ ਦੇ ਨਿਪੁੰਨ ਉਸਤਾਦ ਉਪਲਬਦ ਕਰਾਉਣਾ ਜਾਰੀ ਰੱਖਿਆ।

ਬੇਟੇ ਸ਼ਚੀ ਦਾ ਜਨਮ ਹੋਇਆ ਸੀ 3.12.1925 ਨੂੰ, ਪਰ ਮਾਂ ਦੀ ਪੜ੍ਹਾਈ ਬੇ-ਰੋਕ ਟੋਕ ਚਲਦੀ ਰਹੀ। ਅਜੇ ਉਹਦੀ ਰਾਜਸੀ ਸਰਗਮਰੀਆਂ ਵਿੱਚ ਕੋਈ ਸ਼ਮੂਲੀਅਤ ਨਹੀਂ ਸੀ ਸ਼ੁਰੂ ਹੋਈ ਤੇ ਉਹਨੇ ਹਿੰਮਤ ਕਰਕੇ, ਪਰਿਵਾਰਿਕ ਮਿੱਤਰ ਯਸ਼ਪਾਲ ਨਾਲ 1926 ਵਿੱਚ ਪੰਜਾਬ ਯੂਨੀਵਰਸਿਟੀ ਤੋਂ ਹਿੰਦੀ-ਪ੍ਰਭਾਕਰ ਦਾ ਇਮਤਿਹਾਨ ਪਾਸ ਕਰ ਲਿਆ ਸੀ, ਤੇ ਛੇਤੀ ਹੀ ਕੰਨਿਆ ਮਹਾਵਿਦਿਆਲਿਆ ਵਿੱਚ ਹਿੰਦੀ ਦੀ ਅਧਿਆਪਕ ਲੱਗ ਗਈ ਸੀ, ਜਿੱਥੇ ਉਹ ਮਈ-ਜੂਨ 1930 ਤੱਕ ਪੜ੍ਹਾਉਂਦੀ ਰਹੀ, ਜਦੋਂ ਕਿ ਉਹਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋ ਗਏ ਸਨ। ਮੈਟ੍ਰਿਕ ਦਾ ਇਮਤਿਹਾਨ ਤਾਂ ਉਹਨੇ ਕਾਫ਼ੀ ਪਛੜ ਕੇ 1934 ਵਿੱਚ ਆਪਣੀ ਰਿਹਾਈ ਪਿਛੋਂ ਉਸੇ ਸੰਸਥਾ ਭਾਵ ਕੰਨਿਆ ਮਹਾਂਵਿਦਿਆਲਿਆ ਤੋਂ ਪਾਸ ਕੀਤਾ ਸੀ।

ਭਗਵਤੀ ਦੇ ਪਿਤਾ ਜੀ ਦੇ ਦੇਹਾਂਤ ਪਿਛੋਂ ਦੋਹਾਂ ਭਰਾਵਾਂ 'ਚ ਜਾਇਦਾਦ ਦੀ ਵੰਡ ਮੌਕੇ ਵੱਡੇ ਭਰਾ ਨੇ ਚੰਗੇ ਮਕਾਨ ਆਪਣੇ ਪੇਟੇ ਪਾ ਲਏ ਤੇ ਰਹਿੰਦ-ਖੂੰਦ ਛੋਟੇ ਭਰਾ ਲਈ ਛੱਡ ਦਿੱਤੀ: ਤਿੰਨ ਮਕਾਨ ਜੋ ਭਗਵਤੀ ਦੇ ਹਿੱਸੇ ਆਏ, ਉਹਨਾਂ ਵਿੱਚੋਂ ਇੱਕ ਮਕਾਨ ਵਿੱਚ ਉਹ ਆਪ ਰਹਿਣ ਲੱਗੇ ਤੇ ਬਾਕੀ ਦੋਵੇਂ ਮਕਾਨ ਕਿਰਾਏ ਤੇ ਚਾੜ੍ਹ ਦਿੱਤੇ; ਹੁਣ ਇਨ੍ਹਾਂ ਤੇ ਕੋਈ ਰੋਕ-ਟੋਕ ਨਹੀਂ ਸੀ ਤੇ ਘਰ 'ਚ ਹਰ ਵੇਲੇ ਯਾਰਾਂ-ਬੇਲੀਆਂ ਦਾ ਝੁਰਮੱਟ ਲੱਗਾ ਰਹਿੰਦਾ; ਸੋ ਇਹ ਘਰ 'ਮਹਿਮਾਨ ਖਾਨਾ' ਹੀ ਬਣ ਗਿਆ _ ਖੁਲ੍ਹਾ ਪੈਸਾ, ਵੱਡਾ ਜਿਗਰਾ, ਸੁਸ਼ੀਲ ਘਰ ਵਾਲੀ, ਬੱਸ, ਸਾਰਾ ਦਿਨ ਭਾਂਤਿ-ਭਾਂਤਿ ਦੇ ਲੋਕਾਂ ਦੀ ਆਵਾ-ਜਾਈ ਬਣੀ ਹੀ ਰਹਿੰਦੀ _ ਪੰਡਤ ਜੀ ਵੀ ਆਉਂਦੇ ਤੇ ਮੁਲਾ ਜੀ ਵੀ, ਕਲਾਕਾਰ ਅਤੇ ਸੰਗੀਤਕਾਰ ਵੀ ਆਉਂਦੇ-ਜਾਂਦੇ ਰਹਿੰਦੇ ਸੀ। ਭਗਵਤੀ ਨੇ 'ਭਾਬੀ' ਦੀ ਪੜ੍ਹਾਈ ਲਈ ਅੰਗ੍ਰੇਜ਼ੀ, ਸੰਸਕ੍ਰਿਤ ਤੇ ਸੰਗੀਤ ਦੇ ਟਿਊਟਰ ਵੀ ਰੱਖੇ ਹੋਏ ਸਨ। ਇਨ੍ਹਾਂ 'ਚੋਂ ਲੁਧਿਆਣਾ ਜਿਲ੍ਹੇ ਤੋਂ ਇੱਕ ਨੌਜਵਾਨ ਅੰਗ੍ਰੇਜ਼ੀ ਪੜ੍ਹਾਉਣ ਆਉਂਦਾ ਸੀ, ਜੋ ਅੰਗ੍ਰੇਜ਼ੀ ਦਾ ਮਾਹਿਰ ਸੀ, ਉਹਦਾ ਨਾਂ ਸੀ ਹਰਬੰਸ ਲਾਲ ਸ਼ਰਮਾ, ਜੀਹਦੇ ਘਰ ਕਦੇ-ਕਦਾਈਂ ਦੁਰਗਾ 'ਭਾਬੀ' ਫ਼ਰਾਰ ਸਾਥੀਆਂ ਨੂੰ ਵੀ ਠਹਿਰਾਇਆ ਕਰਦੀ। ਵੰਡ ਪਿੱਛੋਂ ਉਹ ਚੰਡੀਗੜ੍ਹ ਆ ਗਿਆ ਸੀ।

ਇਸ ਸਭ ਕਾਸੇ ਦਾ ਮੰਤਵ ਇਹ ਵੀ ਸੀ, ਖੁਫ਼ੀਆਂ ਪੁਲਿਸ ਦੀਆਂ ਅੱਖਾਂ 'ਚ ਘੱਟਾ ਪਾਉਣਾ; ਨੌਜਵਾਨ ਇੱਥੇ ਸਾਹਿਤ ਕਲਾ, ਰਾਜਨੀਤੀ ਇਤਿਹਾਸ ਤੇ ਚਲੰਤ ਮੁੱਦਿਆਂ ਤੇ ਘੰਟਿਆਂ ਬੱਧੀ ਚੁੰਝ-ਚਰਚਾ ਕਰਦੇ ਤੇ ਦੁਰਗਾ ਜੀ ਦੀ ਲਗਨ ਤੇ ਪਰਾਹੁਣਚਾਰੀ ਸਦਕਾ ਲੰਗਰ ਵੀ ਚਲਦਾ ਈ ਰਹਿੰਦਾ।

ਭਗਵਰੀ ਸੁਭਾਵਕ ਹੀ 'ਸੱਖੀ-ਦਾਤਾ' ਸਨ, ਜਿਹੜਾ ਕੋਈ ਕੁੱਝ ਮੰਗੇ, ਨਾਂਹ ਨਹੀਂ ਕਰਨੀ _ ਭਾਵੇਂ ਉਹਨਾਂ ਦੀ ਕੋਈ ਮਨਪਸੰਦ ਕਿਤਾਬ ਹੀ ਕਿਉਂ ਨਾ ਹੋਵੇ _ ਕਈ ਲੋਕਾਂ ਨੇ ਉਹਨਾਂ ਦੀ ਇਸ ਖੁਲ੍ਹ-ਦਿਲੀ ਦਾ ਨਾਜਾਇਜ਼ ਫਾਇਦਾ ਵੀ ਉਠਾਇਆ, ਪਰ ਉਹਨਾਂ ਨੂੰ 'ਕੋਈ ਫ਼ਰਕ ਪੈਂਦਾ ਈ ਨਹੀਂ ਸੀ'।

1921 ਦੌਰਾਨ ਕਾਂਗਰੇਸ ਵਲੋਂ ਸਰਕਾਰੀ ਤੇ ਸਰਕਾਰੀ ਮਾਨਤਾ ਪ੍ਰਾਪਤ ਸਕੂਲਾਂ-ਕਾਲਜਾਂ ਦੇ ਬਾਈਕਾਟ ਦੇ ਸੱਦੇ ਦੇ ਨਾਲੋਂ ਨਾਲ ਹੀ ਨੈਸ਼ਨਲ ਸਕੂਲ ਕਾਲਜ ਖੋਲ੍ਹ ਦਿੱਤੇ ਗਏ, ਜਿਨ੍ਹਾਂ ਦਾ ਮਾਹੌਲ ਦੇਸ਼ ਭਗਤੀ ਵਾਲਾ ਸੀ, ਸੋ ਭਗਵਤੀ, ਭਗਤ ਸਿੰਘ, ਸੁਖ ਦੇਵ, ਯਸ਼ਪਾਲ, ਧਨਵੰਤਰੀ ਸਮੇਤ ਇਸ ਸਾਰੇ ਨੈਸ਼ਨਲ ਕਾਲਜ ਲਾਹੌਰ 'ਚ ਦਾਖ਼ਲ ਹੋ ਗਏ। ਉਧਰੋਂ ਗਾਂਧੀ ਜੀ ਵਲੋਂ ਨਾ-ਮਿਲਵਰਤਨ ਅੰਦੋਲਨ ਨੂੰ ਅਚਣਚੇਤ ਵਾਪਸ ਲਏ ਜਾਣ ਤੇ ਇਹ ਸਾਰੇ ਉਧਰੋਂ ਨਿਰਾਸ਼ ਹੋਕੇ ਨਵੀਆਂ ਰਾਹਾਂ ਟੋਲਣ ਲਗੇ ਤੇ 1922-23 ਦੌਰਾਨ ਇਹ ਨਵੀਂ ਕਾਇਮ ਹੋਈ ਜੱਥੇਬੰਦੀ ਐਚ.ਆਰ.ਏ. ਨਾਲ ਜੁੜ ਗਏ। ਕਰਦਿਆਂ-ਕਰਾਂਦਿਆਂ ਮਾਰਚ 1926 ਵਿੱਚ ਨੌਜਵਾਨ ਭਾਰਤ ਸਭਾ ਕਾਇਮ ਕੀਤੀ ਗਈ, ਜੀਹਦਾ ਮਕਸਦ ਨੌਜਵਾਨਾਂ ਵਿੱਚ ਸਮਾਜਿਕ-ਰਾਜਸੀ ਰੁਚੀਆਂ ਉਜਾਗਰ ਕਰਨਾ ਸੀ।

ਭਗਤ ਸਿੰਘ ਬਾਰੇ ਦੁਰਗਾ ਜੀ ਕਹਿੰਦੇ ਨੇ ਕਿ ਵੈਸੇ ਮੈਂ ਬਹੁਤ ਕੁੱਝ ਦਸ ਨਹੀਂ ਸਕਦੀ... ਸ਼ਾਇਦ ਮੇਰਾ ਬੇਟਾ ਜਾ ਸਕਾ ਭਰਾ ਵੀ ਮੈਨੂੰ ਐਨਾ ਪਿਆਰਾ ਨਹੀਂ ਹੋ ਸੀ ਜਿੰਨਾ ਕਿ ਉਹ ਸੀ। ਉਹ ਦੇ ਪਿਤਾ ਸ. ਕਿਸ਼ਨ ਸਿੰਘ ਵੀ ਮੈਨੂੰ ਆਪਣੀਆਂ ਬੇਟੀਆਂ ਵਾਂਗ ਹੀ ਸਮਝਦੇ ਸਨ। ਉਹਦੇ ਮਾਤਾ ਜੀ ਜਦੋਂ ਉਹ 1974 'ਚ ਲਖਨਊ ਤੋਂ ਗੱਡੀ 'ਚ ਲੰਘ ਰਹੇ ਸੀ, ਤਾਂ ਮੈਨੂੰ ਕਦੇ ਨਾ ਭੁਲਣ ਵਾਲਾ ਪਛਤਾਵਾ ਰਿਹੈ ਕਿ ਮੈਂ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਤੇ ਮਿਲਣ ਲਈ ਨਹੀਂ ਪਹੁੰਚ ਸਕੀ ਸੀ ਤੇ ਪਿਛੋਂ ਉਨ੍ਹਾਂ ਨੇ ਆਪਣੇ ਪਟਨਾ ਵਾਲੇ ਠਿਕਾਣੇ ਤੋਂ ਮੇਰੇ ਨਾਲ ਫੋਨ ਤੇ ਗੱਲਬਾਤ ਕੀਤੀ। ਉਨ੍ਹਾਂ ਦਾ ਗੱਚ ਐਨਾ ਭਰਿਆ ਹੋਇਆ ਸੀ ਕਿ ਉਨ੍ਹਾਂ ਕੋਲੋਂ ਬੋਲਿਆ ਨਹੀਂ ਸੀ ਜਾ ਰਿਹਾ, ਇਹ ਇੱਕ ਅਜਿਹਾ ਅਨੁਭਵ ਹੈ ਜੀਹਦਾ ਵਰਣਨ ਮੇਰੇ ਵੱਸ ਤੋਂ ਬਾਹਰ ਹੈ। ਮੈਨੂੰ ਦੁੱਖ ਹੈ ਕਿ ਉਨ੍ਹਾਂ ਦੇ ਸਦੀਵੀ ਵਿਛੋੜੇ ਵੇਲੇ ਵੀ ਮੈਂ ਖ਼ਟਕੜ ਕਲਾਂ ਪਹੁੰਚ ਨਹੀਂ ਸੀ ਸਕੀ, ਕਿਉਂਕਿ ਉਹਨੀਂ ਦਿਨੀਂ ਮੇਰੀ ਅੱਖ ਦਾ ਆਪਰੇਸ਼ਨ ਹੋਇਆ ਸੀ। ...ਉਸ ਪਰਿਵਾਰ ਨਾਲ ਮੇਰੀ ਸਾਂਝ ਮੇਰੇ ਮਨ-ਮਸਤਕ ਦਾ ਅਜੇ ਤੱਕ ਵੀ ਸ਼ਿੰਗਾਰ ਹੈ।

''ਮੇਰੀ ਭਗਤ ਸਿੰਘ ਨਾਲ ਸਾਂਝ 1921 'ਚ ਸ਼ੁਰੂ ਹੋਈ ਸੀ ਤੇ ਮੈਨੂੰ ਉਹਦਾ ਪਿੰਡੋਂ ਦੁੱਧ ਲਿਆਉਣ ਵਾਲਾ ਮੂੰਹ-ਮੁਹਾਂਦਰਾ ਅੱਜ ਤੱਕ ਵੀ ਨਹੀਂ ਭੁਲਿਆ। ਉਹਦੇ ਕਪੜੇ ਮੈਲੇ ਤੇ ਜੁਤੀ ਪਾਟੀ-ਪੁਰਾਣੀ ਹੁੰਦੀ ਅਤੇ ਜਦੋਂ ਉਹ ਪਹਿਲੀ ਵਾਰ ਮੈਨੂੰ ਮਿਲਿਆ ਸੀ ਤਾਂ ਖੱਦਰ ਦੀ ਢਿਲਕੀ ਹੋਈ ਉਹਦੀ ਪੱਗ, ਜੀਹਦਾ ਇੱਕ ਲੜ ਉਹਦੇ ਮੋਢੇ ਤੇ 'ਸੁਸ਼ੋਭਤ' ਸੀ; ਉਹਦੀ ਪਾਟੀ-ਪੁਰਾਣੀ ਮੋਟੇ ਚਮੜੇ ਦੀ ਦੇਸੀ ਜੁਤੀ ਤੇ ਕਈ 'ਪੈਚ' ਲਗੇ ਹੋਏ ਸਨ। ਬੇਸ਼ਕ ਇਹ ਸਾਰਾ ਕੁਝ ਉਹਦੀ 'ਗ਼ਰੀਬੀ' ਕਰਕੇ ਨਹੀਂ ਸੀ..., ਕੁੱਝ ਚੇਤੇ ਕਰਦਿਆਂ, ਮੈਂ ਹੈਰਾਨ ਹੋਏ ਬਗ਼ੈਰ ਨਹੀਂ ਰਹਿ ਸਕਦੀ ਕਿ ਵਾਕਈ ਇਹ 'ਉਹੋ ਭਗਤ ਸਿੰਘ ਹੀ ਸੀ' ਜੀਹਨੇ ਅੰਗ੍ਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸੀ।

''ਜਦ ਮੈਂ 8 ਅਪ੍ਰੈਲ 1929 ਨੂੰ ਸਵੇਰੇ ਦਿੱਲੀ 'ਚ ਆਪਣੇ ਪਤੀ, ਸੁਸ਼ੀਲਾ 'ਦੀਦੀ' ਸਮੇਤ ਸੁਖ ਦੇਵ ਦੀ ਹਾਜ਼ਰੀ ਵਿੱਚ ਉਸ ਨੂੰ ਮਿਲੀ ਸੀ ਜਿਸ ਮੌਕੇ ਕਿ ਉਹ ਜਾਨ ਦੀ ਬਾਜ਼ੀ ਲਾਕੇ ਅਸੈਂਬਲੀ 'ਚ ਧਮਾਕਾ ਕਰਨ ਜਾਣ ਹੀ ਵਾਲਾ ਸੀ ਤਾਂ ਵੀ ਉਹਦੇ ਹਾਵ-ਭਾਵ ਆਮ ਵਰਗੇ ਹੀ ਸਨ, ਤੇ ਕਿਸੇ ਤਰ੍ਹਾਂ ਦੀ ਚਿੰਤਾ ਜਾ ਸ਼ੰਕਾ ਰਤੀ ਭਰ ਵੀ ਨਹੀਂ ਸੀ...। ਆਖਿਰ ਫਾਂਸੀ ਦਾ ਰੱਸਾ ਚੁੰਮ ਕੇ ਹੀ ਉਹਦੇ ਸੁਪਨੇ ਦੀ ਪੂਰਤੀ ਹੋਈ ਤੇ ਸਾਰੀ ਕੌਮ ਓਹ ਤੇ ਵਾਰੇ ਜਾਂਦੀ ਹੈ।

ਲਾਹੌਰ ਦਾ ਮਾਹੌਲ ਚੇਤੇ ਕਰਦਿਆਂ ਦੁਰਗਾ ਜੀ ਨੇ ਸੂਤਰ ਮੰਡੀ, ਆਬਾਦੀ 'ਚ 'ਸਹਿਨਸ਼ਾਹੀ ਕੁਟੀਆ' ਦਾ ਜ਼ਿਕਰ ਕੀਤੈ, ''ਭਾਵੇਂ ਕਿ ਸ. ਕਿਸ਼ਨ ਸਿੰਘ ਇਹ ਟਿਕਾਣਾ ਆਪਣੇ ਬੀਮਾ ਕਾਰੋਬਾਰ ਦੇ ਦਫਤਰ ਵਜੋਂ ਵਰਤਦੇ ਸਨ ਪਰ ਇਹ ਭਗਤ ਸਿੰਘ ਦੀ ਯਾਰ ਮੰਡਲੀ ਦੀ ਮਨ-ਪਸੰਦ ਠਾਹਰ ਵੀ ਸੀ, ਜਿੱਥੇ ਲੰਮੀਆਂ ਬੈਠਕਾਂ ਚਲਦੀਆਂ ਰਹਿੰਦੀਆਂ; ਹੇਠਾਂ ਦਰੀ ਵਿੱਛੀ ਹੁੰਦੀ, ਦੋ-ਤਿੰਨ ਕੁਰਸੀਆਂ ਅਤੇ ਇੱਕ ਮੇਜ਼ ਇਸ ਕੁਟੀਆ ਦਾ ਸ਼ਿੰਗਾਰ ਸਨ, ਤੇ ਨੌਜਵਾਨ ਕਾਰਕੁਨਾਂ ਦਾ ਇੱਥੇ ਆਉਣ ਜਾਣ ਬਣਿਆ ਹੀ ਰਹਿੰਦਾ ਸੀ।

### ਸੁਸ਼ੀਲਾ 'ਦੀਦੀ' _ ਦੋ ਗੁਜਰਾਤੀਆਂ ਨਾਲ ਇੱਕ ਹੋਰ 'ਗੁਜਰਾਤਨ'

ਪਤਾ ਨਹੀਂ ਕਿ ਇਹ ਸੰਜੋਗ 'ਧੁਰੋਂ' ਲਿਖਿਆ ਹੋਇਆ ਸੀ ਜਾਂ ਹਾਲਾਤ ਦਾ ਗੇੜ ਕਿ ਭਗਵਤੀ 'ਭਾਈ' ਤੇ ਦੁਰਗਾ 'ਭਾਬੀ' ਨਾਲ ਇੱਕ ਮਿਕ ਹੋ ਗਈ ਸੁਸ਼ੀਲਾ 'ਦੀਦੀ' ਜਿਵੇਂ ਗੰਗਾ-ਜਮੁਨਾ ਦੇ ਸੰਗਮ ਤੇ ਸਰਸਵਤੀ ਆ ਮਿਲੀ ਹੋਵੇ! ਪਿਛਲ ਝਾਤ ਮਾਰਦਿਆਂ ਇਹ ਜ਼ਿਕਰ ਕਰਨਾ ਬੇਲੋੜਾ ਨਹੀਂ ਹੋਵੇਗਾ ਕਿ ਵੰਡ×ਵੰਡਾਰੇ ਤੋਂ ਪਹਿਲਾਂ ਪੰਜਾਬ 'ਚ 'ਗੁਜਰਾਤ' ਇੱਕ ਜ਼ਿਲ੍ਹੇ ਦਾ ਨਾਂ ਸੀ ਜੋ ਝਨਾ ਦਰਿਆ ਦੇ ਪਹਾੜ ਵਾਲੇ ਪਾਸੇ ਸਿਥਤ ਹੈ, ਤੇ ਇਸ ਲਈ ਦੋਹਾਂ ਗੁਜਰਾਤਾਂ ਦੇ ਵਖਰੇਵੇ ਨੂੰ ਦਰਸਾਉਣ ਲਈ ਦੂਰ-ਦਰਾਡੇ ਵਾਲੇ ਗੁਜਰਾਤ ਸੂਬਾ ਨੂੰ ਪੰਜਾਬ 'ਚ 'ਗੁਜਰਾਤ ਕਾਠੀਆਵਾੜ' ਕਿਹਾ ਕਰਦੇ ਸੀ। ਸੋ ਤੀਜੀ ਗੁਜਰਾਤੀ ਧਿਰ, 'ਓਸ' ਗੁਜਰਾਤ ਦੀ ਬਜਾਏ 'ਏਸ' ਗੁਜਰਾਤ ਦੀ ਸੀ। ਸੁਸ਼ੀਲਾ ਵੀ 'ਓਸੇ' ਮਿੱਟੀ ਦੀ ਬਣੀ ਹੋਈ ਹੋਣ ਸਦਕਾ ਵੋਹਰਾ ਪਰਿਵਾਰ ਦੇ ਅੰਗ-ਸੰਗ ਹੀ ਰਹੀ ਤੇ ਓਵੇਂ ਹੀ ਸੰਕਟ ਵੇਲੇ ਬਹੁੜਦੀ ਰਹੀ ਅਤੇ ਇਵੇਂ ਇਹ ਤ੍ਰੈ-ਮੂਰਤੀ, ਅਤੀ-ਸੰਕਟਮਈ ਮੌਕਿਆਂ ਤੇ ਪਾਰਟੀ ਦੀ ਲਾਜ ਰੱਖਣ ਦੇ ਮਾਮਲੇ 'ਚ ਪੇਸ਼-ਪੇਸ਼ ਰਹੀ ਸੀ।

ਸੁਸ਼ੀਲਾ ਦੇ ਪਰਿਵਾਰਿਕ ਸੰਸਕਾਰ, ਵੋਹਰਾ ਪਰਿਵਾਰ ਦੇ ਉਲਟ ਅਗਾਂਹ ਵਧੂ ਸਨ। ਇਹਦੇ ਪਿਤਾ, ਗੁਜਰਾਤ ਜ਼ਿਲ੍ਹੇ ਦੇ ਦੂਤੋ-ਚੂਹੜ ਪਿੰਡ ਤੋਂ ਡਾਕਟਰ ਕਰਮ ਚੰਦ, ਅੰਗ੍ਰੇਜ਼ੀ ਫ਼ੌਜ ਵਿੱਚ ਸਨ, ਜਿਥੋਂ ਉਹ 1927 'ਚ ਰਿਟਾਇਰ ਹੋਏ; ਪਰ, ਧੁਰ ਅੰਦਰੋਂ ਉਹ ਉਸ ਨੌਕਰੀ ਤੋਂ ਪਹਿਲੀ ਜੰਗ ਦੌਰਾਨ ਹੀ ਨਿਰਾਸ਼ ਹੋ ਚੁਕੇ ਹੋਏ ਸਨ, ਜਦੋਂ ਕਿ ਉਹ ਨੇ ਵਿਦੇਸ਼ੀ ਹਾਕਮਾਂ ਦੀ ਸ਼ੈਤਾਨੀ ਖੇਡ ਨੂੰ ਨੇੜਿਉ ਦੇਖਿਆ ਸੀ ਤੇ ਇਹ ਮਹਿਸੂਸ ਕੀਤਾ ਕਿ ਕਿਵੇਂ ਇਹਨਾਂ ਜ਼ਾਲਮਾਂ ਨੇ ਕੇਵਲ ਆਪਣੀ ਚੌਧਰ ਬਚਾਉਣ ਖ਼ਾਤਰ ਹਜ਼ਾਰਾਂ ਹਿੰਦੀ ਨੌਜਵਾਨਾਂ ਦੀਆਂ ਜਿੰਦਾ ਮਿੱਟੀ 'ਚ ਰੋਲ ਗੁਆਈਆਂ ਸਨ। ਕਾਫ਼ੀ ਸਮਾਂ ਪਹਿਲਾਂ ਤੋਂ ਹੀ ਉਹ ਕਾਂਗਰੇਸ ਦੇ ਗਰਮ ਦਲੀਏ ਨੇਤਾਂ ਬਾਲ ਗੰਗਾਧਰ ਤਿਲਕ ਦੇ ਉਪਾਸ਼ਕ ਚਲੇ ਆ ਰਹੇ ਸਨ।

ਵੱਡਾ ਹੰਭਲਾ ਪਿਤਾ ਨੇ ਇਹ ਮਾਰਿਆ ਕਿ ਬੱਚਿਆਂ ਨੂੰ ਸਰਕਾਰੀ ਜਾਂ ਨੀਮ ਸਰਕਾਰੀ ਸਕੂਲਾਂ-ਕਾਲਜਾਂ 'ਚ ਦਾਖਲ ਨਾ ਕਰਾਉਣ ਦਾ ਮਨ ਬਣਾ ਲਿਆ, ਜਿਸ ਕਰਕੇ ਬੇਟੀ ਦਾ ਵੋਹਰਾ ਪਰਿਵਾਰ ਨਾਲ ਮੇਲ ਹੋਇਆ ਸੀ। ਇਨ੍ਹਾਂ ਦੀ ਇੱਕ 'ਸਾਂਝ' ਹੋਰ ਸੀ, ਕਿ ਦੀਦੀ ਦੇ ਮਾਤਾ ਦਾ ਦੇਹਾਂਤ ਵੀ ਉਦੋਂ ਹੋ ਗਿਆ ਸੀ, ਜਦੋਂ ਸੁਸ਼ੀਲਾ, ਜੋ ਉਹਨਾਂ ਦੀ ਪਲੇਠੀ ਔਲਾਦ ਸੀ, ਅਜੇ ਛੋਟੀਆਂ ਜਮਾਤਾਂ 'ਚ ਹੀ ਸੀ ਤੇ ਇਸ ਨੂੰ ਆਪਣੇ ਛੋਟੇ ਭੈਣ-ਭਰਾਵਾਂ ਦੀ ਪਰਵਰਿਸ਼ ਲਈ ਮਾਂ ਦਾ ਰੋਲ ਵੀ ਨਿਭਾਉਣਾ ਪਿਆ। ਪਿਤਾ ਨੇ ਆਪਣੀ ਜ਼ਿੰਮੇਵਾਰੀ ਆਪਣੇ ਛੋਟੇ ਭਰਾ ਨੂੰ, ਜੋ ਉਨ੍ਹਾਂ ਵਾਂਗ ਹੀ ਡਾਕਟਰ ਸੀ ਤੇ ਨਾਲ ਲਗਦੇ ਸ਼ਹਿਰ ਗੁਜਰਾਂਵਾਲਾ 'ਚ ਰਹਿੰਦਾ ਸੀ, ਸੌਂਪ ਦਿੱਤੀ ❋ਲੇਖਕ ਦਾ ਜੱਦੀ-ਪਿੰਡ ਗੁਜਰਾਂਵਾਲਾ ਦੇ ਨਾਲ ਹੀ ਪੈਂਦਾ ਹੈ=। ਪਰ, ਕਿਉਂਕਿ ਇਹ ਬੱਚੇ ਅਜੇ ਨੈਸ਼ਨਲ ਸਕੂਲ 'ਚ ਦਾਖ਼ਲੇ ਦੇ ਯੋਗ ਨਹੀਂ ਸਨ, ਇਹਨਾਂ ਕੀ ਮੁੱਢਲੀ ਪੜ੍ਹਾਈ ਖੁਦ ਸੁਸ਼ੀਲਾ ਘਰ 'ਚ ਹੀ ਕਰਾਉਂਦੀ ਰਹੀ ਸੀ। ਜਦੋਂ ਇਹ ਨੈਸ਼ਨਲ ਸਕੂਲ ਦਾਖਲੇ ਯੋਗ ਹੋ ਗਏ ਤਾਂ ਇਹਨਾਂ ਨੂੰ ਲਾਹੌਰ ਨੈਸ਼ਨਲ ਸਕੂਲ 'ਚ ਪਾਕੇ ਆਪ 1921 'ਚ ਕੰਨਿਆ ਮਹਾਵਿਦਾਲਿਆ ਜਲੰਧਰ ਜਾ ਦਾਖ਼ਲ ਹੋਈ। ਇਸ ਕਾਲਜ 'ਚ ਉਹਨੇ 6 ਸਾਲ ਪੜ੍ਹਾਈ ਕੀਤੀ ਤੇ ਇਸ ਕੌਮੀ ਕਾਲਜ ਦੀ ਦੇਸ਼ ਭਗਤ ਪ੍ਰਿੰਸੀਪਲ, ਕੁਮਾਰੀ ਲਜਿਆਵੱਤੀ ਦੀ ਦੇਖ-ਰੇਖ ਹੇਠਾਂ ਇਹਦੀ ਸ਼ਖਸੀਅਤ ਦਾ ਵਿਕਾਸ ਹੋਇਆ। ਜਦੋਂ ਅਜੇ ਉਹ ਵਿਦਿਆਰਥੀ ਹੀ ਸੀ ਤਾਂ ਉਹ ਦੇਸ਼ਭਗਤੀ ਦੇ ਜੋਸ਼ੀਲੇ ਗੀਤ ਲਿਖਣ ਲੱਗ ਪਈ ਸੀ, ਜਿਨ੍ਹਾਂ ਵਿੱਚ ਲਾਲਾ ਲਾਜਪਤ ਰਾਏ ਦੀ ਗ੍ਰਿਫਤਾਰੀ ਤੇ ਰੋਅ ਵਜੋਂ ਲਿਖੀ ਕਵਿਤਾ ''ਗਿਆ ਵਿਆਹੁਣ ਆਜ਼ਾਦੀ ਲਾੜਾ ਭਾਰਤ ਦਾ'', ਛਪਵਾ ਕੇ ਵੰਡੀ ਗਈ ਤਾਂ ਇਹ 'ਹਿਟ' ਹੋ ਨਿਕਲੀ ਸੀ।

ਇਸੇ ਸੰਸਥਾ ਚੋਂ ਹੀ ਲੜਕੀਆਂ ਦੀ ਇੱਕ ਟੋਲੀ ਨੇ 1926 ਦੌਰਾਨ ਦੇਹਰਾਦੂਨ ਵਿਖੇ ਹਿੰਦੀ ਸਾਹਿਤ ਸੰਮੇਲਨ ਵਿੱਚ ਹਾਜ਼ਰੀ ਭਰੀ ਸੀ, ਜਿੱਥੇ ਪੰਜਾਬ ਤੋਂ ਭਗਤ ਸਿੰਘ, ਯਸ਼ਪਾਲ, ਭਗਵਤੀ ਚਰਨ ਤੇ ਦੁਰਗਾ 'ਭਾਬੀ' ਵਰਗੇ ਨੌਜਵਾਨ ਵੀ ਪਹੁੰਚੇ ਹੋਏ ਸੀ। ਇੱਥੇ ਹੀ ਪਹਿਲੀ ਵਾਰੀ 'ਦੀਦੀ' ਦਾ ਮੇਲ 'ਵੋਹਰਾ ਜੋੜੀ' ਨਾਲ ਹੋਇਆ ਸੀ, ਤੇ ਕਿਉਂਕਿ ਅਜੇ ਉਹਦੇ ਪਿਤਾ ਜੀ, ਅਜੇ ਫ਼ੌਜੀ ਨੌਕਰੀ ਵਿੱਚ ਸਨ, ਤੇ ਬੇਟੀ ਦੀਆਂ ਰਾਜਸੀ ਸਰਗਰਮੀਆਂ ਦੇ ਮੱਦੇ-ਨਜ਼ਰ ਛੁੱਟੀਆਂ ਦੌਰਾਨ ਸੁਸ਼ੀਲਾ ਉਹਨਾਂ ਕੋਲ ਜਾਣਾ ਉਚਿਤ ਨਹੀਂ ਸੀ; ਪ੍ਰਿੰਸੀਪਲ ਲਜਿਆਵੱਤੀ ਦੇ ਸੁਝਾਅ 'ਤੇ 'ਦੀਦੀ' ਨੇ ਛੁੱਟੀਆਂ ਵੋਹਰਾ ਪਰਿਵਾਰ ਨਾਲ ਹੀ ਬਿਤਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਇਸ ਤਰ੍ਹਾਂ ਆਪਸੀ ਰਿਸ਼ਤਿਆਂ ਦੀਆਂ ਤੰਦਾਂ ਪੀੜੀਆਂ-ਦਰ-

ਪੀੜੀਆਂ ਹੁੰਦੀਆਂ ਗਈਆਂ। ਪਿੱਛੋਂ ਜਾਕੇ 'ਦੀਦੀ' ਨੂੰ ਕਲਕੱਤੇ ਰਹਿੰਦੇ ਧਨਾਡ ਪੰਜਾਬੀ ਸੇਠ ਛੱਜੂ ਮੱਲ ਦੀ ਬੇਟੀ ਦੇ ਘਰੇਲੂ-ਅਧਿਆਪਕ ਦੇ ਤੌਰ ਤੇ ਵੀ ਉਨ੍ਹਾਂ ਨੇ ਹੀ ਲੁਆਇਆ ਸੀ; ਸੇਠ ਜੀ, ਸਰਕਾਰੀ ਠੇਕੇਦਾਰ ਹੋਣ ਦੇ ਬਾਵਜੂਦ ਆਪਣੀ ਬੇਟੀ ਨੂੰ, 'ਦੀਦੀ' ਦੇ ਪਿਤਾ ਵਾਂਗ ਸਰਕਾਰੀ ਜਾਂ ਨੀਮ ਸਰਕਾਰੀ ਸਕੂਲਾਂ 'ਚ ਨਹੀਂ ਪੜ੍ਹਾਉਣਾ ਚਾਹੁੰਦੇ ਸੀ, ਇਸ ਲਈ ਉਹਨਾਂ ਨੂੰ ਭਰੋਸੇਯੋਗ ਘਰੇਲੂ ਉਸਤਾਦ ਦੀ ਲੋੜ ਸੀ। ਭਗਤ ਸਿੰਘ, 'ਭਾਬੀ' ਅਤੇ ਸ਼ਚੀ 22 ਦਸੰਬਰ 1928 ਨੂੰ ਕਲਕੱਤੇ ਪਹੁੰਚੇ ਸਨ ਅਤੇ ਦਸੰਬਰ ਦੇ ਆਖਰੀ ਹਫ਼ਤੇ ਤੱਕ ਸੇਠ ਜੀ ਦੀ ਹਵੇਲੀ ਵਿੱਚ ਠਹਿਰੇ ਸੀ, ਜਿੱਥੇ ਭਗਵਤੀ ਚਰਨ ਵੀ ਸੀ ਤੇ ਭਗਤ ਸਿੰਘ ਦਾ ਇੱਕ ਹੋਰ ਬੇਲੀ, ਜਸਵੰਤ ਸਿੰਘ ਉਰਫ਼ ਝੰਡਾ ਸਿੰਘ ਵੀ ਸੀ, ਜੀਹਦੀਆਂ ਸ਼ਕਰ-ਘਿਓ ਦਿਆਂ ਪੀਪਿਆਂ ਨੂੰ ਭਗਤ ਸਿੰਘ ਹੱਥ ਮਾਰਦਾ ਹੁੰਦਾ ਸੀ।

### ਕੁੱਝ ਨਨ੍ਹੇ-ਮੁੰਨੇ ਸ਼ਚੀ ਬਾਰੇ

ਆਉਣ ਜਾਣ ਵਾਲਿਆਂ ਵਿੱਚ ਕੁੱਝ ਭਲੇ ਲੋਕ ਕੇਵਲ ਸ਼ਚੀ ਨਾਲ 'ਜੀ ਪ੍ਰਚਾਉਣ' ਲਈ ਹੀ ਆ ਜਾਂਦੇ _ ਜੋ ਜਣੇ-ਖਣੇ ਦਾ 'ਭਤੀਜਾ' ਸੀ _ 'ਜਗਤ ਭਤੀਜਾ', ਘੜੀ-ਪਲ ਵਿੱਚ ਹੀ ਹਰੇਕ ਨਾਲ ਰਚ-ਮਿਚ ਜਾਂਦਾ ਤੇ ਨਾਲ ਹੀ ਤੁਰ ਪੈਂਦਾ। ਕਦੇ-ਕਦਾਈਂ ਕੋਈ ਨਾਵਾਕਫ਼ ਵਿਅਕਤੀ 'ਭਾਬੀ' ਨੂੰ ਦੱਸੇ ਬਗ਼ੈਰ ਹੀ ਉਹਨੂੰ ਨਾਲ ਲੈ ਜਾਂਦੇ, ਤਾਂ 'ਭਾਬੀ' ਲਈ ਸਿਰਦਰਦੀ ਖੜੀ ਹੋ ਜਾਂਦੀ।

ਯਸ਼ਪਾਲ ਨੇ ਦਸਿਐ ਕਿ ਇੱਕ ਦਿਨ ਉਹ ਸੱਬਬ ਨਾਲ ਉਧਰ ਗਿਆ ਤਾਂ 'ਭਾਬੀ' ਬੌਂਦਲੀ ਹੋਈ ਨਜ਼ਰ ਆਈ, ਕਿਉਂਕਿ ਕਿੰਨੀ ਹੀ ਦੇਰ ਤੋਂ ਸ਼ਚੀ ਦੀ ਕੋਈ ਉਘ-ਸੁਘ ਨਹੀਂ ਸੀ ਮਿਲ ਰਹੀ। ਆਖਿਰ, ਸਬਰ ਦੀ ਤਾਂ ਕੋਈ ਹੱਦ ਹੁੰਦੀ ਹੈ।

''ਅਸਾਂ ਉਥੇ ਤਾਈਨਾਤ, ਸੀ.ਆਈ.ਡੀ. ਵਾਲੇ ਨੂੰ ਭਾਲਿਆ ਕਿਉਂਕਿ ਅਕਸਰ ਸ਼ਚੀ ਉਹਦੇ ਕੋਲ ਚਲਾ ਜਾਂਦਾ ਸੀ, ਪਰ ਉਹਨੂੰ ਲਭੀਏ ਕਿਥੋਂ?

'''ਭਾਬੀ' ਨੂੰ ਦੋ ਟਾਵੇਂ ਵਿਅਕਤੀਆਂ ਦਾ ਚੇਤਾ ਆਇਆ ਜਿਨ੍ਹਾਂ ਨਾਲ ਸ਼ਾਇਦ ਉਹ ਗਿਆ ਹੋਵੇ, ਪਰ ਮੈਨੂੰ ਉਨ੍ਹਾਂ ਦੇ ਘਰਾਂ ਦਾ ਥਹੁ-ਪਤਾ ਨਹੀਂ ਸੀ। ਮੈਂ ਪੁਛਿਆ ਕਿਤੇ ਧਨਵੰਤਰੀ ਤਾਂ ਨਹੀਂ ਸੀ ਆਇਆ, ਕਿਉਂਕਿ ਉਹ ਚੂੰਕਿ ਸ਼ਚੀ ਲਈ ਆਮ ਤੌਰ ਤੇ ਜਲੇਬੀ ਲੈ ਕੇ ਆਉਂਦਾ ਸੀ, ਇਸ ਲਈ ਸ਼ਚੀ ਉਹਨੂੰ 'ਜਲੇਬੀ ਚਾਚਾ' ਕਹਿੰਦਾ ਸੀ, ਉਹਦੇ ਘਰੋਂ ਪਤਾ ਕੀਤਾ, ਉਹਨੂੰ ਵੀ ਕੁੱਝ ਪਤਾ ਨਹੀਂ ਸੀ।

''ਅਜੇ ਪੁਲਿਸ ਨੂੰ ਇਤਲਾਹ ਦੇਣ ਦੀ ਸੋਚ ਹੀ ਰਹੇ ਸਾਂ ਕਿ ਸ਼ਚੀ 'ਪਾਤਸ਼ਾਹ' ਸੀ.ਆਈ.ਡੀ. ਵਾਲੇ ਦੀ ਸਾਇਕਲ ਦੇ ਹੈਂਡਲ ਨੂੰ ਹੱਥ ਪਾਈ ਮੂਹਰਲੇ ਡੰਡੇ ਦੇ ਇੱਕ ਪਾਸੇ ਲੱਤਾਂ ਲਮਕਾਈ ਆ ਪਧਾਰੇ।''

'''ਕਿੱਥੇ ਸੀ ਇਹ?' ਭਾਬੀ ਨੇ ਗੁੱਸੇ 'ਚ ਆਕੇ ਸੀ.ਆਈ.ਡੀ. ਵਾਲੇ ਨੂੰ ਪੁਛਿਆ।

'''ਮੈਂ ਇਹਨੂੰ ਆਪਣੇ ਘਰ ਆਪਣੀ ਬੀਵੀ ਨੂੰ ਵਿਖਾਉਣ ਲਈ ਲੈ ਗਿਆ ਸਾਂ। ਜਿਹੜੀ ਮੇਰੇ ਮੂੰਹੋਂ ਹਰ ਰੋਜ਼ ਇਸਦੀਆਂ ਗੱਲਾਂ ਸੁਣਦੇ ਰਹਿਣ ਤੇ ਇਸ ਨੂੰ ਵੇਖਣ ਲਈ ਬੜੀ ਉਤਾਵਲੀ ਸੀ... ਕਿੰਨਾ ਮਨਮੋਹਣਾ ਹੈ ਇਹ ਬਾਲ!' ਸੀ.ਆਈ.ਡੀ. ਵਾਲੇ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ।

''ਗੁੱਸੇ 'ਚ ਭਰੀ-ਭੀਤੀ 'ਭਾਬੀ' ਸ਼ਚੀ ਨੂੰ ਘੜੀਸਦੀ ਹੋਈ ਘਰ ਦੇ ਅੰਦਰ ਵੱਲ ਨੂੰ ਲੈ ਤੁਰੀ, 'ਆ ਮੈਂ ਤੇਰੀ ਚਮੜੀ ਉਧੇੜਾਂ, ਹਾਰੀ-ਸਾਰੀ ਨਾਲ ਟੁਰ ਪੈਨੈ', ਨਾਲ ਹੀ ਚਪੇੜ ਵੀ ਮੂੰਹ ਤੇ ਜੜ ਦਿੱਤੀ, 'ਕਿਥੇ ਗਿਆ ਸੈ? ਫਿਰ ਜਾਏਂਗਾ?'

'''ਮੈਂ ਤੇ ਰਸਗੁਲਾ ਲੈਣ ਗਿਆ ਸਾਂ', ਡੁਸਕਦੇ ਹੋਏ ਸ਼ਚੀ ਨੇ ਜਵਾਬ ਦਿੱਤਾ।''

2

# ਰਾਜਸੀ ਪਿੜ ਵਿੱਚ

### ਨੈਸ਼ਨਲ ਕਾਲਜ ਲਾਹੌਰ

ਸਰਕਾਰੀ, ਨੀਮ ਸਰਕਾਰੀ ਸਕੂਲਾਂ/ਕਾਲਜਾਂ ਨੂੰ ਲੱਤ ਮਾਰਕੇ ਲਾਹੌਰ ਨੈਸ਼ਨਲ ਕਾਲਜ ਦਾਖਲ ਹੋਏ ਸੀ _ ਭਗਤ ਸਿੰਘ, ਸੁਖ ਦੇਵ ਤੇ ਉਹਦਾ ਚਚੇਰਾ ਭਰਾ, ਜੈ ਦੇਵ, ਯਸ਼ਪਾਲ, ਭਗਤ ਸਿੰਘ ਦਾ ਦੋਸਤ, ਜੈ ਦੇਵ ਗੁਪਤਾ, ਤੇ ਕਈ ਹੋਰ। ਭਗਵਤੀ ਇਹਨਾਂ ਸਾਰਿਆਂ ਨਾਲੋਂ ਉਮਰੋਂ ਵਡੇਰੇ ਸਨ। ਪਹਿਲਾਂ ਬਾਰ੍ਹਵੀਂ ਪਾਸ ਕਰ ਲਈ ਹੋਈ ਸੀ, ਜੋ ਬੀ.ਏ. ਵਿੱਚ ਦਾਖਲ ਹੋਏ ਤੇ ਬਾਕੀ ਸਾਰੇ ਐਫ.ਏ ਵਿੱਚ। ਦੁਰਗਾ 'ਭਾਬੀ' ਅਨੁਸਾਰ ਭਗਵਤੀ ਨੇ ਬਾਹਰਵੀ ਜਮਾਤ ਸ਼ਾਇੰਸ ਦੇ ਮੈਡੀਕਲ ਵਿਸ਼ਿਆਂ 'ਚ ਕੀਤੀ ਸੀ ਤੇ ਉਹਨਾਂ ਦੇ ਪਿਤਾ ਦਾ ਟੀਚਾ ਉਹਨੂੰ ਡਾਕਟਰ ਬਨਾਉਣਾ ਸੀ।

ਭਗਵਤੀ ਦੇ ਹਿੰਦੀ ਉਸਤਾਦ ਸੀ ਉਦੇ ਸ਼ੰਕਰ ਭੱਟ, ਜੋ ਪਿੱਛੋਂ ਜਾਕੇ ਦੇਸ਼ ਦੇ ਹਿੰਦੀ ਲੇਖਕ ਵਜੋਂ ਪ੍ਰਸਿੱਧ ਹੋਏ ਸਨ। ਉਹ ਭਗਵਤੀ ਦੇ ਮਕਾਨ ਵਿੱਚ ਹੀ ਬਤੌਰ ਕਿਰਾਏਦਾਰ ਰਹਿੰਦੇ ਸਨ ਅਤੇ ਉਹ ਭਗਵਤੀ ਦੇ ਲੰਗੋਈਏ ਵੀ ਸਨ। ਜਦੋਂ ਇਹਨਾਂ ਦੇ ਚੇਲੇ ਨੂੰ ਵੱਡੇ ਭਰਾ ਨੇ ਪਿਤਰੀ ਜਾਇਦਾਦ 'ਚੋਂ ਰਹਿੰਦ-ਖੂੰਦ ਹੀ ਦਿੱਤਾ ਸੀ ਤਾਂ ਇਹਨਾਂ ਨੇ ਭਗਵਤੀ ਨੂੰ ਬਥੇਰਾ 'ਚੁਕਿਆ' ਕਿ ਉਹ 'ਪਰੋਟੈਸਟ' ਕਰੇ, ਪਰ ਉਹ 'ਸ਼ੇਰ' ਟੱਸ ਤੋਂ ਮਸ ਨਹੀਂ ਹੋਇਆ। ਬਸ ''ਕੀ ਫਰਕ ਪੈਂਦੈ'', ਕਹਿ ਕੇ ਗੱਲ ਟਾਲ ਦਿੱਤੀ।

### ਇਕਲਾਬੀ ਦਲ: ਹਿੰਦੋਸਤਾਨ ਰਿਪਬਲਿਕਨ ਐਸੋਸ਼ੀਏਸ਼ਨ

ਗਾਂਧੀ ਜੀ ਵੱਲੋਂ ਨਾ-ਮਿਲਵਰਤਨ ਲਹਿਰ ਨੂੰ ਮਿੱਟੀ ਵਿੱਚ ਰੋਲ ਦੇਣ ਪਿਛੋਂ ਇਹ ਨੌਜਵਾਨ ਕਿਸੇ ਨਵੀਂ ਰਾਹ ਦੀ ਟੋਹ ਵਿੱਚ ਸਨ। ਇਹ ਨਿਰਾਸ਼ਾ-ਮਈ ਮਾਹੌਲ ਸਾਰੇ ਦੇਸ਼ ਵਿੱਚ ਛਾਇਆ ਹੋਇਆ ਸੀ: ਸੋ, ਦੇਸ਼ ਦੇ ਸਰਗਰਮ ਇਨਕਲਾਬੀਆਂ, ਜਿਨ੍ਹਾਂ ਗਾਂਧੀ ਜੀ ਦੀ ਆਸ ਤੇ ਇੱਕ ਸਾਲ ਲਈ ਆਪਣੇ 'ਐਕਸ਼ਨ' ਮੁਲਤਵੀ ਕਰ ਦਿੱਤੇ ਹੋਏ ਸਨ, ਹੁਣ ਨਵੇਂ ਸਿਰਿਉਂ ਲਾਮਬੰਦੀ ਦੀਆਂ ਤਿਆਰੀਆਂ 'ਚ ਜੁਟ ਗਏ; ਤਾਂ ਫਿਰ ਬੰਗਾਲੀ ਇਨਕਲਾਬੀ ਦਲ ਭਾਵ ਅਨੁਸ਼ੀਲਨ ਸਮਿਤੀ ਦੇ ਸਿਰਕੱਢ ਆਗੂ ਜੋਗੇਸ਼ ਚੈਟਰਜ਼ੀ ਤੇ ਗ਼ਦਰੀ ਆਗੂ ਰਾਸ ਬਿਹਾਸੀ ਬੋਸ ਦੇ ਨਿਕਟਵਰਤੀ ਸਚਿੰਦਰ ਸਾਨਿਆਲ, ਜੋ ਕੁੱਝ ਕੁ ਚਿਰ ਪਹਿਲਾਂ ਹੀ ਬਨਾਰਸ਼ ਸਾਜਿਸ਼ ਕੇਸ 'ਚ ਅੰਡੇਮਾਨ ਤੋਂ ਉਮਰ ਕੈਦ ਤੋਂ ਛੁਟ ਕੇ ਆਏ ਸਨ, ਨੇ ਰਲ੍ਹ ਕੇ ਦੱਲ ਦਾ ਗਠਨ ਕੀਤਾ, ਜਿਸ ਦਾ ਮੁੱਖ ਕੇਂਦਰ ਬਨਾਰਸ ਸੀ। ਇਹ ਦੇਸ਼ ਅੰਦਰ ਪਹਿਲੀ ਕੌਮੀ ਪੱਧਰ ਦੀ ਇਨਕਲਾਬੀ ਪਾਰਟੀ ਸੀ ਜੀਹਦੀ ਸਪਸ਼ਟ ਇਨਕਲਾਬੀ ਵਿਚਾਰਧਾਰਾ ਸੀ ਜਿਸ ਦਾ ਉੱਲੇਖ 'ਦੀ ਰੈਵੋਲਿਊਸ਼ਨਰੀ' ਨਾਂ ਦੇ ਅੰਗ੍ਰੇਜ਼ੀ ਪਰਚੇ ਵਿੱਚ ਕੀਤਾ ਗਿਆ ਸੀ, ਜੋ ਜਨਵਰੀ 1925 ਵੇਲੇ ਇਕੋ ਵਾਰ ਸਾਰੇ ਦੇਸ਼ ਵਿੱਚ ਵੰਡਿਆ ਗਿਆ ਸੀ। ਪੰਜਾਬ ਦੀ ਪਾਰਟੀ ਦੇ ਮੁੱਖੀ, ਪ੍ਰੋ. ਜੈਚੰਦਰ ਵਿਦਿਆਲੰਕਾਰ ਨੂੰ ਵੀ ਇਹ ਪਰਚੇ ਭੇਜੇ ਗਏ ਜੋ ਭਗਵਤੀ ਚਰਨ ਨੇ ਸਾਥੀਆਂ ਦੇ ਸਹਿਯੋਗ ਨਾਲ ਜਗ੍ਹਾ-ਜਗ੍ਹਾ ਪੁਚਾਏ ਸਨ।

ਇਸ ਸਿਧਾਂਤਕ ਦਸਤਾਵੇਜ਼ ਦੇ ਨਾਲ ਹੀ ਨਾਲ ਪਾਰਟੀ ਦਾ ਸੰਵਿਧਾਨ ਵੀ ਤਿਆਰ ਕੀਤਾ ਗਿਆ, ਜੋ ਪੀਲੇ ਕਾਗਜ਼ਾਂ ਤੇ ਛਪਿਆ ਹੋਣ ਕਰਕੇ 'ਪੀਲੇ ਪਰਚੇ' (ਯੈਲੋ ਪੇਪਰਸ) ਕਰਕੇ ਪ੍ਰਸਿੱਧ ਹੋਇਆ।

ਜ਼ਿਕਰਯੋਗ ਹੈ ਕਿ ਭਗਤ ਸਿੰਘ, ਸੁਖ ਦੇਵ ਅਤੇ ਕੁੱਝ ਹੋਰ ਪੰਜਾਬ ਦੇ ਕਾਰਕੁਨ 1923-24 ਤੋਂ ਲੈ ਕੇ 8-9 ਸਤੰਬਰ 1928 ਤੱਕ ਐੱਚ.ਆਰ.ਏ. ਦੇ ਸਰਗਰਮ ਵਰਕਰ ਰਹੇ ਸੀ ਤੇ ਯੂ.ਪੀ. 'ਚ ਕਾਕੋਰੀ ਦਲ ਦੀਆਂ ਗਤੀਵਿੱਤੀਆਂ ਵਿੱਚ ਸ਼ਾਮਲ ਵੀ ਹੁੰਦੇ ਰਹੇ ਸਨ।

ਹੋਰ ਤਾਂ ਹੋਰ, ਸਾਰੇ ਪਾਰਟੀ ਮੈਂਬਰ ਨਵੇਂ ਦਲ ਭਾਵ ਐਚ.ਐਸ.ਆਰ.ਏ. ਦੇ ਗਠਨ ਤੋਂ ਪਿਛੋਂ ਵੀ 'ਦੀ ਰੈਪੋਲਿਊਸ਼ਨਰੀ' ਦੀ ਸੋਚ ਨਾਲ ਜੁੜੇ ਰਹੇ, ਜਿਸ ਦਾ ਅੰਦਾਜ਼ਾ ਇਸ ਤੱਥ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਸਾਰੇ ਪਾਰਟੀ ਠਿਕਾਣਿਆਂ ਤੋਂ ਹੋਰ ਰਚਨਾਵਾਂ ਦੇ ਨਾਲ ਇਹ ਦਸਤਾਵੇਜ਼ ਵੀ ਬਰਾਮਦ ਹੁੰਦੀ ਰਹੀ ਸੀ।

### ਪਾਰਟੀ ਮਨੋਰਥ ਪੱਤਰ: ਕੁੱਝ ਹਵਾਲੇ

''ਅੱਜ ਇੱਕ ਨਵੇਂ ਦੌਰ ਦੀ ਸ਼ੁਰੂਆਤ ਹੋਣ ਜਾ ਰਹੀ ਹੈ, ਜਿਸ ਵਿੱਚ ਅੱਜ ਤੱਕ ਅਣਗੌਲੇ ਸਾਧਾਰਨ ਲੋਕੀ, ਮੁੱਖ ਭੂਮਿਕਾ ਨਿਭਾਉਣਗੇ ਤੇ ਨਵੀਆਂ ਪਿਰਤਾ ਪਾਉਣਗੇ।

''ਇਹ ਅੰਦੋਲਨ ਭਾਰਤ ਦੀ ਨੌਜਵਾਨ ਪੀੜ੍ਹੀ ਵੱਲੋਂ ਵਿਢਿਆ ਜਾ ਰਿਹੈ। ਇਸ ਲਹਿਰ ਦਾ ਟੀਚਾ ਆਜ਼ਾਦ ਲੋਕਤੰਤਰ ਸਥਾਪਤ ਕਰਨਾ ਹੈ, ਜਿਸ ਅਧੀਨ ਹਰ ਬਾਲਗ਼ ਦੇ ਵੋਟਾਂ ਦੁਆਰਾ ਚੁਣੀ ਹੋਈ ਵਿਧਾਨ ਸਭਾ, ਆਉਣ ਵਾਲੇ ਸਮੇਂ ਦੀ ਸਮਾਜਿਕ ਅਤੇ ਆਰਥਕ ਰੂਪ-ਰੇਖਾ ਨਿਰਧਾਰਿਤ ਕਰੇਗੀ: ਭਾਵੇਂ ਕਿ ਪਾਰਟੀ ਸਮਾਜਵਾਦੀ ਗਣਤੰਤਰ ਨੂੰ ਸਪਰਪਤ ਹੈ, ਪਰ ਇਸ ਬਾਰੇ ਅੰਤਮ ਨਿਰਣਾ ਲੋਕਤੰਤਰੀ ਵਿੱਧੀ ਨਾਲ ਚੁਣੀ ਹੋਈ ਸੰਸਥਾ ਹੀ ਕਰੇਗੀ।

''ਪਾਰਟੀ ਸਪਸ਼ਟ ਰੂਪ ਵਿੱਚ ਇਨਕਲਾਬੀ ਤੌਰ-ਤਰੀਕਿਆਂ ਨੂੰ ਪਰਨਾਈ ਹੋਈ ਹੈ, ਜੀਹਦੀ ਮੁੱਖ ਟੇਕ ਬੰਦੂਕਾਂ-ਪਿਸਤੌਲਾਂ ਦੀ ਬਜਾਏ ਜੰਤਕ ਲਹਿਰਾਂ ਅਤੇ ਸੰਘਰਸ਼ਾਂ ਤੇ ਹੈ।

''ਆਤੰਕਵਾਦ ਨੂੰ ਅਸੀਂ ਮੂਲ ਤੋਂ ਰੱਦ ਕਰਦੇ ਹਾਂ, ਪਰ ਜਦ ਕਿਤੇ ਸਾਨੂੰ ਸਰਕਾਰੀ ਆਤੰਕ ਤੋਂ ਭੈਅ-ਭੀਤ ਲੋਕਾਂ ਨੂੰ ਭੈਅ-ਮੁਕਤ ਕਰਾਉਣ ਲਈ ਹਥਿਆਰ ਉਠਾਉਣੇ ਪੈਣਗੇ, ਤਾਂ ਅਸੀਂ ਪਿਛਾਂ ਨਹੀਂ ਹੱਟਾਂਗੇ। ਲੋਕਾਂ ਦੀ ਬਹੁਗਿਣਤੀ ਸਰਕਾਰੀ ਦਮਨ ਚੱਕਰ ਤੋਂ ਡਰ ਦੇ ਮਾਰੇ ਹੀ ਮੂੰਹ ਨਹੀਂ ਖੋਲਦੀ, ਇਸ ਲਈ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਨੂੰ ਵੰਗਾਰਨਾ ਜ਼ਰੂਰੀ ਹੋ ਜਾਂਦਾ ਹੈ।
''ਪਰ ਸਾਡੀ ਅੰਤਮ ਟੇਕ ਲੋਕ-ਜਾਗ੍ਰਤੀ ਤੇ ਜਥੇਬੰਦਕ ਰੂਪ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਆਮ ਜਨਤਾ ਦੇ ਸਿਰੜੀ ਸੰਘਰਸ਼ ਤੇ ਹੈ।''

### ਨੌਜਵਾਨ ਭਾਰਤ ਸਭਾ 'ਯੰਗ ਇੰਡੀਆ ਐਸੋਸੀਏਸ਼ਨ'

ਸੀ.ਆਈ.ਡੀ. ਦੀ ਰਿਪੋਰਟ ਅਨੁਸਾਰ, ''ਅਤਿਵਾਦੀਆਂ ਦੇ ਇੱਕ ਗੁਟ ਨੇ ਸਾਲ 1926 ਦੇ ਸ਼ੁਰੂ ਵਿੱਚ ਇੱਕ ਸੰਸਥਾ ਬਣਾਈ, ਜੀਹਦਾ ਨਾਂ ਭਾਰਤ ਸਭਾ (ਯੰਗ ਇੰਡੀਆ) ਰੱਖਿਆ ਗਿਐ; ਜਿਹੜੀ ਭਾਵੇਂ ਕਿ ਜ਼ਾਹਰਾ ਤੌਰ ਤੇ ਤਾਂ ਨੌਜਵਾਨਾਂ ਨੂੰ ਰਾਜਸੀ ਖੇਤਰ ਲਈ ਤਿਆਰ ਕਰਨ, ਖੱਦਰ ਪਹਿਨਣ ਤੇ ਹਿੰਦੂ-ਮੁਸਲਿਮ ਏਕਤਾ ਪ੍ਰਫੁਲੱਤ ਕਰਨ ਖਾਤਰ ਹੋਂਦ ਵਿੱਚ ਆਈ ਹੈ, ਪਰ ਇਹਦੀਆਂ ਹਫ਼ਤਾਵਾਰੀ ਬੈਠਕਾਂ ਦੀਆਂ ਸਰਗਰਮੀਆਂ ਨੂੰ ਗੰਭੀਰਤਾ ਨਾਲ ਲੈਣ ਦੀ ਜ਼ਰੂਰਤ ਹੈ, ਕਿਉਂਕਿ ਇਸਦੇ ਇਨਕਲਾਬੀ ਪਾਰਟੀ ਦੇ ਮਖੌਟੇ ਵਜੋਂ ਵਰਤੇ ਜਾਣ ਤੇ ਉਹਦੀ ਮੁੱਖ ਟੇਕ ਬਨਣ ਦੀ ਪੂਰੀ ਸੰਭਾਵਨਾ ਜਾਪਦੀ ਹੈ। ਭਗਤ ਸਿੰਘ ਇਹਦਾ ਸੈਕਟਰੀ ਹੈ ਅਤੇ ਉਹਦੇ ਨਿਕਟਵਰਤੀ ਹੀ ਇਹਦੇ ਸਰਗਰਮ ਕਾਰਕੁਨ ਹਨ...।''

### ਸਭਾ ਦੀਆਂ ਸਰਗਰਮੀਆਂ

ਸ਼ਰੇ-ਆਮ ਇਨਕਲਾਬੀ ਪ੍ਰਚਾਰ ਦੇ ਨਾਲ-ਨਾਲ ਇਹ ਸਭਾ ਸਮਾਜਿਕ ਬੁਰਾਈਆਂ ਬਾਰੇ ਲੋਕਾਂ ਨੂੰ ਸੁਚੇਤ ਕਰਨ ਤੇ ਉਹਨਾਂ ਤੋਂ ਛੁਟਕਾਰਾ ਪਾਉਣ ਲਈ ਵੀ ਪੂਰੀ ਤਰ੍ਹਾਂ ਸਮਰਪਤ ਸੀ। ਫਿਰਕੂ-ਪਾੜੇ ਨੂੰ ਘਟਾਉਣ ਲਈ ਸਾਂਝੇ ਲੰਗਰ ਲਾਉਣੇ, ਜਿੱਥੇ ਹਿੰਦੂ-ਸਿੱਖ-ਮੁਸਲਮਾਨ ਇੱਕੋ ਥਾਂ ਤੇ ਸਾਂਝੀ ਰਸੋਈ 'ਚ ਪਕਿਆ ਭੋਜਨ ਹੇਠਾਂ ਪੰਕਤੀਆਂ ਵਿੱਚ ਬੈਠ ਕੇ ਪੱਤਲਾਂ 'ਤੇ ਪਾ ਕੇ ਖਾਂਦੇ ਸਨ। ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਵੰਡ-ਵੰਡਾਰੇ ਤੋਂ ਪਹਿਲਾਂ ਹਿੰਦੂ-ਸਿੱਖਾਂ ਦੀ ਰੋਟੀ-ਬੇਟੀ ਦੀ ਸਾਂਝ ਸੀ ਹੀ, ਪਰ ਕਿਸੇ ਮੁਸਲਮਾਨ ਦਾ ਹਿੰਦੂ-ਸਿੱਖਾਂ ਨਾਲ ਇੱਕੋ ਥਾਂ ਤੇ ਪਕਿਆ ਖਾਣਾ ਖਾ ਲੈਣਾ ਵਰਜਿੱਤ ਹੀ ਸੀ। ਇਸੇ ਤਰ੍ਹਾਂ ਧਾਰਮਿਕ ਪਾਖੰਡਾਂ ਦੀ ਪੋਲ ਖੋਲ੍ਹਨ ਲਈ ਛੋਟੇ-ਵੱਡੇ ਜਲਸਿਆਂ ਵਿੱਚ ਮੁਸਲਮਾਨ ਬੁਲਾਰਾ ਹੀ ਮੁਸਲਮਾਨਾਂ ਅੰਦਰ ਪ੍ਰਚਲਤ ਧਾਰਮਿਕ ਕੁਰੀਤੀਆਂ ਦਾ ਪਰਦਾ-ਫਾਸ਼ ਕਰਦਾ ਤੇ ਇਸ ਤਰ੍ਹਾਂ ਵੀ ਸਿੱਖ ਤੇ ਹਿੰਦੂ ਬੁਲਾਰੇ ਵੀ ਆਪੋ ਆਪਣੀ ਧਾਰਮਿਕ ਪਹਿਚਾਣ ਅਨੁਸਾਰ ਲੋਕਾਂ ਨੂੰ ਪਾਖੰਡੀ ਸਾਧੂਆਂ, ਸੰਤਾਂ ਅਤੇ ਪੀਰਾਂ ਦੇ ਹੱਥਕੰਡਿਆਂ ਪ੍ਰਤੀ ਸੁਚੇਤ ਕਰਦੇ।
ਇਸ ਤੋਂ ਇਲਾਵਾ ਛੂਆ-ਛੂਤ ਦੇ ਮਾਮਲੇ ਵਿੱਚ ਵੀ ਇਹਨਾਂ ਨੇ ਹਰ ਹੀਲੇ ਇਸ ਲਾਅਨਤ ਤੋਂ ਖਲਾਸ਼ੀ ਪਾਉਣ ਜਾਂ ਘੱਟੋ-ਘੱਟ ਇਹਨੂੰ ਨਕੇਲ ਪਾਉਣ ਦੇ ਉਪਰਾਲੇ ਕਰਦੇ ਰਹਿਣਾ ਸਭਾ ਦੇ ਬਾਕਾਇਦਾ ਪ੍ਰੋਗਰਾਮ ਦਾ ਅਟੁਟ ਅੰਗ ਸੀ।
ਭਗਤ ਸਿੰਘ ਦੇ ਜੂਨ 1928 ਦੇ ਕਿਰਤੀ ਵਿੱਚ ਛਪੇ ਲੇਖ ''ਅਛੂਤ ਦਾ ਸਵਾਲ'' ਵਿੱਚ ਏਸ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਪੀੜਤ ਵਰਗ ਨੂੰ ਇਹਦੇ ਵਿਰੁੱਧ ਜਹਾਦ ਛੇੜਣ ਦਾ ਹੋਕਾਂ ਦਿੱਤਾ ਹੈ ਅਤੇ ਸਵਰਨ ਜਾਤੀ ਵਾਲਿਆਂ ਦੀ ਬੁਖਲਾਹਟ ਤੇ ਦੁਸ਼ਟ ਪ੍ਰਚਾਰ ਦਾ ਖੰਡਣ ਕਰਨ ਦੇ ਨਾਲ-ਨਾਲ ਉਹਨਾਂ ਨੂੰ ਇਹ ਵੀ ਸੁਚੇਤ ਕੀਤਾ ਹੈ ਕਿ ਇਹਨਾਂ 'ਗ਼ਰੀਬ ਲੋਕਾਂ' ਬਗੈਰ ਤੁਹਾਡਾ ਗੁਜ਼ਾਰਾ ਨਹੀਂ, ਜਦਕਿ ਇਹ ਆਪਣੇ ਬਲਬੂਤੇ ਔਖੇ-ਸੌਖੇ ਜੀਵਨ ਨਿਰਬਾਹ ਕਰ ਸਕਦੇ ਹਨ।

### ਸਾਲ 1926 ਦੀਆਂ ਚੋਣਾਂ

ਸੁਖਦੇਵ ਰਾਜ, ਜੋ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ ਦਾ ਸੀ ਤੇ ਭਗਤ ਸਿੰਘ ਅਤੇ ਸੁਖ ਦੇਵ ਦਾ ਹਮ-ਉਮਰ, ਜੋ ਪਰਿਵਾਰਿਕ ਹਾਲਾਤ ਕਰਕੇ ਲਾਹੌਰ ਰਹਿੰਦਾ ਸੀ। ਉਹ ਲਾਲਾ ਲਾਜਪਤ ਰਾਏ ਦਾ ਚੇਲਾ ਸੀ। ਉਹ 1926 ਦੀਆਂ ਚੋਣਾ ਸੰਬੰਧੀ ਲਾਲਾ ਜੀ ਦੇ ਇੱਕ ਚੋਣ ਜਲਸੇ ਵਿੱਚ ਹਾਜ਼ਰ ਸੀ ਜਿੱਥੇ ਨੌਜਵਾਨ ਭਾਰਤ ਸਭਾ ਦੇ ਕਾਰਕੁਨ ਅੰਗ੍ਰੇਜ਼ੀ ਦੇ ਪ੍ਰਸਿੱਧ ਸ਼ਾਇਰ ਬਰਾਉਨਿੰਗ ਦੀ ਕਵਿਤਾ, 'ਗਵਾਚਿਆ ਨੇਤਾ' (ਠਹਏ਼ੋਸਟ਼ ਇਅਦਏਰ) ਵਾਲਾ ਪਰਚਾ ਵੰਡ ਰਹੇ ਸਨ, ਜੋ ਲਾਲਾ ਜੀ ਤੇ ਸਿੱਧਾ-ਸਾਹਵਾਂ ਵਿਅੰਗ ਸੀ, ਕਿਉਂਕਿ ਉਹ ਕਾਂਗਰੇਸ ਨੂੰ ਤਿਆਗ, ਇੱਕ ਫਿਰਕੂ ਪਾਰਟੀ ਖੜੀ ਕਰਕੇ ਉਹਦੇ ਲਈ ਵੋਟਾਂ ਜੁਟਾ ਰਹੇ ਸਨ। ਉਹਨਾਂ ਨੌਜਵਾਨਾਂ ਵਿੱਚ ਹੋਰਨਾਂ ਤੋਂ ਇਲਾਵਾ ਭਗਤ ਸਿੰਘ ਅਤੇ ਭਗਵਤੀ ਚਰਨ ਵੀ ਸਨ। ਲਾਲਾ ਜੀ ਨੇ ਪੈਰੋਕਾਰ ਰੋਹ ਵਿੱਚ ਆਕੇ ਪਰਚੇ ਵੰਡਣ ਵਾਲਿਆਂ ਨੂੰ ਮਾਰ-ਕੁਟ ਰਹੇ ਸਨ। ਸੁਖਦੇਵ ਰਾਜ ਨੇ ਵੀ ਲਾਲਾ ਜੀ ਦਾ ਪੱਖ ਲੈਂਦੇ ਹੋਏ ਉਹਨਾਂ 'ਚੋਂ ਕੁੱਝ ਨੌਜਵਾਨਾਂ ਨੂੰ ਅਜਿਹਾ ਕਰਨੋ ਵਰਜਦਿਆਂ ਪੁਛਿਆ ਕਿ ਉਹਨਾਂ ਨੂੰ ਅਜਿਹੇ ਪਤਵੰਤੇ ਲੀਡਰ ਤੇ ਊਜਾ ਲਾਉਣ ਦਾ ਕੀ ਹੱਕ ਹੈ? ਭਗਵਤੀ ਨੇ ਉਹਦੀ ਗੱਲ ਸੁਣ ਲਈ ਤੇ ਕਿਹਾ ਕਿ ਜਲਸੇ ਪਿਛੋਂ ਜੇ ਉਹ ਚਾਹੇ ਤਾਂ ਇਸ ਬਾਰੇ ਉਹ ਉਹਦੇ ਨਾਲ ਗਲਬਾਤ ਕਰਨੀ ਚਾਹੁਣਗੇ।
ਸੋ ਭਗਵਤੀ ਚਰਨ ਜਲਸੇ ਪਿੱਛੋਂ, ਸੁਖਦੇਵ ਰਾਜ ਨੂੰ ਇਸ਼ਾਰਾ ਕਰਕੇ ਆਪਣੇ ਨਾਲ ਘਰ ਨੂੰ ਲੈ ਤੁਰੇ ਤੇ ਕਿਹਾ ਕਿ ਪੋਸਟਰ ਵਾਲੇ ਮੁੱਦੇ ਤੇ ਘਰ ਪਹੁੰਚ ਕੇ ਹੀ ਗੱਲ ਕਰਾਂਗੇ... ਪਰ ਤੂੰ ਅੱਜਕਲ ਕੀ ਕਰ ਰਿਹੈ, ਵਗ਼ੈਰਾ, ਵਗ਼ੈਰਾ। ਉਹਨੇ ਦੱਸਿਆ ਕਿ ਉਹ ਰੋਜ਼ੀ-ਰੋਟੀ ਦੀ ਭਾਲ 'ਚ ਏ, ਕਿਉਂਕਿ ਉਸ ਨੇ ਬਾਰਹਵੀਂ ਦਾ ਇਮਤਿਹਾਨ ਪਹਿਲੇ ਦਰਜੇ 'ਚ ਪਾਸ ਕੀਤੈ ਤੇ ਉਹ ਨੂੰ ਵਜ਼ੀਫਾ ਵੀ ਮਿਲਿਐ, ਪਰ ਉਹਦਾ ਬਾਪ, ਪੈਸੇ ਦੀ ਤੰਗੀ ਕਾਰਨ, ਉਹਦੀ ਬੀ.ਏ. ਦੀ ਪੜ੍ਹਾਈ ਦੀ ਹਾਮੀ ਨਹੀਂ ਭਰ ਰਿਹਾ।
ਭਗਵਤੀ ਨੇ ਕਿਹਾ ਕਿ ਅੱਜ ਤੋਂ ਤੇਰੀ ਪੜ੍ਹਾਈ ਮੇਰੇ ਜ਼ਿਮੇ; ਐਸ.ਡੀ. ਕਾਲਜ 'ਚ ਪ੍ਰਿੰਸੀਪਲ, ਰਘਬਰਦਿਆਲ ਮੇਰੇ ਦੋਸਤ ਨੇ, ਮੇਰਾ ਉਹਨਾਂ ਕੋਲ ਨਾਂ ਲੈ ਦਈਂ ਤੇ ਤੇਰੀ ਫ਼ੀਸ ਵਗ਼ੈਰਾ ਮਾਫ਼ ਕਰ ਦੇਣਗੇ ਤੇ ਬਾਕੀ ਦਾ ਖਰਚਾ ਮੈਂ ਦਿਆਂਗਾ...।

ਇੱਥੋਂ ਹੋਈ ਸ਼ੁਰਆਤ ਇਸ ਮਿਲਾਪ ਦੀ ਜੋ ਭਗਵਤੀ ਦੇ ਅੰਤਲੇ ਸਾਹਾਂ ਤੱਕ ਕਾਇਮ ਰਹੀ, ਕਿਉਂਕਿ 28 ਮਈ 1930 ਨੂੰ ਘਾਤਕ ਬੰਬ ਧਮਾਕੇ ਵੇਲੇ ਵੀ ਇਹ ਉਹਨਾਂ ਨਾਲ ਹੀ ਸੀ ਤੇ ਜਿਸ ਦੌਰਾਨ ਇਹਦਾ ਇੱਕ ਪੈਰ ਵੀ ਜ਼ਖਮੀ ਹੋਇਆ ਸੀ।

ਰਿਹਾ ਸਵਾਲ ਲਾਲਾ ਜੀ ਦੇ ਮਾਨ-ਸਤਿਕਾਰ ਦਾ, ਉਸ ਬਾਰੇ ਭਗਵਤੀ ਜੀ ਨੇ ਦੱਸਿਆ ਕਿ ਸਾਡਾ ਪਰੋਟੈਸਟ ਵਿਚਾਰਦਾਇਕ ਹੈ, ਜ਼ਾਤੀ ਨਹੀਂ, ਤੇ ਇਸ ਤਰ੍ਹਾਂ ਉਹ ਗੱਲ ਆਈ-ਗਈ ਹੋ ਗਈ। ਸੋ, ਸੁਖਦੇਵ ਰਾਜ ਨੇ 1927 'ਚ ਬੀ.ਏ. ਵਿੱਚ ਦਾਖਲਾ ਲੈ ਲਿਆ ਤੇ 'ਤੇਰਾ ਘਰ ਸੋ ਮੇਰਾ ਘਰ' ਹੋ ਗਿਆ।

ਸੁਖਦੇਵ ਰਾਜ ਅਨੁਸਾਰ, ''ਭਗਵਤੀ ਦੀ ਇਸ ਦਰਿਆ-ਦਿਲੀ ਨੇ ਮੇਰੀ ਪੜ੍ਹਾਈ ਦੀ ਲਾਲਸਾ ਪੂਰੀ ਤਾਂ ਕੀਤੀ ਹੀ ਕੀਤੀ, ਪਰ ਉਸ ਤੋਂ ਬਹੁਤ ਵੱਡੀ ਪ੍ਰਾਪਤੀ ਇਹ ਹੋਈ ਕਿ ਉਸੇ ਘਰ ਮੇਰਾ ਧਨਵੰਤਰੀ ਨਾਲ ਮੇਲ ਹੋਇਆ, ਜਿਹਨੇ ਮੇਰਾ ਜ਼ਿੰਦਗੀ ਦਾ ਨਜਰੀਆ ਹੀ ਬਦਲ ਕੇ ਰੱਖ ਦਿੱਤਾ ਤੇ ਮੈਂ 'ਕੁੱਝ ਦਾ ਕੁੱਝ' ਹੋ ਨਿਬੜਿਆ। ਉਥੇ ਹੀ ਮੈਂ ਮਿਲਿਆ ਭਗਤ ਸਿੰਘ, (ਪ੍ਰੋਫੈਸਰ) ਸੰਪੂਰਨ ਸਿੰਘ ਟੰਡਨ ਅਤੇ ਅਹਿਸਾਨ ਇਲਾਹੀ ਨੂੰ, ਜੋ ਤਨੋਂ-ਮਨੋਂ ਨੌਜਵਾਨ ਭਾਰਤ ਸਭਾ ਰਾਹੀਂ ਕੌਮੀ ਨਿਰਮਾਨ ਲਈ ਜੂਝ ਰਹੇ ਸਨ।

### ਸਰਾਭਾ ਦਿਵਸ

ਸਿੱਧੇ-ਸਾਹਵੇਂ ਇਨਕਲਾਬੀ ਪ੍ਰਚਾਰ ਦੇ ਰਸਤੇ ਵਿੱਚ ਤਾਂ ਕਈ ਰੋਕਾਂ ਅਟਕਾਂ ਰਹੇ ਸਨ, ਇਸ ਲਈ ਇਹਨਾਂ ਨੌਜਵਾਨਾਂ ਨੇ ਪ੍ਰਚਾਰ ਦੇ ਅਸਿੱਧੇ ਢੰਗ ਅਪਨਾਏ _ ਜਿਵੇਂ ਪਹਿਲੀ ਵਾਰ ਨਵੰਬਰ 1926 ਦੌਰਾਨ ਗ਼ਦਰ ਪਾਰਟੀ ਦੇ ਗਭਰੂ ਸ਼ਹੀਦ, ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਵਸ ਬੜੇ ਭਾਵੁਕ ਅੰਦਾਜ਼ ਨਾਲ ਬਰਾਡਲਾ ਹਾਲ ਲਾਹੌਰ ਵਿਖੇ ਮਨਾਇਆ ਗਿਆ। ਭਗਤ ਸਿੰਘ ਨੇ ਆਪਣੇ ਕੋਲ ਸੰਭਾਲ ਕੇ ਰੱਖੀ ਹੋਈ ਸਰਾਭੇ ਦੀ ਫ਼ੋਟੋ ਭਗਵਤੀ ਚਰਨ ਨੂੰ ਦਿੱਤੀ, ਜਿਨ੍ਹਾਂ ਨੇ ਇੱਕ ਵਧੀਆ ਤੇ ਵੱਡੀ ਸਾਰੀ ਫੋਟੋ ਤਿਆਰ ਕਰਵਾਕੇ ਪੰਡਾਲ 'ਚ ਸਜਾਈ, ਜਿਹਦੇ ਤੇ ਸਫ਼ੈਦ ਖੱਦਰ ਦਾ 'ਰੁਮਾਲਾ' ਸੁਸ਼ੋਭਤ ਸੀ। ਸਮਾਗਮ ਦੀ ਸ਼ੁਰੂਆਤ ਦੁਰਗਾ 'ਭਾਬੀ' ਤੇ ਸੁਸ਼ੀਲਾ 'ਦੀਦੀ' ਨੇ ਆਪਣੀਆਂ ਹੱਥਾਂ ਦੀਆਂ ਉਂਗਲੀਆਂ 'ਚ ਸੂਈ ਚੁਭੋ ਕੇ ਖ਼ੂਨ ਦੇ ਛਿੱਟੇ ਮਾਰ ਕੇ ਕੀਤੀ; ਇਸ ਸਮਾਗਮ ਦਾ ਮੁੱਖ ਬੁਲਾਰਾ ਭਗਵਤੀ ਹੀ ਸੀ।

### ਨੌਜਵਾਨ ਭਾਰਤ ਸਭਾ ਦਾ ਮੈਨੀਫੈਸਟੋ

ਇਹ 'ਦਸਤਾਵੇਜ਼' ਵੀ ਭਗਵਤੀ ਚਰਨ ਨੇ ਹੀ ਭਗਤ ਸਿੰਘ ਸੈਕਟਰੀ ਅਤੇ ਕਾਮਰੇਡ ਰਾਮ ਚੰਦਰ ਪ੍ਰਧਾਨ ਦੀ ਸਹਿਮਤੀ ਨਾਲ ਤਿਆਰ ਕੀਤਾ ਸੀ, ਜੋ 13 ਅਪ੍ਰੈਲ 1928 ਨੂੰ ਜਲਿਆਂਵਾਲੇ ਬਾਗ਼ ਵਿੱਚ ਸਭਾ ਦੀ ਪਹਿਲੀ ਸੂਬਾਈ ਕਾਨਫਰੰਸ ਵੇਲੇ ਉਹਦੇ ਵਲੋਂ ਬਤੌਰ ਪਰਾਪੇਗੰਡਾ ਸੈਕਟਰੀ ਜਾਰੀ ਕੀਤਾ ਗਿਆ ਸੀ।

ਕੁੱਝ ਵਣਗੀਆਂ:

> ''ਕੀ ਸਾਡੇ ਲਈ ਇਹ ਸ਼ਰਮ ਵਾਲੀ ਗੱਲ ਨਹੀਂ ਕਿ ਅਸੀਂ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ ਅਤੇ ਹਰੀ ਸਿੰਘ ਨਲਵੇ ਵਰਗੇ ਅਣਖੀ ਸੂਰਬੀਰਾਂ ਦੇ ਪੈਰੋਕਾਰ ਹੁੰਦੇ ਹੋਏ ਵੀ ਵਿਦੇਸ਼ੀ ਗੁਲਾਮੀ ਸਹਿਣ ਕਰਦੇ ਜਾ ਰਹੇ ਹਾਂ।
>
> ''ਅਸੀਂ ਭਾਰਤੀ ਲੋਕ ਕਰ ਕੀ ਰਹੇ ਆ? ਪਿਪਲ ਦੀ ਇੱਕ ਟਾਹਣੀ ਵੱਢ ਦਿੱਤੀ ਜਾਏ ਤਾਂ ਹਿੰਦੂ ਧਰਮ ਨੂੰ ਖਤਰਾ ਪੈਦਾ ਹੋ ਜਾਂਦਾ ਹੈ ਤੇ ਇਹੋ ਹਾਲ ਹੋਰਨਾਂ ਧਾਰਮਿਕ ਭਾਈਚਾਰਿਆਂ ਦਾ ਹੈ। ਧਾਰਮਿਕ ਅੰਧਵਿਸ਼ਵਾਸ਼ ਤੇ ਕੱਟਰ ਪੁਣਾ ਸਾਡੀ ਤਰੱਕੀ ਦੀ ਰਾਹ 'ਚ ਵੱਡੇ ਰੋੜੇ ਹਨ।
>
> ''ਸਾਡੇ ਨੇਤਾ ਜੋ ਕਿਸੇ ਕੁਰਬਾਨੀ-ਤਿਆਗ ਲਈ ਤਾਂ ਤਿਆਰ ਨਹੀਂ ਪਰ ਆਪੋ ਵਿੱਚ ਇਸ ਗਲੋਂ ਘਸੁਨ-ਮੁਕੀ ਹੋ ਰਹੇ ਨੇ ਕਿ ਜੇ ਕੁੱਝ ਪ੍ਰਾਪਤ ਹੋ ਈ ਜਾਏ ਤਾਂ ਉਹਦਾ ਵੰਡ-ਵੰਡਾਰਾ ਕਿਵੇਂ ਕੀਤਾ ਜਾਏ!
>
> ''ਵਿਦੇਸ਼ੀ ਹਾਕਮ ਸਾਡੇ ਧਨਾਡ ਲੋਕਾਂ ਨੂੰ ਅਤੇ ਰੱਜੇ-ਪੁਜੇ ਦਰਮਿਆਨੇ ਲੋਕਾਂ ਨੂੰ ਕੁੱਝ ਰਿਆਇਤਾਂ ਦੇ ਕੇ ਆਪਣੀ ਝੋਲੀ ਪਾਂਦੇ ਜਾ ਰਹੇ ਨੇ ਤੇ ਉਹਨਾਂ ਨਾਲ ਸਾਂਝ ਪੀਡੀ ਕਰ ਰਹੇ ਹਨ।
>
> ''ਆਉਣ ਵਾਲੇ ਸਮੇਂ ਦੇ ਹਾਣ ਦਾ ਬਨਣ ਲਈ ਸਾਨੂੰ ਹੀ ਸ਼ੁਰੂਆਤ ਕਰਨੀ ਹੋਵੇਗੀ _ 'ਜਨਤਾ ਦੁਆਰਾ ਜਨਤਾ ਲਈ' ਕ੍ਰਾਂਤੀ ਲਿਆਉਣੇ ਦੇ ਆਸ਼ੇ ਨਾਲ ਸਾਨੂੰ ਇਹ ਕਦੇ ਭੁਲਣਾ ਨਹੀਂ ਚਾਹੀਦਾ ਕਿ ਤੁਹਾਡਾ ਸ਼ਹੀਦ ਕਰਤਾਰ ਸਿੰਘ ਸਰਾਭਾ ਨੌਜਵਾਨ ਹੀ ਤਾਂ ਸੀ। ਜਦੋਂ ਉਹ ਦੇਸ਼ ਸੇਵਾ ਲਈ ਮੈਦਾਨ ਵਿੱਚ ਨਿਤਰਿਆ ਤਾਂ ਉਸਨੇ ਫਾਂਸੀ ਦਾ ਫੰਦਾ ਮੁਸਕਰਾਉਂਦਿਆਂ, 'ਬੰਦੇ ਮਾਤਰਮ', 'ਬੰਦੇ ਮਾਤਰਮ' ਦਾ ਜਾਪ ਕਰਦਿਆਂ ਗਲ਼ ਲਾਇਆ ਸੀ।
>
> ''ਨੌਜਵਾਨਾਂ ਨੂੰ ਇਹ ਗੱਲ ਪਲੇ ਬੰਨ੍ਹ ਲੈਣੀ ਚਾਹੀਦੀ ਹੈ ਕਿਸੇ ਵੀ ਕੌਮ ਦੇ ਨਿਰਮਾਣ ਲਈ ਅਜਿਹੇ ਹਜ਼ਾਰਾਂ ਗੁਮਨਾਮ ਇਸਤਰੀਆਂ-ਮਰਦਾਂ ਦੇ ਆਤਮ ਬਲੀਦਾਨ ਦੀ ਲੋੜ ਹੁੰਦੀ ਹੈ, ਜੋ ਨਿੱਜੀ ਹਿੱਤਾਂ ਤੋਂ ਉਪਰ ਉਠ ਕੇ ਦੇਸ਼ ਦੇ ਹਿੱਤਾਂ ਖ਼ਾਤਰ ਜਿਨ੍ਹਾਂ ਨਾਲ ਉਹਨਾਂ ਦਾ ਮੋਹ-ਪਿਆਰ ਹੈ, ਉਹਨਾਂ ਦੇ ਹਿੱਤਾਂ ਦੀ ਰੱਖਵਾਲੀ ਲਈ ਆਪਾ ਵਾਰਨ ਲਈ ਤਤਪਰ ਹੋਣ।''

### ਮੈਨੀਫ਼ੈਸਟੋ ਦੇ ਛਾਪੇ ਜਾਣ ਦੀ ਵਿਥਿਆ

ਸਪੈਸ਼ਲ ਟ੍ਰਿਬਿਊਨਲ ਦੇ ਰੂਬਰੂ:

ਪਹਿਲੀ ਨਜ਼ਰੇ ਕਿਸੇ ਖਰੜੇ ਦੀ ਛਪਵਾਈ ਬੜੀ ਸਾਧਾਰਨ ਜਿਹੀ ਗੱਲ ਹੁੰਦੀ ਹੈ, ਪਰ ਇਸ ਮਾਮਲੇ 'ਚ ਹੋਇਆ ਇਉਂ ਕਿ ਭਗਵਤੀ ਚਰਨ ਇਸਨੂੰ ਛਪਵਾਉਣ ਲਈ ਅਖਬਾਰ 'ਟ੍ਰਿਬਿਉਨ' ਦੇ ਛਾਪਾਖਾਨੇ ਵਿੱਚ ਲੈ ਗਿਆ, ਜਿੱਥੇ ਐਡੀਟਰ ਨੇ ਸਰਸਰੀ ਨਜ਼ਰੇ ਭਾਂਪ ਲਿਆ ਕਿ ਇਹ ਸਰਕਾਰ ਵਿਰੋਧੀ ਦਸਤਾਵੇਜ਼ ਹੈ ਤਾਂ ਉਹਨੇ ਇਹਦੇ ਛਾਪਣ ਤੋਂ ਨਾਂਹ ਕਰ ਦਿੱਤੀ।

ਪੁਲਿਸ ਨੂੰ ਲਾਹੌਰ ਸਾਜਿਸ਼ ਕੇਸ ਦੀ ਤਫ਼ਤੀਸ਼ ਕਰਦਿਆਂ ਇਹ ਕੁੱਝ ਪਤਾ ਲੱਗ ਜਾਣ ਤੇ ਉਹਨਾਂ ਨੇ ਭਗਵਤੀ ਚਰਨ ਵਿਰੁੱਧ ਸ਼ਨਾਖਤੀ-ਗਵਾਹ ਜੁਟਾਉਣ ਲਈ ਅਖ਼ਬਾਰ ਦੇ ਮਾਲਕਾਂ ਰਾਹੀਂ ਸੰਬੰਧਤ ਐਡੀਟਰ ਦੀ ਨਿਸ਼ਾਨਦੇਹੀ ਕਰਕੇ ਉਹਨੂੰ ਬਤੌਰ ਗਵਾਹ ਅਦਾਲਤ 'ਚ ਤਲਬ ਕਰ ਲਿਆ _ ਉਹ ਸੀ ਜੰਗ ਬਹਾਦਰ ਸਿੰਘ, ਜੋ ਬਤੌਰ ਗਵਾਹ ਨੰ. 347, 5 ਅਗਸਤ 1930 ਨੂੰ ਟ੍ਰਿਬਿਉਨਲ ਸਾਹਮਣੇ ਪੇਸ਼ ਹੋਇਆ ਸੀ _ ਜੰਗ ਬਹਾਦਰ ਸਿੰਘ ਸੱਚਮੁੱਚ ਹੀ 'ਜੰਗ ਬਹਾਦਰ' ਨਿਕਲਿਆ ਤੇ ਅਦਾਲਤ ਵਲੋਂ ਦਿੱਤੇ ਡਰਾਵਿਆਂ ਤੇ ਧਮਕੀਆਂ ਦੇ ਬਾਵਜੂਦ ਉਹਨੇ ਭਗਵਤੀ ਵਿਰੁੱਧ ਜ਼ੁਬਾਨ ਖੋਲ੍ਹਣੋਂ ਇੱਕ ਟੁਕ ਇਨਕਾਰ ਕਰ ਦਿੱਤਾ, ''ਚੂੰਕਿ ਮੁਲਜ਼ਿਮ ਅਦਾਲਤ ਵਿਚ ਮੌਜੂਦ ਨਹੀਂ ਜਿਹੜਾ ਮੇਰੀ ਗਵਾਹੀ ਤੇ ਜਿਰ੍ਹਾ ਜਾਂ ਉਜ਼ਰ ਕਰ ਸਕੇ। ਮੈਂ ਉਹਦੇ ਬਾਰੇ, ਅਦਾਲਤ ਵੱਲੋਂ ਪੁਛੇ ਗਏ ਕਿਸੇ ਸਵਾਲ ਦਾ ਜਵਾਬ ਨੈਤਿਕ ਆਧਾਰ 'ਤੇ ਨਹੀਂ ਦੇ ਸਕਾਂਗਾ'', ਜੰਗ ਬਹਾਦਰ ਨੇ ਨਿਧੜਕ ਹੋਕੇ ਕਿਹਾ।

3

# ਭਗਵਤੀ ਚਰਨ 'ਤੇ ਪੁਲਿਸ ਮੁਖ਼ਬਰ ਹੋਣ ਦਾ ਦੋਸ਼

ਕਾਕੋਰੀ ਕਾਂਡ ਵਾਲੇ ਇਨਕਲਾਬੀਆਂ ਨੂੰ ਫਾਸੀਆਂ ਤੇ ਉਮਰ ਕੈਦਾਂ ਦੀਆਂ ਸਜ਼ਾਵਾਂ ਸੁਨਾਈਆਂ ਜਾ ਚੁੱਕੀਆਂ ਸਨ ਤੇ ਹੋਰ ਕੋਈ ਪੇਸ਼ ਨਾ ਜਾਂਦੀ ਵੇਖ, ਇਹਨਾਂ 'ਚ ਕੁੱਝ ਸਿਰਕੱਢ ਆਗੂਆਂ ਨੂੰ ਜੇਲ੍ਹ 'ਚੋਂ ਛੁੜਾਉਣ ਦੀਆਂ ਵਿਉਂਤਾਂ ਬਨਾਈਆਂ ਜਾ ਰਹੀਆਂ ਸਨ। ਇਹਨਾਂ ਸਕੀਮਾਂ ਨੂੰ ਸਿਰੇ ਚਾੜ੍ਹਣ ਲਈ ਪਾਰਟੀ ਦੀਆਂ ਸੂਬਾਈ ਇਕਾਈਆਂ ਨੂੰ ਏਸ ਮਕਸਦ ਲਈ ਵਾਲੰਟੀਅਰ ਤੇ ਪੈਸੇ ਭੇਜਣ ਲਈ ਜੋਰ ਪਾਇਆ ਜਾ ਰਿਹਾ ਸੀ; ਹੁਣ ਚੂੰਕਿ ਪੰਜਾਬ ਵਾਲੀ ਪਾਰਟੀ 'ਸਹੀ ਸਲਾਮਤ' ਬਚੀ ਹੋਈ ਸੀ, ਇਸ ਲਈ ਜੇਲ੍ਹੀਂ ਡੱਕੇ ਹੋਏ ਕਾਰਕੁਨਾਂ ਦੀ ਵੱਡੀ ਟੇਕ ਪੰਜਾਬ ਤੇ ਹੀ ਸੀ।

ਏਧਰ ਪੰਜਾਬ ਪਾਰਟੀ ਦੀ ਵਾਗਡੋਰ ਪ੍ਰੋਫੈਸਰ ਜੈਚੰਦਰ ਵਿਦਿਆਲੰਕਾਰ ਦੇ ਹੱਥ ਸੀ, ਜੋ ਸਾਰੇ ਜੁਝਾਰੂ ਨੌਜਵਾਨਾਂ ਦਾ ਗੁਰੂ ਤੇ ਰਹਿਬਰ ਸੀ। ਪਰ, ਗੁਰੂ ਜੀ ਕੇਵਲ ਕਲਮ ਤੇ ਕਥਨ ਦੇ ਹੀ ਧਨੀ ਸਨ ਤੇ ਅਮਲ ਦੇ ਖੇਤਰ 'ਚ ਜ਼ਬਾਨੀ ਜਮ੍ਹਾਂ-ਖ਼ਰਚ ਨਾਲ ਹੀ ਡੰਗ ਟਪਾ ਰਹੇ ਸਨ, ਜੋ ਚੇਲਿਆਂ ਨੂੰ ਹਜ਼ਮ ਨਹੀਂ ਸੀ ਹੋ ਰਿਹਾ ਅਤੇ ਉਹ 'ਕੁੱਝ ਕਰਨ' ਲਈ ਤਰਲੋ-ਮੱਛੀ ਹੋ ਰਹੇ ਸਨ; ਖਾਸ ਕਰਕੇ ਭਗਵਤੀ ਚਰਨ, ਜੋ ਇਨ੍ਹਾਂ ਸਾਰਿਆਂ 'ਚ ਸੁਘੜ ਵੀ ਸੀ ਤੇ ਜਿਸ ਨੂੰ ਕੋਮਾਂਤਰੀ ਕਮਿਊਨਿਸਟ ਲਹਿਰ ਬਾਰੇ ਤਜਰਬਾ ਵੀ ਸੀ। ਉਹ ਸਾਥੀਆਂ ਨੂੰ ਕਹਿ ਰਿਹਾ ਸੀ ਕਿ ਜੇ 'ਗੁਰੂ ਜੀ' ਟਸ ਤੋਂ ਮਸ ਨਾ ਹੋਏ ਤਾਂ ਉਹ ਵੱਖਰਾ ਦਲ ਬਣਾਕੇ ਲੋੜੀਂਦੇ ਵਾਲੰਟੀਅਰ ਤੇ ਪੈਸਾ ਜੁਟਾਕੇ ਕਾਕੋਰੀ ਸਾਥੀਆਂ ਨੂੰ ਉਪਲਬਦ ਕਰਾਉਣ ਲਈ ਪਹਿਲ ਕਦਮੀ ਕਰਨ ਤੋਂ ਨਹੀਂ ਝਿਜਕੇਗਾ। ਜਦੋਂ ਇਹਦੀ ਕਨਸੋਅ 'ਗੁਰੂ ਜੀ' ਦੇ ਕੰਨੀ ਪਈ ਤਾਂ ਉਹਨਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ਤੇ ਉਹਨਾਂ ਨੇ ਲਗਦੇ ਹੱਥ ਆਪਣੇ ਚੇਲਿਆ ਦੇ ਕੰਨੀ ਫੂਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਭਗਵਤੀ ਤਾਂ ਸੀ.ਆਈ.ਡੀ. ਦਾ ਜਾਸੂਸ ਹੈ।

ਇਹਨੀਂ ਦਿਨੀਂ ਹੀ ਉਹਨਾਂ ਸੁਸ਼ੀਲਾ 'ਦੀਦੀ' ਨੂੰ ਕੈਦੀ ਛੁਡਾਓ ਸਕੀਮ ਲਈ ਯੋਗਦਾਨ ਲਈ ਪਹੁੰਚ ਕੀਤੀ ਤਾਂ ਉਹਨੇ ਫ਼ੌਰਨ ਆਪਣੀਆਂ ਸੋਨੇ ਦੀਆਂ ਚੂੜੀਆਂ ਦੇਣ ਦੀ ਪੇਸ਼ਕਸ਼ ਕਰ ਦਿੱਤੀ ਜੋ ਕਿ ਉਹਨਾਂ ਦੀ ਸਰਗਵਾਸੀ ਮਾਤਾ ਜੀ ਨੇ ਉਹਨੂੰ ਵਿਆਹ ਲਈ ਸੁਗਾਤ ਵਜੋਂ ਦਿੱਤੀਆਂ ਹੋਈਆਂ ਸਨ।

ਉਧਰ ਸਬੱਬ ਨਾਲ ਪ੍ਰੋਫੈਸਰ ਹੋਰਾਂ ਦੀ ਭਾਣਜੀ ਦਾ ਵਿਆਹ ਰਚਿਆ ਹੋਇਆ ਸੀ, ਜੀਹਦੇ ਲਈ ਜ਼ੇਵਰ ਬਨਵਾਉਂਣੇ ਸਨ, ਸੋ ਉਹਨਾਂ ਦੇ ਮਨ ਵਿੱਚ ਆਇਆ ਕਿ ਸੁਸ਼ੀਲਾ ਚੂੜੀਆਂ ਨੂੰ ਬਾਜ਼ਾਰ ਵਿੱਚ ਵੇਚਣ ਦੀ ਬਜਾਏ ਵਜ਼ਨ ਕਰਾਕੇ, ਸੋਨੇ ਦਾ ਬਣਦਾ ਮੁਲ ਪਾਰਟੀ ਨੂੰ ਦੇ ਦਿੱਤਾ ਜਾਏ ਤੇ ਇਹ ਚੂੜੀਆਂ ਆਪਣੇ ਪੇਟੇ ਪਾ ਲਈਆਂ ਜਾਣ ਤਾਂ ਜੋ ਉਹਨਾਂ ਨੂੰ ਘੱਟੋ-ਘੱਟ ਘੜਾਈ ਦਾ ਖ਼ਰਚਾ ਬਚ ਜਾਏਗਾ।

ਜਦੋਂ ਭਗਵਤੀ ਨੂੰ ਇਹਦਾ ਪਤਾ ਲੱਗਾ ਤੇ ਉਹਨਾਂ ਧੜੱਲੇ ਨਾਲ ਕਿਹਾ ਕਿ ਇਹ ਚੂੜੀਆਂ ਵੇਚ ਦਿੱਤੀਆਂ ਜਾਣ ਤੇ ਪੈਸੇ ਪਾਰਟੀ ਨੂੰ ਦੇ ਦਿੱਤੇ ਜਾਣ ਤੇ ਜਿੰਨੇ ਪੈਸੇ ਪ੍ਰੋਫੈਸਰ ਸਾਹਿਬ ਆਪਣੀ ਭਾਣਜੀ ਦੀਆਂ ਚੂੜੀਆਂ ਤੇ ਖਰਚ ਕਰਨ ਜਾ ਰਹੇ ਹਨ, ਉਹ ਪੈਸੇ ਵੀ ਪਾਰਟੀ ਦੇ ਖਾਤੇ ਵਿੱਚ ਹੀ ਪਾ ਦਿੱਤੇ ਜਾਣ, ਕਿਉਂਕਿ ''ਜੇ ਸੁਸ਼ੀਲਾ 'ਦੀਦੀ' ਚੂੜੀਆਂ ਬਿਨਾਂ ਵਿਆਹ ਕਰਾ ਸਕਦੀ ਹੈ ਤਾਂ ਪ੍ਰੋਫੈਸਰ ਸਾਹਿਬ ਦੀ ਭਾਜਣੀ ਕਿਉਂ ਨਹੀਂ ਕਰਾ ਸਕਦੀ; ਤੇ ਉਹਨਾਂ ਦਾ ਇੰਜ ਕਰਨਾ ਹੋਰ ਵੀ ਵਾਜਬ ਹੈ ਕਿਉਂਕਿ ਉਹ ਪਾਰਟੀ ਦੇ ਕਰਤਾ-ਧਰਤਾ ਹਨ।

ਬਸ ਜੀ, ਫਿਰ ਕੀ ਸੀ? ਗੁਰੂ ਜੀ ਨੇ ਹਰੇਕ ਦੇ ਕੰਨੀ ਪਾਉਣਾ ਸ਼ੁਰੂ ਕਰ ਦਿੱਤਾ ਕਿ ਮੈਨੂੰ 'ਅਤਿ ਭਰੋਸੇਯੋਗ ਸਰੋਤਾਂ' ਤੋਂ ਪਤਾ ਲਗੈ ਕਿ ਭਗਵਤੀ ਚਰਨ ਬਾਕਾਇਦਾ ਸੀ.ਆਈ.ਡੀ. ਦਾ ਏਜੇਂਟ ਹੈ, ਸੋ ਇਹਦੇ ਤੋਂ ਬੱਚ ਕੇ ਰਹਿਣਾ।

ਵੈਸ਼ਮਪਾਇਨ ਨੇ ਪੈਸੇ ਦੇ ਮਾਮਲੇ 'ਚ ਪੰਜਾਬ ਪਾਰਟੀ ਦੀ ਸਥਿਤੀ ਬਾਰੇ ਲਿਖਿਆ ਹੈ:

> ਇੱਕ ਵਾਰੀ ਭਗਵਤੀ ਨੇ ਮੈਨੂੰ ਕਿਸੇ ਕੰਮ ਭੇਜਿਆ ਤੇ ਨਾਲ ਖਰਚ ਵਜੋਂ ਪੈਸੇ ਵੀ ਦਿੱਤੇ। ਜਦੋਂ ਮੈਂ ਵਾਪਸੀ ਤੇ ਬਚੇ ਹੋਏ ਵਾਪਸ ਕਰਦਿਆਂ ਖਰਚ ਹੋਏ ਪੈਸਿਆਂ ਦਾ ਹਿਸਾਬ ਦੇਣ ਲੱਗਿਆ ਤਾਂ ਉਸਨੇ ਮੇਰੇ ਮੂੰਹ ਵੱਲ ਇੰਜ ਵੇਖਿਆ ਜਿਵੇਂ ''ਹੈਂ! ਇਹ ਕੀ!'' ਪੰਜਾਬ ਦਾ ਇੱਕ ਸਾਥੀ ਜੋ ਕੋਲ ਬੈਠਾ ਸੀ ਨੇ ਕਿਹਾ, ''ਹਿਸਾਬ ਕਾਹਦਾ...! ਅਸੀਂ ਤਾਂ ਕਦੇ ਵੀ ਕੋਈ ਹਿਸਾਬ-ਹਿਸੂਬ ਨਹੀਂ ਕਰਦੇ।''
>
> ਮੇਰੇ ਲਈ ਇਹ ਅੜਾਉਣੀ ਜਿਹੀ ਹੀ ਬਣੀ ਰਹੀ ਕਿਉਂਕਿ ਸਾਨੂੰ (ਯੂ.ਪੀ. ਦੇ ਕ੍ਰਾਂਤੀਕਾਰੀ ਸਾਥੀਆਂ ਨੂੰ) ਤਾਂ ਆਜ਼ਾਦ ਨੇ ਪੈਸੇ ਗਿਣ ਦੇ ਲਿਜਾਣ ਤੇ ਵਾਪਸੀ ਤੇ ਹਿਸਾਬ ਦੇਣਾ ਹੀ ਸਿਖਾਇਆ ਹੋਇਆ ਸੀ...
>
> ... ਕੁੱਝ ਸਮੇਂ ਬਾਅਦ ਮੈਨੂੰ ਅਨੁਭਵ ਹੋਇਆ ਕਿ ਪੰਜਾਬ ਵਾਲਿਆਂ ਲਈ ਤਾਂ ਭਗਵਤੀ ਦਾ ਖਜ਼ਾਨਾ ਹਮੇਸ਼ਾ ਖੁਲ੍ਹਾ ਹੀ ਰਹਿੰਦਾ ਹੋਵੇਗਾ ਅਤੇ ਉਨ੍ਹਾਂ ਨੂੰ ਪੈਸੇ ਵੱਲੋਂ ਭਗਵਤੀ ਨੇ ਕਦੇ ਵੀ ਤੋਟ ਨਹੀਂ ਆਉਣ ਦਿੱਤੀ ਹੋਣੀ, ਤਾਂ ਹੀ ਇਹਨਾਂ ਨੂੰ ਮੇਰਾ ਵਤੀਰਾ ਵਚਿੱਤਰ ਲੱਗਾ ਸੀ।

ਪਾਰਟੀ ਕਾਰਕੁਨ, ਖਾਸ ਕਰਕੇ ਪੰਜਾਬ ਵਾਲੇ ਬਹੁਤ ਕਸੂਤੇ ਫਸੇ ਹੋਏ ਸਨ ਕਿ ਉਹ ਜੈ ਚੰਦਰ ਦੀ ਗੱਲ ਤੇ ਯਕੀਨ ਕਰਨ ਜਾਂ ਕਿ ਭਗਵਤੀ ਚਰਨ ਦੀ ਨੇਕ ਨੀਯਤੀ ਤੇ। ਪਰ ਪੰਜਾਬ ਤੋਂ ਬਾਹਰਲੇ ਵਰਕਰਾਂ ਲਈ ਤਾਂ ਜੈ ਚੰਦਰ ਹੀ ਸਭ ਕੁੱਝ ਸੀ ਕਿਉਂਕਿ ਭਗਵਤੀ ਨਾਲ ਤਾਂ ਉਹਨਾਂ ਦਾ ਸਿੱਧਾ ਵਾਹ ਕਦੇ ਪਿਆ ਹੀ ਨਹੀਂ ਸੀ। ਉਹ ਤਾਂ ਪੰਜਾਬ 'ਚ ਆਏ ਹੀ ਦਿੱਲੀ ਦੀ ਸਤੰਬਰ 1928 ਵਾਲੀ ਬੈਠਕ ਤੋਂ ਪਿਛੋਂ ਸੀ, ਜਦੋਂ ਭਗਵਤੀ ਨੂੰ ਮਿਲਣਾ ਹੀ ਵਰਜਿਤ ਸੀ। ਐਥੋਂ ਤੱਕ ਕਿ ਸੈਂਟ੍ਰਲ ਕਮੇਟੀ ਦੇ ਸੱਤ ਮੈਂਬਰਾਂ 'ਚ ਸਿਵਾਏ ਭਗਤ ਸਿੰਘ ਤੇ ਸੁਖ ਦੇਵ ਦੇ ਹੋਰ ਕਿਸੇ ਨਾਲੇ ਕਦੇ ਉਹਦਾ ਮੇਲ ਹੀ ਨਹੀਂ ਸੀ ਹੋਇਆ।

ਭਗਤ ਸਿੰਘ ਉਨ੍ਹੀਂ ਦਿਨੀਂ ਬੌਦਲਿਆ ਹੋਇਆ ਰਹਿੰਦਾ ਸੀ, ਕਿਉਂ ਉਹਦੀ ਭਗਵਤੀ ਨਾਲ ਨਾ ਕੇਵਲ ਆਤਮਿਕ ਸਾਂਝ ਹੀ ਸੀ, ਬਲਕਿ ਪਰਿਵਾਰਿਕ ਰਿਸ਼ਤਾ ਵੀ ਸੀ। ਪੰਜਾਬ ਦੀ ਪਾਰਟੀ ਦੀਆਂ ਸਰਗਰਮੀਆਂ ਠੱਪ ਹੋਈਆਂ ਪਈਆਂ ਸਨ... ਸਾਥੀਆਂ ਲਈ ਇਹ ਸਿਰੇ ਦੀ ਚੁਣੌਤੀ ਸੀ ਕਿ ਭਗਵਤੀ

ਵਰਗੇ ਵਿਅਕਤੀ ਦੇ ਸੀ.ਆਈ.ਡੀ. ਜਾਸੂਸ ਹੋਣ ਦਾ ਭਾਵ ਸੀ ਕਿ ਉਹ ਸਾਰੇ ਹੁਣ ਤੱਕ ਸੀ.ਆਈ.ਡੀ. ਵਾਲਿਆਂ ਦੀਆਂ ਕਠ-ਪੁਤਲੀਆਂ ਹੀ ਰਹੇ ਸਨ।

ਭਗਵਤੀ ਨੂੰ ਦੁਰਕਾਰੇ ਜਾਣ ਕਰਕੇ ਨੌਜਵਾਨ ਭਾਰਤ ਸਭਾ ਤੋਂ ਲੈ ਕੇ ਹਰ ਸੰਸਥਾ ਆਖਰੀ ਸਾਹ ਲੈ ਰਹੀ ਸੀ। ਹਰ ਪਾਸੇ ਐਹੋ ਕਿਹਾ-ਸੁਣਿਆ ਜਾ ਰਿਹਾ ਸੀ ਕਿ ''ਅਤੀ ਭਰੋਸੋਯੋਗ ਵਸੀਲਿਆਂ ਤੋਂ ਪਤਾ ਲਗੈ ਕਿ ਭਗਵਤੀ ਚਰਨ ਸੀ.ਆਈ.ਡੀ. ਦਾ ਤਨਖ਼ਾਹਦਾਰ ਹੈ।''

ਸੋ ਕਾਕੋਰੀ ਵਾਲੇ ਸਾਥੀਆਂ ਵਾਸਤੇ ਕੁੱਝ ਵੀ ਕੀਤਾ ਨਹੀਂ ਜਾ ਸਕਿਆ ਤੇ ਇਸ ਨਾਕਾਮੀ ਦਾ ਭਾਂਡਾ ਵੀ ਭਗਵਤੀ ਦੇ ਸਿਰ ਤੇ ਹੀ ਭੰਨਿਆ ਜਾ ਰਿਹਾ ਸੀ; ਸੋ ਕੁੱਝ ਸਾਥੀਆਂ ਨੇ ਨਵੀਂ ਪਾਰਟੀ ਖੜ੍ਹੀ ਕਰਨ ਬਾਰੇ ਸਲਾਹ ਬਣਾਈ, ਜਿਸ ਬਾਰੇ ਭਗਵਤੀ ਨੂੰ ਕੁੱਝ ਪਤਾ ਈ ਨਾ ਹੋਵੇ ਪਰ 'ਸਿਆਪਾ' ਇਹ ਸੀ ਕਿ ਭਗਵਤੀ ਤੋਂ ਕੁੱਝ ਵੀ ਲੁਕਿਆ ਨਹੀਂ ਰਹਿ ਸਕਦਾ ਸੀ, ਕਿਉਂਕਿ ਉਹ ਤਾਂ 'ਜਾਣੀ-ਜਾਣ' ਸੀ। ਉਧਰ ਜੈ ਚੰਦਰ ਦਾ ਵੀ ਇਹੀ ਪ੍ਰਚਾਰ ਸੀ ਕਿ 'ਇਦੇ ਹੁੰਦਿਆਂ ਕੁੱਝ ਹੋ ਹੀ ਨਹੀਂ ਸਕਦਾ ਕਿਉਂਕਿ ਇਹ ਸਿਰੇ ਦਾ ਮਕਾਰ ਅਤੇ ਦਗ਼ੇਬਾਜ਼ ਹੈ ਜੀਹਦੇ ਹੁੰਦਿਆਂ ਤੁਹਾਡੀ ਕੋਈ ਸਕੀਮ ਸਿਰੇ ਨਹੀਂ ਚੜ੍ਹ ਸਕਦੀ। ਭਗਤ ਸਿੰਘ ਲਈ ਇੱਕ ਪਾਸੇ ਖੱਡ ਸੀ ਤੇ ਦੂਜੇ ਪਾਸੇ ਖਾਈ। ਜ਼ਾਤੀ ਤੌਰ ਤੇ ਉਹਦਾ ਭਗਵਤੀ ਤੇ ਅਟੁੱਟ ਵਿਸ਼ਵਾਸ ਸੀ, ਪਰ ਕੇਵਲ ਉਹਦੀ ਵਜ੍ਹਾਂ ਕਰਕੇ ਹੀ ਕੁੱਝ ਵੀ ਕਰ ਨਹੀਂ ਸੀ ਪਾ ਰਿਹਾ। ਪਾਰਟੀ ਦੇ ਕੰਮ ਨੂੰ ਨਵੇਂ ਸਿਰਿਉਂ ਸ਼ੁਰੂ ਕਰਨ ਦੀ ਹਰੇਕ ਤਜਵੀਜ਼ ਨੂੰ ਜੈ ਚੰਦਰ ਇਹ ਕਹਿ ਕੇ ਨਾਕਾਰ ਦੇਂਦਾ ਕਿ 'ਇਹਦੀ ਖ਼ਬਰ ਭਗਵਤੀ ਤੱਕ ਪਹੁੰਚ ਜਾਣੀ ਲਾਜ਼ਮੀ ਹੈ।'

ਉਧਰ ਅਸੂਲੀ ਤੌਰ ਤੇ ਭਗਤ ਸਿੰਘ ਪਾਰਟੀ ਦੇ ਮਾਮਲੇ 'ਚ ਕਿਸੇ ਨਿੱਜੀ ਭਾਵਨਾ ਦੀ ਦਖ਼ਲ-ਅੰਦਾਜ਼ੀ ਦਾ ਕੱਟਰ ਵਿਰੋਧੀ ਸੀ ਤੇ ਕਈ ਵਾਰ ਉਹ ਬੁਖ਼ਲਾ ਕੇ ਇਹ ਵੀ ਕਹਿ ਦੇਂਦਾ ਕਿ ਜੇ ਭਗਵਤੀ ਦੇ ਹੁੰਦਿਆਂ ਕੁੱਝ ਵੀ ਨਹੀਂ ਹੋ ਸਕਣਾ ਤਾਂ ਉਹਨੂੰ 'ਠਿਕਾਣੇ ਲਾਉਣ' ਤੋਂ ਬਗ਼ੈਰ ਹੋਰ ਕੋਈ ਚਾਰਾ ਨਹੀਂ ਦਿਸ ਰਿਹਾ; ਇੰਜ 'ਗ਼ਦਾਰਾਂ ਨੂੰ ਠਿਕਾਣੇ ਲਾਉਣਾ' ਇਨਕਲਾਬੀ ਪਾਰਟੀਆਂ ਲਈ ਕੋਈ ਨਵੀਂ ਗੱਲ ਨਹੀਂ ਸੀ।

ਯਸ਼ਪਾਲ ਜੀਹਦੀ, 1926 ਤੋਂ ਦੁਰਗਾ 'ਭਾਬੀ' ਨਾਲ ਪ੍ਰਭਾਕਰ ਪਾਸ ਕਰਨ ਵੇਲੇ ਤੋਂ ਵੋਹਰਾ ਪਰਿਵਾਰ ਨਾਲ ਸਾਂਝ ਬਰਕਰਾਰ ਸੀ, ਉਹਨੂੰ ਭਗਤ ਸਿੰਘ ਨੇ ਕਿਹਾ, ''ਕੀ ਇਹ ਦੁਸ਼ਟ 'ਸੱਚਮੁਚ' ਸੀ.ਆਈ.ਡੀ ਹੋ ਸਕਦੈ... ਮੇਰਾ ਦਿਲ ਨਹੀਂ ਮੰਨਦਾ!''

ਉਹਨੇ ਕਈ ਵਾਰੀ ਖਿਝ ਕੇ ਯਸ਼ਪਾਲ ਨੂੰ ਮਿਹਣੇ ਵਜੋਂ ਕਹਿਣਾ ਕਿ ਤੂੰ ਮਜ਼ੇ ਨਾਲ ਉਹਨਾਂ ਕੋਲ ਖਾ-ਪੀ ਆਊਨੈ, ਪਰ ਕੀ ਤੂੰ ਇਸ ਬਾਰੇ ਥਹੁ-ਪਤਾ ਨਹੀਂ ਲਾ ਸਕਦਾ?

''ਅੱਗੋ ਮੇਰਾ ਜਵਾਬ ਹੁੰਦਾ ਕਿ ਮੈਂ ਤਾਂ ਪੂਰੀ ਵਾਹ ਲਾਕੇ ਵੇਖ ਲਿਐ ਮੈਨੂੰ ਤਾਂ ਉਹਦੇ ਸੀ.ਆਈ.ਡੀ. ਹੋਣ ਦਾ ਮਾੜਾ-ਮੋਟਾ ਸੰਕੇਤ ਵੀ ਨਹੀਂ ਮਿਲਿਆ। ਤਾਂ ਭਗਤ ਸਿੰਘ ਨੇ ਮੇਰੀਆਂ ਅੱਖਾਂ 'ਚ ਅੱਖਾਂ ਪਾਕੇ ਕਹਿਣਾ, ''ਤਾਂ ਕੀ ਉਹ ਸੀ.ਆਈ.ਡੀ. ਨਹੀਂ ਹੈ?''

''ਮੈਂ ਗੱਲ ਟਾਲਣ ਲਈ ਕਹਿ ਦੇਣਾ ਕਿ ਜਦੋਂ ਹਰ ਕੋਈ ਉਹਨੂੰ ਅਜਿਹਾ ਕਹਿ ਰਿਹੈ ਤਾਂ ਹੋ ਸਕਦੈ ਉਹਨਾਂ ਕੋਲ ਕੋਈ ਸਬੂਤ ਹੋਵੇ ਈ।''

ਇੱਕ ਦਿਨ ਭਗਤ ਸਿੰਘ ਭਰਿਆ-ਭੀਤਾ ਮੇਰੇ ਕੋਲ ਆਇਆ ਤੇ ਪਿਸਤੌਲ ਦਿਖਾਉਂਦਿਆਂ ਬੋਲਿਆ, ''ਮੈਂ ਉਹਨੂੰ ਅੱਜ ਮਾਰ ਮੁਕਾਉਣਾ ਹੈ।''

ਚਿੜ੍ਹ ਕੇ ਮੈਂ ਜਵਾਬ ਦਿੱਤਾ, ''ਪਰ ਇਸ ਲਈ ਜ਼ਿਮੇਵਾਰੀ ਸਿਰਫ਼ ਤੇ ਸਿਰਫ਼ ਤੇਰੀ ਹੀ ਹੋਵੇਗੀ।'' ਤਾਂ ਉਹ ਇੱਕ ਦਮ ਗੰਭੀਰ ਹੋ ਗਿਆ।

ਪਰ ਮੇਰੀ ਹੈਰਾਨਗੀ ਦੀ ਉਦੋਂ ਕੋਈ ਹੱਦ ਹੀ ਨਾ ਰਹੀ ਜਦੋਂ ਮੈਂ ਦੂਜੇ-ਤੀਜੇ ਦਿਨ ਭਗਤ ਸਿੰਘ ਨੂੰ ਭਗਵੀ ਦੇ ਘਰ ਤਖ਼ਤ ਪੋਸ਼ ਤੇ ਉਹਦੇ ਨਾਲ ਢੁਕ ਕੇ ਬੈਠਿਆਂ ਗੱਲਬਾਤ ਕਰਦਾ ਨਜ਼ਰ ਆਇਆ। ਭਗਵਤੀ ਆਪਣੀ ਆਦਤ ਮੂਜਬ ਬਣੈਨ ਪਾਈ ਬੈਠਾ ਆਪਣੇ ਢਿਡ ਤੇ ਹੱਥ ਫੇਰੀ ਜਾ ਰਿਹਾ ਸੀ... ਭਗਤ ਸਿੰਘ ਦੇ ਮੂੰਹ ਦੇ ਹਾਵ-ਭਾਵ ਦੱਸ ਰਹੇ ਸਨ ਕਿ ਜਿਵੇਂ ਉਹ ਗੰਭੀਰ ਘੁੰਮਣ-ਘੇਰੀ 'ਚ ਫੱਸਿਆ ਹੋਇਆ ਤੇ ਉਹਨੂੰ ਦੋ ਆਪਾ-ਵਿਰੋਧੀ ਤਾਕਤਾਂ ਆਪਣੇ-ਆਪਣੇ ਵੱਲ ਨੂੰ ਖਿਚੀ ਜਾ ਰਹੀਆਂ ਹੋਣ।

ਤਲਾਸ਼ੀ

ਕੁੱਝ ਦਿਨ ਪਿੱਛੋਂ ਸੁਖ ਦੇਵ ਯਸ਼ਪਾਲ ਕੋਲ ਆਇਆ ਤੇ ਬੜੀ ਸੰਜੀਦਗੀ ਨਾਲ ਉਹਨੂੰ ਕਿਹਾ, ''ਭਗਵਤੀ ਵਾਲੇ ਪੰਗੇ ਨਾਲ ਤਾਂ ਨਜਿਠਣਾ ਹੀ ਹੋਵੇਗਾ।''

''ਕੀ? ਕਿਵੇਂ?'' ਉਹਦੇ ਗੰਭੀਰ ਹਾਵ-ਭਾਵ ਵੇਖਦਿਆਂ ਮੈਂ ਪੁਛਿਆ।

ਸੁਖਦੇਵ ਦਾ ਜਵਾਬ ਸੀ, ''ਹੁਣ ਇਸ ਵੇਲੇ ਭਗਤ ਸਿੰਘ ਗਲੀਂ-ਬਾਤੀਂ ਲਾ ਕੇ ਆਪਣੇ ਪਿੰਡ ਖਵਾਸਰੀਆਂ ਨੂੰ ਲਿਜਾ ਰਿਹਾ ਹੈ। ਇੰਨੇ 'ਚ ਤੂੰ ਜਾ ਤੇ ਭਗਵਤੀ ਦੇ ਘਰ ਦੀ ਜਿੰਨੀ ਕੁ ਛਾਣਬੀਣ ਕਰ ਸਕਦੈ ਕਰ ਵੇਖ, ਉਹਦੀਆਂ ਨਿੱਜੀ ਡਾਇਰੀਆਂ, ਰਿਕਾਰਡ, ਆਦਿ ਦੀ।

''ਸਬੱਬ ਨਾਲ ਮੈਨੂੰ ਉਸ ਵੇਲੇ ਛਾਤੀ 'ਚ ਕੁੱਝ ਤਕਲੀਫ਼ ਸੀ ਤੇ ਸਾਹ ਵੀ ਠੀਕ ਤਰ੍ਹਾਂ ਨਹੀਂ ਸੀ ਲਿੱਤਾ ਜਾ ਰਿਹਾ ਅਤੇ ਮੈਂ ਇੱਕ ਦੇਸੀ ਦਵਾਈ ਲੈ ਕੇ ਆ ਰਿਹਾ ਸਾਂ, ਜਿਹੜੀ ਉਬਲਦੇ ਪਾਣੀ 'ਚ ਕਾੜ੍ਹ ਕੇ ਲੈਣੀ ਸੀ। ਮੈਂ ਭਗਵਤੀ ਦੇ ਘਰ ਦਾ ਜਾ ਕੁੰਡਾ ਖੜਕਾਇਆ, ਤੇ ਭਾਬੀ ਨੂੰ ਜੋ ਓਪਰਲੀ ਮੰਜ਼ਿਲ ਤੇ ਸੀ, ਪੁਛਿਆ ਕਿ ਕੀ ਭਾਈ ਸਾਹਿਬ ਘਰ ਹਨ?'' ''ਕੁੱਝ ਦੱਸ ਕੇ ਨਹੀਂ ਗਏ, ਸ਼ੈਦ ਆਉਂਦੇ ਹੀ ਹੋਣਗੇ'', ਕਹਿੰਦਿਆਂ ਉਹ ਹੇਠਾਂ ਆਈ ਤੇ ਦਰਵਾਜ਼ਾ ਖੋਲਦਿਆਂ ਈ ਮੇਰੇ ਚਿਹਰੇ ਵੱਲ ਵੇਖ ਕੇ ਕਿਹਾ, ''ਤੈਨੂੰ ਨਜ਼ਲਾ-ਜੁਕਾਮ ਹੋਇਆ ਲਗਦੈ, ਜਾਕੇ ਕੋਈ ਦਵਾਈ-ਦਾਰੂ ਲੈ ਆ ਮੈਂ ਕਾੜ੍ਹਾ ਬਣਾ ਦਿਆਂਗੀ।''

''ਚੂੰਕਿ ਦਵਾਈ ਤਾ ਮੇਰੀ ਜੇਬ 'ਚ ਸੀ ਹੀ, ਮੈਂ ਓਹਨੂੰ ਦਵਾਈ ਦਿੰਦੀਆਂ ਕਿਹਾ, 'ਇਹਨੂੰ ਕੁਟ-ਪੀਹ ਕੇ ਫੇਰ ਉਬਾਲਣਾ ਹੈ।' ਉਹ ਦਵਾਈ ਮੇਰੇ ਤੋਂ ਲੈ ਕੇ ਉਪਰ ਰਸੋਈ ਵਿੱਚ ਚਲੀ ਗਈ ਤੇ ਹੇਠਲੀ ਮੰਜ਼ਿਲ ਹੁਣ ਤਲਾਸ਼ੀ ਲਈ ਵਿਹਲੀ ਪਈ ਸੀ। ਮੈਂ ਉਪਰ ਵਾਲੀਆਂ ਪੌੜ੍ਹੀਆਂ ਦਾ ਬਾਹਰ ਵੱਲ ਦਾ ਕੁੰਡਾ ਲਾ ਦਿੱਤਾ ਤੇ ਨਿਸਚਿੰਤ ਹੋਕੇ ਫੋਲਾ-ਫਾਲੀ ਕਰਨ ਲਗ ਪਿਆ, ਖ਼ਾਸ ਤੌਰ ਤੇ ਅਲਮਾਰੀਆਂ ਦੀ। ਮੈਂ ਸਾਵਧਾਨੀ ਵਜੋਂ ਨਾਲ ਚਾਬੀਆਂ ਦਾ ਇੱਕ ਗੁੱਛਾ ਵੀ ਲੈਂਦਾ ਆਇਆ ਸੀ, ਜੇ ਕਿਤੇ ਲੋੜ ਪਵੇ ਤਾਂ, ਪਰ ਕਿਤੇ ਵੀ ਤਾਲਾ ਲੱਗਾ ਹੋਇਆ ਨਹੀਂ ਸੀ ਮਿਲਿਆ। ਮੈਨੂੰ ਹਰ ਪਾਸੇ ਕਾਗਜ਼ ਹੀ

ਕਾਗਜ਼ _ ਲਿਖੇ, ਅੱਧ-ਲਿਖੇ, ਖਾਲੀ, ਇੱਕ ਗ਼ਦਰ ਪਾਰਟੀ ਦੇ ਇਤਿਹਾਸ ਲਈ ਲਿਖੀ ਭੂਮਿਕਾ, ਕਵਿਤਾਵਾਂ, ਤੇ ਭਾਂਤਿ-ਭਾਂਤਿ ਦੀਆਂ ਲਿਖਤਾਂ ਦੇ ਖਰੜੇ ਹੀ ਖਰੜੇ ਵੇਖਣ ਨੂੰ ਮਿਲਦੇ ਰਹੇ। ਮੈਂ ਸਟੋਰ ਰੂਮ ਵਿੱਚ ਵੀ ਝਾਂਤੀ ਮਾਰੀ ਜਿੱਥੇ ਬਾਲਣ ਲਈ ਲਕੜੀਆਂ ਸਨ...। ਇਨ੍ਹਾਂ ਲਿਖਤਾਂ 'ਚੋਂ ਬਹੁਤੀਆਂ ਲਿਖਤਾਂ ਉਹ ਹੀ ਸਨ, ਜਿਹੜੀਆਂ ਉਹ ਨੇ ਮੈਨੂੰ ਪੜ੍ਹਕੇ ਸੁਣਾਈਆਂ ਹੋਈਆਂ ਸਨ; ਇਹ ਉਹਦਾ ਸ਼ੌਕ ਸੀ।

ਕੋਈ ਇੱਕ ਘੰਟੇ ਪਿਛੋਂ ਬਾਹਰ ਕਦਮਾਂ ਦੀ ਚਾਪ ਸੁਨਾਈ ਦਿੱਤੀ ਤਾਂ ਮੈਂ ਝਬਦੇ ਪੌੜੀਆਂ ਦਾ ਕੁੰਡਾ ਖੋਲ ਦਿੱਤਾ। ਭਾਬੀ ਤੋਂ ਦਵਾਈ ਦੇ ਕਾੜ੍ਹੇ ਵਾਲਾ ਗਰਮ-ਗਰਮ ਗਿਲਾਸ ਲੈਂਦਿਆਂ ਮੈਂ ਕੁੱਝ ਹੈਰਾਨਗੀ ਜਿਹੀ ਨਾਲ ਪੁਛਿਆਂ, ''ਭਗਵਤੀ ਭਾਈ ਨਹੀਂ ਆਏ ਅਜੇ ਤਕ?''

''ਸ਼ਾਇਦ ਆਉਂਦੇ ਹੀ ਹੋਣਗੇ'', ਕਹਿਕੇ ਉਹ ਫਿਰ ਉਪਰ ਚਲੀ ਗਈ। ਮੇਂ ਮੌਕੇ ਦਾ ਫਾਇਦਾ ਉਠਾਉਂਦਿਆਂ ਬਚੇ-ਖੁਚੇ ਪਾਸੇ ਵੀ ਝਾਂਤੀ ਮਾਰ ਲਈ ਤੇ ਦਵਾਈ ਪੀਕੇ ਹੇਠੋਂ ਹੀ ਭਾਬੀ ਨੂੰ ਕਿਹਾ, ''ਮੈਂ ਹੁਣ ਜਾ ਰਿਹਾ ਹਾਂ।''

''ਠੀਕ ਹੈ'' ਕਹਿਕੇ ਭਾਬੀ ਹੇਠਾਂ ਆਈ ਤੇ ਬੈਠਕ ਦਾ ਅੰਦਰਲਾ ਕੁੰਡਾ ਲਾਕੇ ਫਿਰ ਉਪਰ ਚਲੀ ਗਈ। ਵਾਪਸੀ ਤੇ, ਮੈਂ ਸੁਖ ਦੇਵ ਨੂੰ ਸਾਰੀ ਕਾਰਵਾਈ ਦੀ ਰਿਪੋਰਟ ਦੇ ਦਿੱਤੀ ਕਿ ਮੈਨੂੰ ਕੋਈ ਵੀ ਸ਼ਕੀ ਕਾਗਜ਼ ਜਾਂ ਦਸਤਾਵੇਜ਼ ਨਹੀਂ ਲੱਭਿਆ।

''ਕੀ ਫਿਰ ਵੀ ਓਹਦੇ ਤੇ ਸ਼ਕ ਕਰਦੇ ਈ ਰਹਾਂਗੇ''; ਸੁਖ ਦੇਵ ਨੇ ਆਪ-ਮੁਹਾਰੇ ਕਿਹਾ। ਫਿਰ ਉਹ ਇੰਜ ਬੋਲਣ ਲੱਗਾ ਜਿਵੇਂ ਆਪਣੇ ਆਪ ਨੂੰ ਹੀ ਸੁਣਾ ਰਿਹਾ ਹੋਵੇ _ ''ਭਾਵੇਂ ਕਿ ਕਮਿਊਨਿਸਟਾਂ ਨੇ ਭਗਵਤੀ ਦੇ ਉਹਨਾਂ ਨਾਲ ਤੋੜ-ਵਿਛੋੜੇ ਵੇਲੇ ਉਹਦੇ ਵਿਰੁੱਧ ਹੋਰ ਕਿੰਨਾ ਕੁੱਝ ਕਿਹਾ ਹੋਵੇ, ਪਰ ਉਹਨਾਂ 'ਚੋਂ ਕਦੇ ਵੀ ਕੋਈ ਗ੍ਰਿਫਤਾਰ ਨਹੀਂ ਸੀ ਕੀਤਾ ਗਿਆ। ਉਹਨਾਂ ਦਾ ਸਾਹਿਤ ਤੇ ਪੈਸੇ ਵੀ ਉਹਦੇ ਕੋਲ ਸਹੀ-ਸਲਾਮਤ ਪਏ ਰਹੇ ਸੀ, ਜੀਹਦੀ ਕਿਸੇ ਨੂੰ ਕਦੇ ਭਿਣਕ ਤੱਕ ਨਹੀਂ ਸੀ ਪਈ। ਕਦੇ ਵੀ ਕਮਿਊਨਿਸਟਾਂ ਨੇ ਵੀ ਉਹਦੀ ਨੀਅਤ ਤੇ ਉਂਗਲ ਨਹੀਂ ਉਠਾਈ ਸੀ।''

#### ਭਗਵਤੀ ਸਦਾ ਨਿਰਲੇਪ

ਸੁਖਦੇਵ ਰਾਜ ਅਨੁਸਾਰ, ''ਸੁਸ਼ੀਲਾ 'ਦੀਦੀ' ਦੀਆਂ ਚੂੜੀਆਂ ਵਾਲੇ ਵਿਵਾਦ ਦਾ ਮਾੜਾ-ਮੋਟਾ ਜ਼ਿਕਰ 'ਭਾਬੀ' ਜਾਂ 'ਦੀਦੀ' ਨੇ ਭਾਵੇਂ ਕੀਤਾ ਹੋਵੇ, ਪਰ ਮੈਂ ਕਦੇ ਵੀ ਭਗਵਤੀ ਦੇ ਮੂੰਹੋ ਇਸ ਬਾਰੇ ਇੱਕ ਅੱਖਰ ਵੀ ਨਹੀਂ ਸੁਣਿਆ ਸੀ, ਹਾਲਾਂਕਿ ਮੈਂ ਲਗਾਤਾਰ ਉਹਨਾਂ ਦੇ ਨਿੱਜੀ ਸੰਪਰਕ 'ਚ ਰਿਹਾ ਸਾਂ।

''ਅੱਜ ਚਾਲੀ ਸਾਲ ਬੀਤ ਜਾਣ ਤੇ ਵੀ ਮੈਂ ਭਗਵਤੀ ਦੀ ਬੇਗ਼ਰਜ਼ੀ, ਸਹਿਣ-ਸ਼ਕਤੀ ਅਤੇ ਦੇਸ਼ਭਗਤੀ ਅੱਗੇ ਸੀਸ ਝੁਕਾਉਂਦੇ ਹੋਏ ਉਸ ਮਹਾਨ ਆਤਮਾ ਅੱਗੇ ਡੰਡੌਤ ਕਰਨੋਂ ਨਹੀਂ ਰਹਿ ਸਕਦਾ।

''ਪਰ ਜ਼ਿੰਦਗੀ ਦਾ ਐਦੂੰ ਵੱਡਾ ਵਿਅੰਗ ਕੀ ਹੋ ਸਕਦਾ ਹੈ ਕਿ ਇਸ 'ਧੁਰੋਂ ਵਰੋਸਾਏ' ਪਰਿਵਾਰ ਦੇ 'ਭਾਗਾਂ' ਵਿੱਚ ਕਦਮ-ਕਦਮ ਤੇ ਕਲੇਸ਼ ਹੀ ਕਲੇਸ਼ ਰਾਹ ਰੋਕੀ ਖੜ੍ਹੇ ਸਨ, ਇੰਨਾ ਕੁੱਝ ਹੋਣ ਦੇ ਬਾਵਜੂਦ ਵੀ ਇਹਨਾਂ ਦਾ ਸਿਦਕ ਨਹੀਂ ਡੋਲਿਆ।''

#### ਕਸ਼ਮੀਰ ਬਿਲਡਿੰਗ ਦਾ ਕਿਰਾਏ ਤੇ ਲਿਆ ਜਾਣਾ

ਭਗਵਤੀ ਨੇ ਆਪਣੀ ਸਹੂਲਤ ਲਈ ਲਾਹੌਰ ਦੀ ਇੱਕ ਵੱਡੀ ਸਾਰੀ ਬਹੁ-ਮੰਜ਼ਿਲੀ ਇਮਾਰਤ ਕਸ਼ਮੀਰੀ ਬਿਲਡਿੰਗ ਵਿੱਚ ਇੱਕ ਕਮਰਾ 16 ਮਾਰਚ 1929 ਨੂੰ ਕਿਰਾਏ 'ਤੇ ਲੈ ਲਿਆ ਤਾਕਿ ਉਥੇ ਉਹ ਇਕਾਂਤ ਵਿੱਚ ਬੈਠ ਕੇ ਕੁੱਝ ਪੜ੍ਹਾਈ-ਲਿਖਾਈ ਕਰ ਲਿਆ ਕਰੇਗਾ। ਸੁਖ ਦੇਵ ਦੇ ਕਹਿਣ ਤੇ ਉਸ ਨੇ ਇਸ ਕਮਰੇ ਦੀ ਚਾਬੀ ਉਹਨੂੰ ਦੇ ਦਿੱਤੀ ਤੇ ਚੂੰਕਿ ਉਦੋਂ ਪਾਰਟੀ ਦਾ ਆਗਰੇ ਵਾਲਾ ਬੰਬ ਕੇਂਦਰ ਸਮੇਟਿਆ ਜਾ ਰਿਹਾ ਸੀ, ਸੁਖ ਦੇਵ ਨੇ ਉਸ ਕਮਰੇ 'ਚ ਬੰਬ-ਸਾਜ਼ੀ ਦਾ ਸਾਮਾਨ ਲਿਆ ਟਿਕਾਇਆ ਤੇ ਉਥੇ ਬੰਬ ਤਿਆਰ ਕਰਨੇ ਸ਼ੁਰੂ ਕਰ ਦਿੱਤੇ।

> ਜ਼ਿਕਰਯੋਗ ਹੈ ਕਿ ਕਿਸੇ ਵੀ ਇਨਕਲਾਬੀ ਦਲ ਜਾਂ ਵਿਅਕਤੀ ਨੇ ਕੋਈ ਮਕਾਨ ਜਾਂ ਕਮਰਾ ਆਪਣੇ ਅਸਲੀ ਨਾਂ ਤੇ ਕਦੇ ਵੀ ਕਿਰਾਏ ਤੇ ਨਹੀਂ ਸੀ ਲਿਆ ਜੋ ਹਮੇਸ਼ਾ ਫ਼ਰਜ਼ੀ ਨਾਂਵਾਂ 'ਤੇ ਹੀ ਲੈਂਦੇ ਸੀ; ਪਰ ਸ਼ਾਇਦ ਚੂੰਕਿ ਭਗਵਤੀ ਨੇ ਇਹ ਕਮਰਾ ਨਿਰੋਲ ਨਿੱਜੀ ਵਰਤੋਂ ਲਈ ਲਿਆ ਸੀ, ਇਸ ਲਈ ਆਪਣੇ ਅਸਲੀ ਨਾਂ ਤੇ ਹੀ ਲੈ ਲਿਆ ਹੋਵੇਗਾ।

ਮਗਰੋ ਕੁੱਝ ਲਾਪ੍ਰਵਾਹੀ ਦੀ ਵਜ੍ਹਾ ਨਾਲ ਇਸ ਬੰਬ ਸਾਜ਼ੀ ਦੀ ਸੂਹ ਪੁਲਿਸ ਨੂੰ ਲੱਗ ਗਈ ਜਿਹਦੇ ਆਧਾਰ ਤੇ 15 ਅਪ੍ਰੈਲ 1929 ਨੂੰ ਪੁਲਿਸ ਨੇ ਉਥੇ ਛਾਪਾ ਮਾਰ ਕੇ ਸੁਖ ਦੇਵ, ਕਿਸ਼ੋਰੀ ਲਾਲ ਅਤੇ ਜੈ ਗੋਪਾਲ ਨੂੰ ਸਾਜ਼-ਸਾਮਾਨ, ਬੰਬ ਸਾਮਗਰੀ, ਪਿਸਤੌਲ ਤੋਂ ਇਲਾਵਾ ਦਵਾਰਕਾ ਦਾਸ ਲਾਇਬ੍ਰੇਰੀ ਦੀ ਇੱਕ ਕਿਤਾਬ ਵੀ ਬਰਾਮਦ ਕਰ ਲਈ, ਜਿਹੜੀ ਭਗਵਤੀ ਚਰਨ ਦੇ ਨਾਂ 'ਤੇ ਕਢਾਈ ਗਈ ਹੋਈ ਸੀ।

ਜੈ ਚੰਦਰ ਅਨੁਸਾਰ ਇਹ ਛਾਪਾ ਭਗਵਤੀ ਦੀ ਪੁਲਿਸ ਨਾਲ ਗੰਢ-ਸੰਢ ਦਾ ਹੀ ਇੱਕ ਹੋਰ ਪਰਮਾਨ ਸੀ।

ਉਧਰ ਸਰਕਾਰ ਨੇ ਇਸ ਕਿਰਾਏ ਨਾਮੇ ਨੂੰ ਆਧਾਰ ਬਨਾਕੇ ਭਗਵਤੀ ਚਰਨ ਦੇ ਵਾਰੰਟ ਵੀ ਜਾਰੀ ਕਰ ਦਿੱਤੇ।

4

# ਨਵੀਂ ਪਾਰਟੀ ਮੈਦਾਨ ਵਿੱਚ

8-9 ਸਤੰਬਰ ਦੀ ਦਿੱਲੀ ਮੀਟਿੰਗ ਵਿੱਚ 'ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ' ਦੀ ਬਜਾਏ ਨਵੀਂ ਪਾਰਟੀ ਦੇ ਨਾਂ ਨਾਲ 'ਸਮਾਜਵਾਦੀ' ਜੋੜਣਾ ਇਨਕਲਾਬੀ ਦਲ ਦੀ 'ਇਨਕਲਾਬੀ' ਜੁਗਤ ਸੀ; ਪਰ, ਚੂੰਕਿ ਪਾਰਟੀ ਦੇ 'ਦਿਮਾਗ਼' ਭਗਵਤੀ ਚਰਨ ਉਸ ਵੇਲੇ ਪਾਰਟੀ ਵਲੋਂ ਛੇਕੇ ਹੋਏ ਸਨ, ਇਸ ਲਈ ਇਹਦੇ 'ਚ ਉਹਨਾਂ ਦੀ ਕਿਸੇ ਭੂਮਿਕਾ ਦਾ ਸਵਾਲ ਹੀ ਨਹੀਂ ਸੀ। ਪਰ ਕੀ ਉਸ ਵੇਲੇ ਕੋਈ ਵੀ ਇਹ ਕਿਆਸ ਕਰ ਸਕਦਾ ਸੀ ਕਿ ਉਹ 'ਗ਼ੈਰ ਹਾਜ਼ਿਰ' ਭਗਵਤੀ ਹੀ ਉਸ ਨਵੀਂ ਪਾਰਟੀ ਦਾ ਦਸੰਬਰ 1929 'ਚ ''ਮੈਨੀਫੈਸਟੋ'' ਜਾਰੀ ਕਰੇਗਾ, ਜੋ ਉਹਦੇ ਗਠਨ ਵੇਲੇ ਨਹੀਂ ਸੀ ਸਿਰਜਿਆ ਜਾ ਸਕਿਆ?
ਵੈਸੇ ਪਾਰਟੀ ਦੀ ਆਖ਼ਰੀ ਤੇ ਮਾਅਰਕੇ ਵਾਲੀ ਦਸਤਾਵੇਜ਼ 'ਬੰਬ ਦਾ ਫਲਸਫਾ' ਵੀ ਉਸਦੇ ਕੁੱਝ ਹੀ ਦਿਨਾਂ ਪਿਛੋਂ ਉਹਦੇ ਵਲੋਂ ਹੀ ਲਿਖੀ ਗਈ ਸੀ।

### ਸਾਇਮਨ ਕਮਿਸ਼ਨ ਦਾ ਵਿਰੋਧ

ਸਾਇਮਨ ਕਮਿਸ਼ਨ ਵਿਰੁੱਧ ਦੇਸ਼ ਵਿਆਪੀ ਮੁਜ਼ਾਹਰਿਆਂ ਦੀ ਲੜੀ 'ਚ ਇਹਦੇ 30 ਅਕਤੂਬਰ 1928 ਨੂੰ ਲਾਹੌਰ ਪੁਜਣ ਤੇ ਲੋਕਾਂ ਦੇ ਇੱਕ ਵੱਡੇ ਇਕੱਠ ਨੇ ਲਾਹੌਰ ਰੇਲਵੇ ਸਟੇਸ਼ਨ ਤੇ ਰੋਸ-ਮੁਜ਼ਾਹਰਾ ਕੀਤਾ, ਜੀਹਦੇ ਵਿੱਚ ਨੌਜਵਾਨ ਭਾਰਤ ਸਭਾ ਦੇ ਨੌਜਵਾਨ ਵੀ ਸਨ। ਲੋਕਾਂ ਦੀ ਵੱਡੀ ਭੀੜ ਕਮਿਸ਼ਨ ਦਾ ਰਾਹ ਰੋਕੀ ਖੜੀ ਸੀ। ਕੋਈ ਵਾਹ ਨਾ ਜਾਂਦੀ ਵੇਖ ਪੁਲਿਸ ਕਪਤਾਨ ਸਕਾਟ ਨੇ ਆਪਣਾ ਹੱਥਲਾ ਬੈਂਤ ਉਲਾਰਦਿਆਂ ਪੁਲਿਸ ਫੋਰਸ ਨੂੰ ਬੇਕਿਰਕ ਲਾਠੀ ਚਾਰਜ ਦਾ ਹੁਕਮ ਦਿੱਤਾ ਅਤੇ ਉਹਦੇ ਨਾਲ ਉਪ-ਕਪਤਾਨ ਸਾਂਡਰਸ ਵੀ ਸੀ, ਜੋ ਸਕਾਟ ਵਾਂਗ ਹੀ ਲੋਕਾਂ ਤੇ ਡੰਡੇ ਵਰ੍ਹਾ ਰਿਹਾ ਸੀ। ਲਾਲਾ ਲਾਜਪਤ ਰਾਏ ਜੋ ਮੁਜ਼ਾਹਰੇ ਦੇ ਆਗੂ ਸਨ, ਉਹਨਾਂ ਦੇ ਸਿਰ ਤੇ ਨੌਜਵਾਨਾਂ ਵੱਲੋਂ ਤਾਣੀ ਹੋਈ ਛੱਤਰੀ ਉਪਰ ਕੀਤੇ ਲਾਠੀ ਦੇ ਵਾਰਾਂ ਕਰਕੇ, ਛੱਤਰੀ ਦੀਆਂ ਟੇਢੀਆਂ-ਵੇਢੀਆਂ ਤਾਰਾਂ ਉਹਨਾਂ ਦੀ ਛਾਤੀ ਤੇ ਵਜਣ ਨਾਲ ਉਹਨਾਂ ਦੀ ਛਾਤੀ ਤੇ ਜ਼ਖ਼ਮ ਹੋ ਗਏ, ਜਿਵੇਂ ਕਿ ਉਹਨਾਂ ਦੀ ਇਸ ਘਟਨਾ ਪਿੱਛੋਂ ਲਈ ਗਈ ਤਸਵੀਰ ਦਰਸਾਉਂਦੀ ਹੈ।
ਲਾਲਾ ਜੀ ਨੇ ਇਹਨਾਂ ਸੱਟਾਂ ਦੇ ਬਾਵਜੂਦ ਉਸੇ ਸ਼ਾਮ ਮੋਰੀ ਗੇਟ ਕੋਲ ਵੱਡੇ ਲੋਕ-ਇਕੱਠ ਨੂੰ ਸੰਬੋਧਨ ਕਰਦਿਆਂ ਗਰਜਦੀ ਆਵਾਜ਼ 'ਚ ਕਿਹਾ, ''ਕੰਨ ਖੋਲ ਕੇ ਸੁਣ ਲਵੋ, ਮੈਨੂੰ ਮਾਰੀ ਹੋਈ ਇੱਕ-ਇੱਕ ਲਾਠੀ ਬਰਤਾਨਵੀ ਰਾਜ ਦੇ ਕਫ਼ਣ ਵਿੱਚ ਆਖ਼ਰੀ ਮੇਖ ਸਾਬਿਤ ਹੋਵੇਗੀ।''
ਲਾਲਾ ਜੀ ਨੂੰ ਜੋ ਸੱਟਾ ਲੱਗੀਆਂ ਸਨ ਉਹ ਗੰਭੀਰ ਸਨ ਜਾਂ ਮਾਮੂਲੀ, ਇਸ ਬਾਰੇ ਤਾਂ ਸਹਿਮਤੀ ਨਹੀਂ ਹੋ ਪਾਈ, ਪਰ ਉਹਨਾਂ ਦੀ ਮਾਨਸਿਕਤਾ ਲਈ ਇਹ ਅਸਹਿ ਚੋਟ ਸੀ, ਇਸ ਵਿੱਚ ਕੋਈ ਸ਼ਕ-ਸੁਭੇ ਦੀ 'ਭੋਰਾ' ਜਿੰਨੀ ਵੀ ਗੁੰਜਾਇਸ਼ ਨਹੀਂ।
ਲਾਲਾ ਜੀ ਦਾ ਚਹੇਤਾ, ਰਾਜਾ ਰਾਮ ਸ਼ਾਸਤਰੀ ਜਿਹੜਾ ਦਵਾਰਕਾ ਦਾਸ ਲਾਇਬਰੇਰੀ ਦਾ ਲਾਇਬਰੇਰੀਅਨ ਸੀ, ਅਤੇ ਇਨਕਲਾਬੀਆਂ ਦਾ ਵੀ ਲੰਗੋਟੀਆਂ ਸੀ, ਉਹ ਲਾਲਾ ਜੀ ਦੇ ਅੰਤਲੇ ਦਿਨੀਂ ਲਾਲਾ ਜੀ ਕੋਲ ਹੀ ਰਿਹਾ ਸੀ, ਉਹਨੇ ਲਿਖਿਆ ਹੈ ਕਿ:

> *''ਮਾਨਸਿਕ ਚੋਟ ਇਤਨੀ ਗਹਿਰੀ ਲਗੀ ਥੀ ਕਿ ਵਹ ਅਸਹਿ ਹੋ ਗਈ ਥੀ ਔਰ ਵੇ ਉਸੇ ਹਜ਼ਮ ਨਹੀਂ ਕਰ ਪਾ ਰਹੇ ਥੇ। ਲਾਠੀ ਚਾਰਜ ਕੇ ਬਾਦ ਲਾਲਾ ਜੀ ਜਬ ਕਭੀ ਅਪਨੇ ਮਿਤਰੋਂ ਸੇ ਓਸ ਦਿਨ ਕੀ ਘਟਨਾ ਕਾ ਜ਼ਿਕਰ ਕਰਤੇ ਕਹਿਤੇ ਥੇ ਕਿ ਆਜ ਭਾਰਤੀਯ ਰਾਸ਼ਟਰ ਕੀ ਯਹ ਦੀਨ-ਦਸ਼ਾ ਹੋ ਗਈ ਹੈ ਕਿ ਅੰਗ੍ਰੇਜ਼ੀ ਹੁਕੂਮਤ ਕਾ ਏਕ ਛੋਟੇ ਸੇ ਛੋਟਾ ਸਿਪਾਹੀ ਭੀ ਦੇਸ਼ ਕੇ ਬੜੇ ਸਨਮਾਨਿਤ ਵਿਅਕਤੀ ਕੇ ਸਾਥ ਐਸਾ ਅਪਮਾਨਜਨਕ ਵਿਵਹਾਰ ਕਰਨੇ ਦਾ ਦੁਰ-ਸਾਹਸ ਕਰ ਸਕਤਾ ਹੈ।*
>
> *''ਅਕਸਰ ਵੇ ਇਸ ਤਰ੍ਹਾਂ ਕਹਤੇ-ਕਹਤੇ ਬੇਹੱਦ ਦੁਖੀ ਔਰ ਉਤੇਜਿਤ ਹੋ ਉਠਤੇ ਥੇ।''*

ਕੁੱਝ ਵੀ ਹੋਵੇ ਪੰਜਾਬ ਅਤੇ ਦੇਸ਼ ਦਿਆਂ ਲੋਕਾਂ ਦੀਆਂ ਨਜ਼ਰਾਂ ਵਿੱਚ ਉਹਨਾਂ ਦੇ ਪਿਆਰੇ-ਸਤਿਕਾਰੇ ਆਗੂ ਦੀ ਮੌਤ ਲਈ ਦੋਸ਼ੀ ਪੁਲਿਸ ਤੇ ਸਰਕਾਰ ਹੀ ਸਨ।

### ''ਅਸੀਂ ਅਜੇ ਜਿਉਂਦੇ ਹਾਂ''

ਨੌਜਵਾਨ ਇਨਕਲਾਬੀਆਂ ਨੇ ਲਾਲਾ ਜੀ ਨਾਲ ਆਪਣੇ ਗੰਭੀਰ ਮਤਭੇਦਾਂ ਦੇ ਬਾਵਜੂਦ, ਆਮ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ, ਲਾਠੀਚਾਰਜ ਲਈ ਜ਼ਿੰਮੇਵਾਰ, ਮੁੱਖ ਦੋਸ਼ੀ, ਸਕਾਟ ਨੂੰ ਮਾਰ-ਮੁਕਾਉਣ ਦਾ ਫੈਸਲਾ ਕਰ ਲਿਆ।
ਯੋਜਨਾ ਅਨੁਸਾਰ 17 ਦਸੰਬਰ 1928 ਨੂੰ ਜ਼ਿਲ੍ਹਾ ਲਾਹੌਰ ਪੁਲਿਸ ਕਪਤਾਨ ਦੇ ਦਫ਼ਤਰ ਦੇ ਐਨ ਸਾਹਮਣੇ ਸਾਢੇ ਚਾਰ ਸ਼ਾਮੀਂ ਧਾਵਾ ਬੋਲਿਆ, ਪਰ ਰਾਜਗੁਰੂ ਦੀ ਜਲਦ-ਬਾਜ਼ੀ ਕਰਕੇ ਸਕਾਟ ਦੀ ਬਜਾਏ ਸਾਂਡਰਸ ਮਾਰ ਦਿੱਤਾ ਗਿਆ ਤੇ ਰਾਜਗੁਰੂ ਅਤੇ ਭਗਤ ਸਿੰਘ ਦਾ, ਉਹਦੇ ਅਰਦਲੀ ਹੌਲਦਾਰ ਚੰਨਣ ਸਿੰਘ ਦੇ ਪਿਛਾ ਕਰਨੋ ਬਾਜ਼ ਨਾ ਆਉਣ ਤੇ ਆਜ਼ਾਦ ਨੇ ਉਹਦੇ ਪੱਟ ਵਿੱਚ ਗੋਲੀ ਮਾਰੀ ਤੇ ਉਹ ਉਥੇ ਹੀ ਡਿਗ ਗਿਆ; ਉਸਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ ਅਤੇ ਜ਼ਖ਼ਮ ਰਾਹੀਂ ਖ਼ੂਨ ਜ਼ਿਆਦਾ ਵਹਿ ਜਾਣ ਕਰਕੇ ਉਹਦੀ ਵੀ ਮੌਤ ਹੋ ਗਈ।

### ਲਾਹੌਰੋਂ ਬਚ ਨਿਕਲਣਾ

ਪਰ ਜਿਨ੍ਹਾਂ ਨੇ ਇਹ ਵਾਰਤਦਾਤ ਕੀਤੀ ਸੀ, ਉਹ ਜਾਣਦੇ ਸਨ ਕਿ ਉਨ੍ਹਾਂ ਨੂੰ ਅਨੇਕਾਂ ਲੋਕਾਂ ਨੇ ਵੱਖ ਵੱਖ ਸਾਈਡਾਂ ਤੋਂ ਵੇਖਿਆ ਸੀ ਅਤੇ ਵੇਖਣ ਵਾਲਿਆਂ ਵਿੱਚ ਕਈ ਪੁਲਿਸ ਕਰਮੀ ਵੀ ਸਨ, ਇਸ ਲਈ ਉਨ੍ਹਾਂ ਨੂੰ ਆਪਣੀ ਪਛਾਣ ਲੁਕਾਉਣ ਦੀ ਬੜੀ ਲੋੜ ਸੀ। ਸੋ ਉਹ ਲਾਹੌਰ ਤੋਂ ਵੱਧ ਤੋਂ ਵੱਧ ਸੁਰੱਖਿਅਤ ਢੰਗ ਨਾਲ ਨਿਕਲਣ ਲਈ ਤੱਤਪਰ ਸਨ; ਬਿਨਾ ਸ਼ਕ ਰੇਲਵੇ ਸਟੇਸ਼ਨ ਤੇ ਪੁਲਿਸ, ਖ਼ੁਫ਼ੀਆ ਏਜੰਸੀ ਅਤੇ ਚਸ਼ਮਦੀਦ ਗਵਾਹਾਂ ਦੀ ਕੜੀ ਨਜ਼ਰ ਸੀ।

ਪੰਜਾਬ ਪਾਰਟੀ ਮੁੱਖੀ ਸੁਖ ਦੇਵ ਦੀ ਹੀ ਜ਼ਿੰਮੇਵਾਰੀ ਸੀ, ਇਨ੍ਹਾਂ ਨੂੰ ਬਚਾ ਕੇ ਲਾਹੌਰੋ ਕੱਢਣ ਦੀ, ਤੇ ਉਹਦੀ ਟੇਕ ਲੈ-ਦੇ ਕੇ ਵੋਹਰਾ ਪਰਿਵਾਰ ਤੇ ਹੀ ਸੀ। ਭਗਵਤੀ ਭਾਈ ਕਲਕੱਤੇ ਕਾਂਗਰਸ ਦੇ ਸ਼ੈਸਨ ਵਿੱਚ ਭਾਗ ਲੈਣ ਗਏ ਹੋਏ ਸਨ। 18 ਦਸੰਬਰ ਸਾਮੀਂ ਸੁਖ ਦੇਵ ਨੇ ਭਾਬੀ ਕੋਲ ਪੈਸਿਆਂ ਲਈ ਪਹੁੰਚ ਕੀਤੀ, ਤਾਂ ਭਾਬੀ ਨੇ 500 ਰੁਪਏ, ਜਿਹੜੇ ਭਗਵਤੀ ਜੀ ਕਲਕੱਤੇ ਜਾਣ ਵੇਲੇ ਉਨ੍ਹਾਂ ਨੂੰ ਦੇ ਗਏ ਹੋਏ ਸਨ, ਚੁਪਚਾਪ ਸੁਖ ਦੇਵ ਨੂੰ ਸੌਂਪ ਦਿੱਤੇ, ਜਿਨ੍ਹਾਂ ਨਾਲ ਸੁਖ ਦੇਵ ਨੇ ਆਜ਼ਾਦ, ਭਗਤ ਸਿੰਘ ਅਤੇ ਰਾਜ ਗੁਰੂ ਨੂੰ ਲਾਹੌਰੋਂ ਸੁਰਕਸ਼ਿਤ ਕੱਢਣ ਦਾ ਪ੍ਰਬੰਧ ਕੀਤਾ ਸੀ। ਸੁਖ ਦੇਵ ਨੇ 19 ਦਸੰਬਰ ਦੀ ਸ਼ਾਮ ਨੂੰ ਅੱਠ ਕੁ ਵਜੇ ਫਿਰ ਉਨ੍ਹਾਂ ਦੇ ਘਰ ਜਾ ਕੇ ਪੁਛਿਆ, ''ਕੀ ਲਾਹੌਰ ਛੱਡ ਸਕਦੇ ਹੋ?''

''ਕਿਉਂ? ਕਿਸ ਵਾਸਤੇ? ਕਿਥੋਂ ਲਈ?''

''ਸਾਂਡਰਸ ਦਾ ਕਤਲ ਕਰਨ ਵਾਲੇ ਇੱਕ ਸਾਥੀ ਨੂੰ ਬਾਹਰ ਕੱਢਣਾ ਹੈ... ਤੁਹਾਨੂੰ ਉਸ ਦੀ ਪਤਨੀ ਬਣ ਕੇ ਜਾਣਾ ਹੋਵੇਗਾ... ਖਤਰਾ ਵੀ ਹੈ... ਗੋਲੀ ਵੀ ਚਲ ਸਕਦੀ ਹੈ'', ਸੁਖ ਦੇਵ ਨੇ ਕਿਹਾ ਅਤੇ ਨਾਲ ਹੀ ਉਸ ਦੇ ਹਾਵ-ਭਾਵ ਨੂੰ ਵਾਚਿਆ।

''ਆਦਮੀ ਕੌਣ ਹੈ?''

''ਕੋਈ ਵੀ ਹੋ ਸਕਦਾ ਹੈ।''

''ਮੈਂ ਜਾਵਾਂਗੀ।''

''ਉਹ ਅੱਜ ਦੀ ਰਾਤ ਇਥੇ ਹੀ ਰਹੇਗਾ।''

ਕੁੱਝ ਚਿਰ ਪਿਛੋਂ ਸੁਖ ਦੇਵ ਨਾਲ ਦੋ ਨੌਜਵਾਨ ਆਏ, ਜਿਨ੍ਹਾਂ 'ਚ ਭਗਤ ਸਿੰਘ ਨੇ ਓਵਰਕੋਟ ਅਤੇ ਸਿਰ 'ਤੇ  ਪਹਿਨਿਆ ਹੋਇਆ ਸੀ। ਦੂਜਾ ਨੌਜਵਾਨ ਰਾਜ ਗੁਰੂ ਸੀ ਅਤੇ ਉਹ ਇੱਕ ਨੌਕਰ ਦੇ ਭੇਸ ਸੀ। 'ਭਾਬੀ' ਵੀ ਸਾਹਮਣੇ ਹੀ ਬੈਠੀ ਸੀ ਅਤੇ ਸੁਖ ਦੇਵ ਵੱਲ ਵੇਖ ਰਹੀ ਸੀ। ਉਸ ਦਾ ਓਪਰੇ ਨੌਜਵਾਨ ਵੱਲ ਕੋਈ ਧਿਆਨ ਨਹੀਂ ਸੀ। ਉਹਦੇ ਵੱਲ ਇਸ਼ਾਰਾ ਕਰਦਿਆਂ ਸੁਖ ਦੇਵ ਨੇ 'ਭਾਬੀ' ਨੂੰ ਕਿਹਾ, 'ਕੀ ਤੁਸੀਂ ਇਸ ਨੂੰ ਪਛਾਣਦੇ ਹੋ?' ਉਸ ਵੱਲ ਗਹੁ ਨਾਲ ਵੇਖਦਿਆਂ ਈ, ਉਸ ਨੇ ਕਿਹਾ, 'ਭਗਤ!' ਤਾਂ ਭਗਤ ਸਿੰਘ ਅਤੇ ਸੁਖ ਦੇਵ ਹੱਸ ਪਏ।

ਫੈਸਲਾ ਇਹ ਕੀਤਾ ਗਿਆ ਕਿ ਉਹ ਅਗਲੀ ਸਵੇਰੇ ਨੂੰ ਸਾਢੇ ਪੰਜ ਵਜੇ ਕਲਕੱਤਾ ਮੇਲ 'ਤੇ ਰਵਾਨਾ ਹੋਣਗੇ। ਭਗਤ ਸਿੰਘ ਨੇ ਓਵਰਕੋਟ ਪਹਿਨ ਲਿਆ, ਕਾਲਰ ਉਪਰ ਨੂੰ ਉਲਟਾ ਲਏ ਜਿਨ੍ਹਾਂ ਨਾਲ ਉਸ ਦਾ ਚਿਹਰਾ ਢਕਿਆ ਗਿਆ ਤੇ ਨਨ੍ਹਾ ਸ਼ੱਚੀ ਵੀ ਉਹਦੀ ਗੋਦ ਵਿਚ ਸੀ, ਉਹਨੂੰ ਵੀ ਭਗਤ ਸਿੰਘ ਨੇ ਅਪਣਾ ਮੂੰਹ ਲੁਕਾਉਣ ਦਾ ਸਾਧਨ ਬਣਾ ਲਿਆ। 'ਭਾਬੀ' ਠਾਠ-ਬਾਠ ਨਾਲ ਸੱਜੀ-ਧੱਜੀ ਉਸ ਦੇ ਨਾਲ ਸੀ ਅਤੇ ਰਾਜ ਗੁਰੂ ਨੌਕਰ ਵਜੋਂ ਨਾਲ ਸੀ। ਭਗਤ ਸਿੰਘ ਅਤੇ ਰਾਜ ਗੁਰੂ ਕੋਲ ਭਰੇ ਹੋਏ ਪਿਸਤੌਲ ਸਨ। ਲਖਨਊ ਪਹੁੰਚ ਕੇ ਉਹ ਕੁੱਝ ਸਮਾਂ ਵੇਟਿੰਗ ਰੂਮ ਵਿਚ ਰੁਕੇ: ਇਥੋਂ ਰਾਜ ਗੁਰੂ ਉਨ੍ਹਾਂ ਨਾਲੋਂ ਵੱਖ ਹੋ ਗਿਆ।

ਲਖਨਊ ਤੋਂ ਭਗਵਤੀ 'ਭਾਈ' ਨੂੰ ਕਲਕੱਤੇ ਨੂੰ ਸੁਸ਼ੀਲਾ 'ਦੀਦੀ' ਦੇ ਪਤੇ ਤੇ ਤਾਰ ਭੇਜੀ ਗਈ, ''ਭਰਾ ਨਾਲ ਆ ਰਹੀ ਹਾਂ, ਦੁਰਗਾਵਤੀ।'' ਤਾਰ ਪੜ੍ਹਨ ਵਾਲਿਆਂ ਨੂੰ ਸਮਝ ਨਾ ਆਵੇ ਕਿ ਇਹ ਦੁਰਗਾਵਤੀ ਕੌਣ ਹੈ? ਕਾਰਨ ਇਹ ਸੀ ਕਿ ਇਹ ਨਾਂ ਦੁਰਗਾ 'ਭਾਬੀ' ਨੇ ਕਦੇ ਨਹੀਂ ਸੀ ਵਰਤਿਆ ਅਤੇ ਇਹ ਵੀ ਸਮਝ ਨਹੀਂ ਸੀ ਪੈ ਰਹੀ ਕਿ ਇਹ ਭਰਾ ਕੌਣ ਹੈ? ਸਮਝ ਨਾ ਆਉਣ ਦਾ ਕਾਰਨ ਇਹ ਵੀ ਸੀ ਕਿ ਭਗਵਤੀ 'ਭਾਈ', ਦੁਰਗਾ 'ਭਾਬੀ' ਨੂੰ ਕਲਕੱਤੇ ਨਾਲ ਲੈ ਜਾਣਾ ਚਾਹੁੰਦੇ ਸਨ, ਪਰ ਦੁਰਗਾ 'ਭਾਬੀ' ਨੇ ਹੀ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

ਉਨ੍ਹਾਂ ਦੇ ਕਲਕੱਤਾ ਪਹੁੰਚਣ 'ਤੇ ਹੀ ਸਾਰੀ ਬੁਝਾਰਤ ਦੀ ਸਮਝ ਆਈ ਤੇ ਭਗਵਤੀ ਗਦਗਦ ਹੋ ਗਏ, ਤੇ ਉਸੇ ਪਲ ਆਪਣੀ ਪਤਨੀ ਦੇ ਮੋਢੇ ਤੇ ਹੱਥ ਰਖਦਿਆਂ ਉਨ੍ਹਾਂ ਦੇ ਮੂੰਹੋਂ ਨਿਕਲਿਆ, ''ਮੈਂ ਤੈਨੂੰ ਅੱਜ ਪਛਾਣਿਆ ਹੈ।''

ਕਲਕੱਤੇ ਇਹ ਸਾਰੇ ਸੇਠ ਛੱਜੂ ਰਾਮ ਦੀ ਹਵੇਲੀ ਠਹਿਰੇ ਸਨ, ਜਿੱਥੇ ਕਿ ਸੁਸ਼ੀਲਾ ਦੀਦੀ ਉਹਨਾਂ ਦੀ ਬੇਟੀ ਨੂੰ ਪੜ੍ਹਾਉਣ ਲਈ ਠਹਿਰੇ ਹੋਏ ਸਨ।

ਇਹ ਰੇਲ ਯਾਤਰਾ, ਸ਼ਹੀਦ ਭਗਤ ਸਿੰਘ ਦੀ ਭਤੀਜੀ, ਵੀਰੇਂਦਰ ਦੇ ਸ਼ਬਦਾਂ 'ਚ:-

ਕਲਕੱਤਾ ਮੇਲ ਰੋਜ਼ ਹੀ ਲਾਹੌਰ ਤੋਂ ਕਲਕੱਤਾ ਜਾਂਦੀ ਸੀ; ਉਸ ਦਿਨ ਵੀ ਹਮੇਸ਼ਾਂ ਦੀ ਤਰ੍ਹਾਂ ਕਲਕੱਤੇ ਪਹੁੰਚੀ। ਉਸ ਵਿੱਚ ਉਨ੍ਹਾਂ ਦੇ ਸਫ਼ਰ ਦੇ 40 ਘੰਟੇ ਕਿਸ ਤਰ੍ਹਾਂ ਬੀਤੇ ਹੋਣਗੇ ਸੋਚ ਕੇ ਦਿਲ ਦੀ ਧੜਕਨ ਬੇ ਕਾਬੂ ਹੋ ਜਾਂਦੀ ਹੈ: ਸਫ਼ਰ ਦੌਰਾਨ ਉਹਨਾਂ ਦੇ ਡੱਬੇ ਵੱਲ ਦੇਖਣ ਵਾਲੀ ਹਰ ਅੱਖ ਯਮਰਾਜ ਦੀ ਅੱਖ ਲਗਦੀ ਹੋਵੇਗੀ ਤੇ ਡੱਬੇ ਵੱਲ ਵਧਿਆ ਹਰ ਕਦਮ, ਸ਼ਕੀ ਲੱਗਦਾ ਹੋਵੇਗਾ।

> ਓਨ੍ਹਾਂ ਦੀ ਸੂਝ-ਬੂਝ ਉਹਨਾਂ ਨੂੰ ਕਹਿੰਦੀ ਹੋਵੇਗੀ ਕਿ ਤੁਹਾਨੂੰ ਹਰ ਪਲ ਅਡੋਲ ਰਹਿਣਾ ਹੋਵੇਗਾ ਤੇ ਚਿਹਰੇ ਤੇ ਕਿਸੇ ਤਰ੍ਹਾਂ ਦੀ ਉਥਲ-ਪੁਥਲ ਨਹੀਂ ਦਿਸਣੀ ਚਾਹੀਦੀ, ਪਰ ਚਿਹਰਾ ਤਾਂ ਦਿਲ ਅਤੇ ਭਾਵਾਂ ਦਾ ਸ਼ੀਸ਼ਾ ਹੁੰਦਾ ਹੈ। ਜਦੋਂ ਦਿਲ ਵਿੱਚ ਉਥਲ-ਪੁਥਲ ਹੋਵੇ ਤਾਂ ਚਿਹਰਾ ਕਿਵੇਂ ਸ਼ਾਂਤ ਰਹਿ ਸਕਦਾ ਹੈ? ਠੀਕ ਹੈ, ਪਰ ਜੋ ਲੋਕੀ ਆਪਣੇ ਦਿਲ ਦੀਆਂ ਭਾਵਨਾਵਾਂ ਨੂੰ ਕਾਬੂ 'ਚ ਰੱਖ ਸਕਦੇ ਹਨ, ਉਹੀ ਤਾਂ ਸੰਸਾਰ ਦੀ ਡਗਮੰਗਾਂਦੀ ਕਿਸ਼ਤੀ ਨੂੰ ਪਾਰ ਲਾਉਂਦੇ ਹਨ।
>
> ਫਿਰ ਅੱਜ ਲੱਗਭਗ ਅੱਸੀ ਵਰ੍ਹੇ ਬੀਤ ਜਾਣ ਪਿਛੋਂ ਮੇਰਾ ਮੰਨ ਮੈਥੋਂ ਪੁਛਦਾ ਹੈ ਕਿ ਉਹਨਾਂ ਇਹ ਸਫ਼ਰ ਕਿਵੇਂ ਕੱਟਿਆ ਹੋਵੇਗਾ? ਰੋਟੀ ਕਿਸ ਤਰ੍ਹਾਂ ਖਾਧੀ ਹੋਵੇਗੀ? ਰਾਤ ਕਿਵੇਂ ਕੱਟੀ ਹੋਵੇਗੀ? ਸ਼ਾਇਦ ਇੱਕ ਸੁਤਾ ਹੋਵੇਗਾ ਤੇ ਦੂਜਾ ਪਿਸਤੌਲ ਤੇ ਹੱਥ ਰੱਖ ਕੇ ਬੈਠਾ ਰਿਹਾ ਹੋਵੇਗਾ! ਸੰਭਵ ਹੈ ਕਿ ਇਹ ਚਾਲੀ ਘੰਟੇ, ਚਾਲੀ ਵਰ੍ਹਿਆਂ ਵਾਂਗ ਬੀਤੇ ਹੋਣਗੇ ਅਤੇ ਕਲਕੱਤੇ ਪਹੁੰਚਣਾ ਜੀਉਂਦੇ-ਜੀ ਸਵਰਗ ਪਹੁੰਚਣ ਵਾਂਗ ਲੱਗਿਆ

ਹੋਵੇਗਾ। ਅਸੀਂ ਸਾਰੇ ਸਫ਼ਰ ਕਰਦੇ ਹਾਂ ਤੇ ਉਹਦਾ ਸੁਖ ਭੋਗਦੇ ਹਾਂ, ਪਰ ਇਹੋ ਜਿਹਾ ਸਫ਼ਰ ਕਰਨ ਦਾ ਸੁਭਾਗ ਤਾਂ ਇਤਿਹਾਸਿਕ ਸ਼ਖਸੀਅਤਾਂ ਦੇ ਭਾਗਾਂ ਵਿੱਚ ਹੀ ਹੈ _ ਲਾਹੌਰ ਤੋਂ ਕਲਕੱਤੇ ਤੱਕ ਦੇ, ਉਹ 40 ਘੰਟੇ ਧੰਨ ਹਨ, ਜਿਨ੍ਹਾਂ ਨੇ ਇਨਕਲਾਬੀ ਲਹਿਰ ਨੂੰ ਗੰਭੀਰ ਸੰਕਟ 'ਚੋਂ ਇੰਜ ਕੱਢ ਲਿਆ ਜਿਵੇਂ ਮੱਖਣ 'ਚੋਂ ਵਾਲ!

ਭਗਵਤੀ ਨੇ ਜਦ ਦੁਰਗਾ ਦੇਵੀ ਨੂੰ ਇਸ ਰੂਪ ਵਿੱਚ ਵੇਖਿਆ ਤਾਂ ਉਹ ਹੈਰਾਨ ਹੀ ਰਹਿ ਗਏ। ਅਸਲ ਵਿੱਚ ਦੁਰਗਾ ਜੀ ਦੀ ਸ਼ਕਤੀ ਨੂੰ ਉਹਨਾਂ ਨੇ ਵੀ ਪਹਿਲੀ ਵਾਰ ਹੀ ਵੇਖਿਆ ਸੀ, ਤੇ ਉਹ ਇਹ ਦੇਖ ਕੇ ਦੰਗ ਰਹਿ ਗਏ ਸਨ। ਉਹਨਾਂ ਦੇ ਮੂੰਹੋਂ ਆਪ-ਮੁਹਾਰੇ ਨਿਕਲਿਆ ਸੀ, ''ਵਾਹ! ਮੈਂ ਅੱਜ ਤੈਨੂੰ ਪਛਾਣਿਆ ਹੈ।''

ਕ੍ਰਾਂਤੀਕਾਰੀਆਂ 'ਚ ਇੱਕ ਤੋਂ ਇੱਕ ਵੱਧ ਕੇ ਇਨਕਲਾਬੀ ਹੋਏ ਹਨ, ਪਰ ਭਗਵਤੀ ਚਰਨ ਆਪਣੀ ਮਿਸਾਲ ਆਪ ਹੀ ਹਨ। ਆਪਣੀ ਪਤਨੀ ਨੂੰ ਇਸ ਰੂਪ ਵਿੱਚ ਵੇਖ ਕੇ ਕਿਸੇ ਦੇ ਮਨ ਵੀ ਸ਼ੰਕਾਂ ਪੈਦਾ ਹੋ ਸਕਦੀ ਹੈ, ਪਰ ਕਿੰਨਾ ਵਿਸ਼ਾਲ ਹਿਰਦਾ ਸੀ ਉਨ੍ਹਾਂ ਦਾ, ਜੋ ਏਹੋ ਜਿਹੀ ਘਟੀਆ ਗੱਲ ਸੋਚ ਵੀ ਨਹੀਂ ਸੀ ਸਕਦੇ। ਸੱਚ ਮੁੱਚ ਹੀ ਉਹ ਪਵਿੱਤਰ ਕ੍ਰਾਂਤੀਕਾਰੀ, ਉਚੀ-ਸੁਚੀ ਸੋਚ ਅਤੇ ਦੂਰ ਦਰਿਸ਼ਟੀ ਵਾਲੇ ਵਿਅਕਤੀ ਸਨ।

ਭਗਵਤੀ ਚਰਨ ਤੇ ਦੁਰਗਾ ਭਾਬੀ ਦੀ ਜੋੜੀ ਨੂੰ ਕੋਟ-ਕੋਟ ਨਮਸਕਾਰ!

ਕਲਕੱਤੇ ਵਿੱਚ ਇੱਕ ਦਿਨ ਭਗਤ ਸਿੰਘ ਨੂੰ ਪ੍ਰੋ: ਜੈਚੰਦਰ ਮਿਲ ਪਿਆ ਤੇ ਉਹਨੇ ਭਗਤ ਸਿੰਘ ਦੇ ਕੰਨ ਵਿੱਚ ਕਿਹਾ, ''ਖ਼ਬਰਦਾਰ ਰਹੀਂ, ਭਗਵਤੀ ਨੂੰ ਵੀ ਮੈਂ ਇੱਥੇ ਹੀ ਫਿਰਦਿਆਂ ਵੇਖਿਆ ਹੈ।'' ਭਗਤ ਸਿੰਘ ਨੂੰ ਗੁੱਸਾ ਤਾਂ ਬਹੁਤ ਆਇਆ ਪਰ! 'ਗੁਰੂ' ਸਮਝ ਕੇ ਲਿਹਾਜ਼ ਕਰ ਦਿੱਤਾ।

ਫਿਰ ਭਗਤ ਸਿੰਘ ਜਦੋਂ ਕਲਕੱਤੇ ਤੋਂ ਚਲਣ ਲੱਗੇ ਤਾਂ ਸੁਸ਼ੀਲਾ ਦੀਦੀ ਨੇ ਆਪਣੇ ਖ਼ੂਨ ਨਾਲ ਉਹਨਾਂ ਦੇ ਮੱਥੇ ਤੇ ਟੀਕਾ ਲਾਇਆ ਅਤੇ ਉਹਨਾਂ ਨੂੰ ਇਸ ਤਰ੍ਹਾਂ ਤੋਰਿਆ ਜਿਵੇਂ ਰਾਜਪੂਤਨੀਆਂ ਜੰਗ ਵਿੱਚ ਜਾਂਦੇ ਆਪਣੇ ਭਰਾਵਾਂ ਨੂੰ ਤੋਰਦੀਆਂ ਸਨ। ਜਿਹੜੇ ਲੋਕ ਇੱਕ-ਦੂਜੇ ਤੋਂ ਨਿਖੜ ਰਹੇ ਸਨ, ਉਹ ਚੜ੍ਹਦੀ ਕਲਾ 'ਚ ਸਨ, ਕਿੰਨੇ ਮਾਣ ਵਿੱਚ ਸਨ।

ਭਗਤ ਸਿੰਘ ਅਤੇ ਸਾਥੀਆਂ ਨੇ ਹੁਣ ਆਗਰੇ ਡੇਰੇ ਲਾਕੇ ਉਥੇ ਬੰਬਸਾਜ਼ੀ ਦੀ ਕਾਰਵਾਈ ਵਿਢਣੀ ਸੀ।

### ਵੋਹਰਾ ਪਰਿਵਾਰ ਦੀ ਭਗਤ ਸਿੰਘ ਨਾਲ ਅਗਲੀ ਮਿਲਣੀ
### 8 ਅਪ੍ਰੈਲ 1929 ਨੂੰ

8 ਅਪ੍ਰੈਲ 1929 ਦਾ ਦਿਹਾੜਾ ਜਿਸ ਦਿਨ ਭਗਤ ਸਿੰਘ ਤੇ ਬੀ.ਕੇ. ਦੱਤ ਨੇ ਅਸੈਂਬਲੀ ਵਿੱਚ ਦੋ 'ਫ਼ੋਕੇ' ਬੰਬਾਂ ਨਾਲ ਧਮਾਕੇ ਕਰਨੇ ਸੀ, ਉਹ ਦਿਨ ਆਜ਼ਾਦੀ ਦੀ ਲੜਾਈ ਤੇ ਖਾਸ ਕਰਕੇ ਇਨਕਲਾਬੀ ਲਹਿਰ ਲਈ ਮੀਲ ਦਾ ਪੱਧਰ ਤਾਂ ਸੀ ਹੀ ਪਰ ਜਿਸ ਸੂਖ਼ਮ ਭਾਵਨਾ ਅਧੀਨ ਸੁਖ ਦੇਵ ਨੇ ਪਾਰਟੀ ਨਿਯਮਾਂ ਦੀ ਘੋਰ ਉਲੰਘਣਾ ਕਰਦੇ ਹੋਏ ਉਸੇ ਦਿਨ ਸਵੇਰੇ ਵੇਲੇ ਦਿੱਲੀ ਰੇਲਵੇ ਸਟੇਸ਼ਨ ਸਾਹਮਣੇ ਭਗਤ ਸਿੰਘ ਦੀ ਮੁਲਾਕਾਤ ਭਗਵਤੀ ਚਰਨ, ਦੁਰਗਾ 'ਭਾਬੀ' ਅਤੇ ਸੁਸ਼ੀਲਾ 'ਦੀਦੀ' ਨਾਲ ਕਰਾਈ ਸੀ, ਸੁਖ ਦੇਵ ਦੇ ਸੁਭਾਅ ਦੇ ਮੱਦੇਨਜ਼ਰ ਉਹ ਵੀ ਕੋਈ ਘੱਟ ਵਚਿੱਤਰ ਘਟਨਾ ਨਹੀਂ ਸੀ।

ਅਸਲ ਵਿੱਚ ਪਾਰਟੀ ਸੈਂਟ੍ਰਲ ਕਮੇਟੀ ਦੀ ਦਿੱਲੀ 'ਚ ਹੋਈ ਮੀਟਿੰਗ ਅੰਦਰ ਇਸ ਮੁੱਦੇ ਤੇ ਮਤਭੇਦ ਸੀ ਕਿ ਅਸੈਂਬਲੀ 'ਚ ਬੰਬ ਧਮਾਕੇ ਲਈ ਕੀਹਨੂੰ ਭੇਜਿਆ ਜਾਏ? ਭਗਤ ਸਿੰਘ ਦਾ ਮੱਤ ਸੀ ਕਿ ਉਹਨੂੰ ਹੀ ਇਹ ਕੰਮ ਸੌਂਪਿਆ ਜਾਏ ਤਾਕਿ ਆਤਮ ਸਮਰਪਣ ਮਗਰੋਂ ਅਦਾਲਤ 'ਚ ਇਸ ਐਕਸ਼ਨ ਬਾਰੇ ਢੁਕਵਾਂ ਬਿਆਨ ਦੇ ਸਕੇ, ਪਰ ਭਾਵੇਂ ਕਿ ਉਹਦੀ ਇਸ ਯੋਗਤਾ ਬਾਰੇ ਕੋਈ ਮਤਭੇਦ ਨਹੀਂ ਸੀ, ਪਰ ਪਾਰਟੀ, ਭਗਤ ਸਿੰਘ ਨੂੰ ਹੱਥੋਂ ਗਵਾਉਣ ਲਈ ਬਿਲਕੁਲ ਹੀ ਰਾਜ਼ੀ ਨਹੀਂ ਸੀ, ਕਿਉਂਕਿ ਸਾਂਡਰਸ ਕਤਲ ਕਰਕੇ ਉਹਨੂੰ ਫ਼ਾਂਸੀ ਲੱਗਣ ਦੀ ਪੂਰੀ ਸੰਭਾਵਨਾ ਸੀ।

ਸੁਖ ਦੇਵ, ਜੋ ਸੈਂਟ੍ਰਲ ਕਮੇਟੀ ਦੀ ਉਸ ਮੀਟਿੰਗ ਵਿੱਚ ਹਾਜ਼ਰ ਨਹੀਂ ਸੀ, ਉਹਨੂੰ ਦਿੱਲੀ ਪਹੁੰਚ ਕੇ ਜਦੋਂ ਇਹ ਪਤਾ ਲੱਗਾ ਤਾਂ ਉਹ ਤਰਲੋ-ਮੱਛੀ ਹੋਇਆ ਕਿਉਂਕਿ ਓਹਦੀ ਰਾਏ ਵਿੱਚ ਸਿਰਫ਼ ਭਗਤ ਸਿੰਘ ਹੀ ਇਸ ਐਕਸ਼ਨ ਦੀ ਸਹੀ ਵਿਆਖਿਆ ਕਰ ਸਕਦੈ, ਨਹੀਂ ਤੇ ਦੋ ਸਾਥੀਆਂ ਦੀ ਕੁਰਬਾਨੀ ਅਜਾਈਂ ਹੀ ਜਾਏਗੀ। ਉਹ ਭਗਤ ਸਿੰਘ ਨੂੰ ਮਿਲਿਆ ਤੇ ਉਹਦੇ ਨਾਲ ਮਿਹਣੋ-ਮਿਹਣੀ ਹੋਇਆ, ਜਿਸਤੇ ਭਗਤ ਸਿੰਘ ਇਹ ਕਹਿਣ ਲਈ ਮਜਬੂਰ ਹੋਇਆ, ''ਮੈਂ ਹੁਣ ਤੇਰੇ ਨਾਲ ਇਸ ਬਾਰੇ ਹੋਰ ਗੱਲ ਹੀ ਨਹੀਂ ਕਰਨੀ।''

ਭਗਤ ਸਿੰਘ ਨੇ ਅਗਲੇ ਦਿਨ ਸੈਂਟ੍ਰਲ ਕਮੇਟੀ ਦੀ ਦੋਬਾਰਾ ਮੀਟਿੰਗ ਬੁਲਵਾਈ, ਜਿਸ ਵਿੱਚ ਸੁਖ ਦੇਵ ਤਾਂ ਚੁਪ ਰਿਹਾ, ਪਰ ਭਗਤ ਸਿੰਘ ਦੀ ਅੜੀ ਤੇ ਕਮੇਟੀ ਨੇ ਉਹਨੂੰ ਭੇਜਣਾ ਮੰਨ ਲਿਆ।

ਸੁਖ ਦੇਵ ਉਸੇ ਰਾਤੀ ਲਾਹੌਰ ਪਰਤ ਗਿਆ। ਦੁਰਗਾ ਭਾਬੀ ਨੂੰ ਜਦੋਂ ਉਹ ਅਗਲੀ ਸਵੇਰ ਮਿਲਿਆ ਤਾਂ ਉਹਦੀਆਂ ਅੱਖਾਂ ਰੋ-ਰੋ ਕੇ ਸੁਜੀਆਂ ਹੋਈਆਂ ਸਨ।

ਹੁਣ ਚੂੰਕਿ ਵੋਹਰਾ ਪਰਿਵਾਰ, ਪਾਰਟੀ ਵੱਲੋਂ ਲਏ ਜਾ ਰਹੇ ਫੈਸਲਿਆਂ ਬਾਰੇ ਅਣਜਾਣ ਸੀ, ਜਦ ਕਿ ਭਗਤ ਸਿੰਘ ਦੀ ਉਨ੍ਹਾਂ ਨਾਲ ਬਹੁਤ ਹੀ ਡੂੰਘੀ ਸਾਂਝ ਸੀ ਅਤੇ ਸਾਂਡਰਸ ਕਤਲ ਤੋਂ ਬਾਅਦ ਭਗਤ ਸਿੰਘ ਅਤੇ ਰਾਜਗੁਰੂ ਨੂੰ ਲਾਹੌਰ ਤੋਂ ਬਾਹਰ ਨਿਕਾਲਣ ਦੀ ਸੰਕਟ ਦੀ ਘੜੀ 'ਚ ਵੀ ਤਾਂ ਵੋਹਰਾ ਪਰਿਵਾਰ ਦੀ ਕੁਰਬਾਨੀ ਹੀ ਕੰਮ ਆਈ ਸੀ: ਇਉਂ ਲਗਦਾ ਹੈ ਜਿਵੇਂ ਸੁਖ ਦੇਵ ਨੇ ਇਹ ਸੋਚ ਕੇ ਕਿ ਕੁੱਝ ਵੀ ਹੋਵੇ, ਭਗਤ ਸਿੰਘ ਦੀ ਇਸ ਟੱਬਰ ਨਾਲ ਐਨੀਂ ਡੂੰਘੀ ਭਾਵੁਕ ਸਾਂਝ ਹੈ, ਤੇ ਇਹੀ ਮੌਕਾ ਹੈ ਜਦੋਂ ਉਹਨਾਂ ਦੀ ਨਾਲ 'ਆਖ਼ਰੀ' ਮੁਲਾਕਾਤ ਹੋ ਸਕਦੀ ਹੈ। ਖ਼ੈਰ!

ਦੁਰਗਾ 'ਭਾਬੀ' ਨੂੰ ਭਗਵਤੀ ਨੇ ਕਿਸੇ ਰਾਹੀਂ ਕਹਿ ਭੇਜਿਆ ਕਿ ਉਹ ਸੁਸ਼ੀਲਾ ਨੂੰ ਨਾਲ ਲੈਕੇ, ਲਾਹੌਰੋਂ 7 ਅਪ੍ਰੈਲ ਰਾਤ ਦੀ ਗੱਡੀ ਫੜ ਕੇ ਅਗਲੀ ਸਵੇਰ ਦਿੱਲੀ ਪਹੁੰਚ ਜਾਏ, ਜਿੱਥੇ ਉਹ ਪੁਰਾਣੀ ਦਿੱਲੀ ਦੇ ਵੱਡੇ ਸਟੇਸ਼ਨ ਤੇ ਉਹਨਾਂ ਦੀ ਉਡੀਕ ਕਰ ਰਿਹਾ ਹੋਵੇਗਾ।

ਤਦ ਅਨੁਸਾਰ ਅਗਲੀ ਸਵੇਰ ਇਹ ਸਾਰੇ ਦਿੱਲੀ ਸਟੇਸ਼ਨ ਤੋਂ ਬਾਹਰ ਨਿਕਲੇ ਤੇ ਨੇੜੇ ਦੇ ਕਦੂਸੀਆਂ ਬਾਗ਼ 'ਚ ਪਹੁੰਚੇ, ਜਿੱਥੇ ਭਗਤ ਸਿੰਘ ਤੇ ਸੁਖ ਦੇਵ ਉਹਨਾਂ ਨੂੰ ਉਡੀਕ ਰਹੇ ਸਨ। ਦੁਗਰਾ ਹੋਰੀ ਰਾਤੀਂ ਘਰੋ ਚੱਲਣ ਲਗਿਆ ਆਪਣੇ ਨਾਲ ਖਾਣ-ਪਕਵਾਨ ਲੈਕੇ ਆਏ ਸਨ, ਜਿਵੇਂ ਕਿ ਸਾਧਾਰਨ ਲੋਕੀ ਲੰਮੇ ਸਫ਼ਰ ਤੇ ਚਲਣ ਲੱਗਿਆ ਕਿਆ ਕਰਦੇ ਨੇ, ਤੇ ਸਾਰਿਆਂ ਰਲ ਕੇ ਪ੍ਰੀਤੀ ਭੋਜ ਕੀਤਾ।

ਭਾਵੇਂ ਕਿ ਦੁਰਗਾ ਤੇ ਸੁਸ਼ੀਲਾ ਨੂੰ ਇਹ ਪਤਾ ਤਾਂ ਨਹੀਂ ਸੀ ਕਿ ਭਗਤ ਸਿੰਘ ਕਿਹੜੇ ਮਿਸ਼ਨ ਤੇ ਜਾ ਰਿਹਾ ਹੈ, ਪਰ ਉਹਨਾਂ ਨੂੰ ਐਨਾ ਕੁ ਸੰਕੇਤ ਜ਼ਰੂਰ ਹੀ ਮਿਲ ਗਿਆ ਸੀ ਕਿ ਉਹ ਕਿਸੇ 'ਐਕਸ਼ਨ' ਲਈ ਜਾ ਰਿਹੈ; ਸੋ ਭਗਤ ਸਿੰਘ ਦੇ ਉਥੋਂ ਟੁਰਣ ਵੇਲੇ ਸੁਸ਼ੀਲਾ ਨੇ ਆਪਣੇ ਖ਼ੂਨ ਦਾ ਟਿਕਾ ਉਹਦੇ ਮੱਥੇ ਤੇ ਲਾਕੇ ਉਹਨੂੰ ਵਿਦਾ ਕੀਤਾ।

ਮਗਰੋਂ ਵੋਹਰਾਂ ਪਰਿਵਾਰ ਟਾਂਗੇ ਤੇ ਅਤੇ ਸੁਖ ਦੇਵ ਟਾਂਗੇ ਦੇ ਨਾਲ-ਨਾਲ ਸਾਈਕਲ ਤੇ, ਨਵੀਂ ਦਿੱਲੀ ਵੱਲ ਨੂੰ ਚਲੇ ਪਏ। ਉਥੇ ਪਹੁੰਚ ਕੇ ਟਾਂਗਾ ਸੜਕ ਦੀ ਪਟੜੀ ਤੇ ਖੜਾ ਜਾ ਕੀਤਾ। ਕੁੱਝ ਹੀ ਚਿਰ ਪਿਛੋਂ ਅਸੈਂਬਲੀ ਵਲੋਂ ਧਮਾਕੇ ਦੀ ਆਵਾਜ਼ ਆਈ ਤੇ ਕੁਝ ਹੀ ਮਿੰਟ ਬਾਅਦ ਵੱਡੀ ਗਿਣਤੀ 'ਚ ਪੁਲਿਸ ਹਰਲ-ਹਰਲ ਕਰਦੀ ਨਜ਼ਰ ਆਈ ਤੇ ਫਿਰ ਪੁਲਿਸ ਦੀ ਇੱਕ ਗੱਡੀ ਕੋਲੋਂ ਲੰਘੀ ਜੀਹਦੇ ਵਿੱਚ ਭਗਤ ਸਿੰਘ ਨੂੰ ਲੈ ਜਾ ਰਹੇ ਸਨ। 'ਭਾਬੀ' ਦੀ ਗੋਦ ਵਿੱਚ ਬੈਠਾ ਸ਼ਚੀ, ਭਗਤ ਸਿੰਘ ਨੂੰ ਵੇਖਦਿਆਂ ਹੀ ਕਹਿੰਦੈ 'ਲੰਮੇ ਚਾਚਾ'... ਤੇ ਭਾਬੀ ਨੇ ਫੌਰਨ ਉਹਦੇ ਮੂੰਹ ਤੇ ਹੱਥ ਰੱਖ ਦਿੱਤਾ...। ਉਹਨਾਂ ਕੁੱਝ ਚਿਰ ਪਿਛੋਂ ਇੱਕ ਹੋਰ ਲਾਰੀ ਵਿੱਚ ਬੀ.ਕੇ. ਦੱਤ ਨੂੰ ਬਿਠਾਕੇ ਲਿਜਾਂਦੇ ਵੀ ਵੇਖ ਲਿਆ ਸੀ।

ਮਗਰੋਂ (15 ਅਪ੍ਰੈਲ 1929 ਨੂੰ) ਲਾਹੌਰ, ਕਸ਼ਮੀਰ ਬਿਲਡਿੰਗ ਤੇ ਪੁਲਿਸ ਨੇ ਛਾਪਾ ਮਾਰ ਕੇ ਉਥੋਂ ਬੰਬ ਫੈਕਟਰੀ 'ਚੋਂ ਸੁਖ ਦੇਵ, ਕਿਸ਼ੋਰੀ ਲਾਲ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਤੇ ਉਸ ਕਮਰੇ ਦਾ ਕਿਰਾਏਨਾਮਾ ਭਗਵਤੀ ਦੇ ਨਾਂ ਤੇ ਹੋਣ ਕਰਕੇ ਲਾਹੌਰ ਸਾਜ਼ਿਸ ਕੇਸ ਵਿੱਚ ਉਹਦੇ ਵੀ ਵਾਰੰਟ ਜਾਰੀ ਕਰ ਦਿੱਤੇ ਤੇ ਫੜੇ ਨਾ ਜਾਣ ਤੇ ਮਫਰੂਰ ਕਰਾਰ ਦੇ ਦਿੱਤਾ।

5

# ਭਗਵਤੀ ਦੀਆਂ ਸਰਗਰਮੀਆਂ

ਯਸ਼ਪਾਲ ਨੇ ਲਿਖਿਐ, ''15 ਅਪ੍ਰੈਲ 1929 ਦੇ ਕਸ਼ਮੀਰ ਬਿਲਡਿੰਗ ਪੁਲਿਸ ਛਾਪੇ ਪਿਛੋਂ ਮੈਂ ਭਗਵਤੀ ਨੂੰ ਮਿਲਣ ਲਈ ਉਤਾਵਲਾ ਸਾਂ ਕਿਉਂਕਿ ਉਸ ਦਾ ਕਿਰਾਏਨਾਮਾ ਭਗਵਤੀ ਦੇ ਨਾਂ ਤੇ ਪਾਏ ਜਾਣ ਨੂੰ ਪ੍ਰੋ. ਜੈ ਚੰਦਰ ਉਹਦੇ ਸੀ.ਆਈ.ਡੀ. ਹੋਣ ਦੇ ਸਬੂਤ ਵਜੋਂ ਪ੍ਰਚਾਰ ਰਿਹਾ ਸੀ।

''ਮੇਰੀ ਸੂਝ-ਬੂਝ ਮੈਨੂੰ ਉਹਦੇ ਕਲਕੱਤੇ ਹੋਣ ਵੱਲ ਸੰਕੇਤ ਦੇ ਰਹੀ ਸੀ, ਸੋ ਮੈਂ ਕਲਕੱਤੇ ਸਿੱਧਾ ਸੁਸ਼ੀਲਾ ਦੀਦੀ ਕੋਲ ਪਹੁੰਚਿਆ, ਜੀਹਨੇ ਦੱਸਿਆ ਕਿ ਉਹ ਹਨ ਤਾਂ ਇੱਥੇ ਹੀ, ਪਰ ਮੈਂ ਉਨ੍ਹਾਂ ਦਾ ਠਿਕਾਣਾ ਨਹੀਂ ਦੇਖਿਆ; ਹਾਂ ਅਸੀਂ ਹਰ ਤੀਜੇ-ਚੌਥੇ ਦਿਨ ਕਲਕੱਤੇ ਦੇ ਚੌਰੰਗੀ ਨੇੜਲੇ ਵਿਕਟੋਰੀਆ ਮੈਮੋਰੀਅਲ ਸਾਹਮਣਿਓਂ ਲੰਗਦੀ ਸੜਕ ਤੇ ਬਾਅਦ-ਦੁਪਹਿਰ ਮਿਲਦੇ ਰਹਿੰਦੇ ਆਂ। ਉਹਨੇ ਮੈਨੂੰ ਇਹ ਵੀ ਦੱਸਿਆ ਕਿ 'ਭਈਆ' ਆਪਣੇ ਤੌਰ ਤੇ ਨਵੇਂ ਸਿਰਿਉਂ ਪਾਰਟੀ ਜਥੇਬੰਦ ਕਰਨ ਦੇ ਆਹਰ ਵਿੱਚ ਨੇ, ਪਰ ਪ੍ਰੋ. ਜੈ ਚੰਦਰ ਦਾ ਇੱਥੇ ਵੀ ਇੰਨਾ ਦਬਦਬਾ ਹੈ ਕਿ ਕੋਈ ਵੀ ਉਹਨੂੰ ਉਲੰਘਣ ਦੀ ਹਿੰਮਤ ਨਹੀਂ ਕਰ ਰਿਹਾ। ਇਹਨਾਂ ਹਾਲਾਤਾਂ ਵਿੱਚ ਭਗਵਤੀ 'ਭਈਆ' ਬੜੇ ਹੀ ਮਾਨਸਿਕ ਸੰਕਟ ਵਿੱਚ ਦੀ ਲੰਘ ਰਹੇ ਨੇ।

''ਮੈਂ ਅਤੇ 'ਦੀਦੀ', ਭਗਵਤੀ ਨੂੰ ਮਿਲਣ ਲਈ ਨੀਯੱਤ ਸਮੇਂ 'ਤੇ ਉਸੇ ਸੜਕ ਵੱਲ ਹੋ ਤੁਰੇ ਜਿੱਥੇ ਉਹ ਮਿਲਿਆ ਕਰਦੇ ਸੀ; ਮੈਂ ਭਗਵਤੀ ਨੂੰ ਦੇਖ ਕੇ ਮਸਾਂ ਹੀ ਉਹਨੂੰ ਪਛਾਣਿਆ, ਸਿਰ ਤੇ ਦਾੜ੍ਹੀ ਦੇ ਵਾਲ ਵਧੇ ਹੋਏ, ਮੈਲਾ ਜਿਹਾ ਕੁੜਤਾ, ਗੋਡਿਆਂ ਤੱਕ ਪਾਈ ਧੋਤੀ ਵਿੱਚ ਉਹ ਚੰਗੇ-ਖਾਸੇ ਰਾਜਪੂਤ ਦਰਬਾਨ ਵਾਂਗ ਲੱਗ ਰਿਹਾ ਸੀ; ਚਿਹਰੇ ਤੇ ਪਰੇਸ਼ਾਨੀ ਦੇ ਪ੍ਰਤੱਖ ਪਰਛਾਵੇਂ ਵੀ ਨਜ਼ਰ ਆਏ: 'ਦੀਦੀ' ਤਾਂ ਕੁੱਝ ਸਮੇਂ ਬਾਅਦ ਘਰ ਨੂੰ ਚਲੀ ਗਈ, ਤੇ ਭਗਵਤੀ ਮੈਨੂੰ ਆਪਣੇ 'ਨਿਵਾਸ' ਤੇ ਲੈ ਗਿਆ _ ਝੁਗੀ-ਝੌਂਪੜੀਆਂ ਵਾਲੀ ਬਸਤੀ ਵਿੱਚ।''

#### ਦੁਰਗਾ 'ਭਾਬੀ' ਲਈ ਵੰਗਾਰ _ ਲਾਹੌਰ ਸਾਜਿਸ਼ ਕੇਸ

10 ਜੁਲਾਈ 1929 ਨੂੰ ਸਪੈਸਲ ਮੈਜਿਸਟ੍ਰੇਟ ਲਾਹੌਰ ਦੀ ਅਦਾਲਤੇ ਸਾਜਿਸ਼ ਕੇਸ ਦੀ ਕਾਰਵਾਈ ਸ਼ੁਰੂ ਹੋਣ ਤੇ ਲਾਹੌਰ ਹੀ ਸਾਰੀਆਂ-ਸਰਗਰਮੀਆਂ ਦਾ ਕੇਂਦਰ ਬਣ ਗਿਆ _ ਪਾਰਟੀ ਵਰਕਰ ਤਾਂ ਜੇਲ੍ਹੀ ਡਕੇ ਹੋਏ ਸਨ, ਤੇ ਉਹਨਾਂ ਦੇ ਰਿਸ਼ਤੇਦਾਰਾਂ ਦਾ ਲੈ ਦੇ ਕੇ ਭਗਵਤੀ ਦੇ ਘਰ ਹੀ ਆਉਣ-ਜਾਣ ਸੀ; ਭਾਵੇਂ ਕਿ ਸਾਰੇ ਉਥੇ ਠਹਿਰ ਤਾਂ ਨਹੀਂ ਸਕਦੇ ਸੀ, ਪਰ ਉਹਨਾਂ ਲਈ ਲੰਗਰ ਤਾਂ ਉਥੇ ਹੀ ਪਕਦਾ ਸੀ। 'ਭਾਬੀ' ਰਸੋਈ 'ਚ ਸਵੇਰੇ ਤਿੰਨ ਵਜੇ ਤੋਂ ਲੈਕੇ ਅੱਧੀ ਰਾਤ ਤੱਕ ਆਟੇ ਦੀਆਂ ਪਰਾਤਾਂ ਗੁਨ੍ਹਦੀ, ਦਾਲ-ਸਬਜ਼ੀ ਤਿਆਰ ਕਰਦੀ ਤੇ ਆਏ-ਗਏ ਨੂੰ ਖੁਆਉਣ 'ਚ ਰੁਝੀ ਰਹਿੰਦੀ, ਪਰ ਚੰਗੇ ਭਾਗਾਂ ਨੂੰ ਉਹਦਾ ਹੱਥ ਵੰਡਾਉਣ ਲਈ ਓਹਦੇ ਨਾਲ ਮੌਜੂਦ ਸੀ ਯਸ਼ਪਾਲ ਦੀ ਭੈਣ ਪ੍ਰੇਮਵੱਤੀ, ਭਰਾ ਧਰਮਪਾਲ ਅਤੇ ਕੁੱਝ ਸਮੇਂ ਬਾਅਦ ਸੁਸ਼ੀਲਾ 'ਦੀਦੀ' ਵੀ ਆ ਗਈ।

ਇਥੇ ਹੀ ਬਸ ਨਹੀਂ, ਡਿਫੈਂਸ ਕਮੇਟੀ ਦੀਆਂ ਕਾਰਵਾਈਆਂ ਵੀ ਏਥੋਂ ਹੀ ਚਲਾਈਆਂ ਜਾ ਰਹੀਆਂ ਸਨ, ਜੀਹਦੀ ਵਾਗਡੋਰ ਸ. ਕਿਸ਼ਨ ਸਿੰਘ ਦੇ ਹੱਥ 'ਚ ਸੀ। ਨਾਲੇ ਭਾਬੀ ਦੇ ਹੀ ਜ਼ਿਮੇ ਸੀ ਜੇਲ੍ਹੀ ਡਕੇ ਸਾਥੀਆਂ ਨਾਲ ਸੰਪਰਕ ਬਨਾਈ ਰੱਖਣਾ ਤੇ ਨਾਲੇ ਪੈਰਵਾਈ ਕਰਨ ਵਾਲੇ ਵਕੀਲਾਂ ਨਾਲ ਤਾਲਮੇਲ ਬਣਾਈ ਰੱਖਣਾ। ਕੁੱਝ ਮਿਲਾਕੇ ਸਾਰਾ ਤਾਣਾ-ਬਾਣਾ 'ਭਾਬੀ' ਦੁਆਲੇ ਹੀ ਘੁੰਮਦਾ ਸੀ।

ਪਰ 'ਭਾਬੀ' ਵੀ ਹੁਣ ਪਹਿਲਾਂ ਵਾਲੀ ਘਰੇਲੂ ਨਾਰੀ ਨਹੀਂ ਸੀ ਰਹੀ, ਬਲਕਿ ਆਪਣੇ ਆਦਰਸ਼-ਪਤੀ ਦੇ ਸੁਹਿਰਦ ਜਤਨਾਂ ਸਦਕਾ ਇੱਕ ਸੁਘੜ ਆਤਮ-ਵਿਸ਼ਵਾਸੀ ਧਿਰ ਵਜੋਂ ਆਜ਼ਾਦਾਨਾ ਤੌਰ ਤੇ ਵਿਚਰ ਰਹੀ ਸੀ। ਉਹ ਇਸ ਸਾਰੇ ਘੜਮੱਸ ਵਿੱਚ ਪਕੇ ਪੈਰੀਂ ਰਹਿੰਦਿਆਂ, ਬਿਨਾ ਕਿਸੇ ਹਿਚਕਿਚਾਹਟ ਜਾਂ ਦੁਵਿਧਾ ਦੇ, ਹਰ ਸੰਕਟ ਨਾਲ ਸ਼ਾਂਤਚਿਤ ਰਹਿਕੇ ਸਿਝ ਰਹੀ ਸੀ।

ਸੁਖਦੇਵ ਰਾਜ ਵਰਗੇ ਕਾਰਕੁਨ ਲਈ ਜੋ ਗ੍ਰਿਫਤਾਰੀਓਂ ਬੱਚਿਆ ਹੋਇਆ ਸੀ ਕੇਵਲ 'ਭਾਬੀ' ਹੀ ਅਜੇਹਾ ਸਾਧਨ ਸੀ, ਜਿਸ ਰਾਹੀਂ ਉਹ ਸਾਥੀਆਂ ਨਾਲ ਸੰਪਰਕ ਰੱਖ ਸਕਦਾ ਸੀ, ਪਰ 'ਭਾਬੀ' ਨਾਲ ਵੀ ਹਰ ਵੇਲੇ ਇੱਕ-ਦੋ ਚਿਟ-ਕਪੜੀਏ ਹੁੰਦੇ, ਜੋ ਸਾਰੀ ਗੱਲਬਾਤ ਨੋਟ ਕਰੀ ਜਾਂਦੇ ਸੀ, ਪਰ ਫਿਰ ਵੀ, 'ਭਾਬੀ' ਜਿਵੇਂ-ਕਿਵੇਂ ਗੱਲਬਾਤ ਕਰ ਹੀ ਲੈਂਦੀ ਸੀ।

ਇਹਨੀਂ ਦਿਨੀਂ ਅਜੇਹੇ ਮੌਕੇ ਵੀ ਹੁੰਦੇ ਕਿ ਨਾ ਹੀ ਕੋਲ ਕੋਈ ਪੈਸਾ-ਧੇਲਾ ਹੀ ਹੁੰਦਾ ਤੇ ਨਾ ਹੀ ਕੋਈ ਸਾਥੀ ਉਪਲਬਦ ਹੁੰਦਾ, ਪਰ ਫੇਰ ਵੀ 'ਭਾਬੀ' ਨੇ ਹਿੰਮਤ ਕਦੇ ਨਹੀਂ ਹਾਰੀ। ਲੋੜ ਪੈਣ ਤੇ ਉਹ ਇੱਕਲੀ ਹੀ ਸਿਧੀ ਧਨਵੰਤਰੀ ਕੋਲ ਜਾਂਦੀ ਤੇ ਉਹਦੇ ਸਾਈਕਲ 'ਤੇ ਪਿਛੇ ਬੈਠ ਕੇ ਜਿੱਥੇ ਕਿਤੇ ਪਹੁੰਚ ਕੇ ਆਪਣੇ ਕੰਮ ਨਿਪਟਾ ਆਉਂਦੀ। ਭਗਵਤੀ ਦੇ ਦੋਖੀ, 'ਭਾਬੀ' ਦੇ ਆਚਰਨ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਅਫ਼ਵਾਹਵਾਂ ਉਡਾਉਣ ਲੱਗ ਪਏ।

ਇਹ ਕੁੱਝ ਵੇਖਦਿਆਂ, ਇੱਕ ਵਾਰੀ ਸੁਖਦੇਵ ਰਾਜ, ਇੰਦਰ ਪਾਲ ਨੂੰ ਨਾਲ ਲੈ ਕੇ ਭਗਵਤੀ ਨੂੰ ਮਿਲਿਆ ਤੇ ਉਹਨੂੰ ਇਸਦੀ ਜਾਣਕਾਰੀ ਦਿੱਤੀ। ਸੁਣਕੇ, ਪਹਿਲਾਂ ਤਾਂ ਉਹ ਚੁਪ ਹੀ ਰਿਹਾ, ਫਿਰ ਕਿਹਾ, ''ਮੇਰੇ ਸਾਹਮਣੇ ਪਹਾੜ ਜੇਡੇ ਕੰਮ ਨੇ, ਇਸ ਲਈ ਮੇਰੇ ਕੋਲ ਅਜਿਹੀਆਂ ਛੋਟੀਆਂ-ਮੋਟੀਆਂ ਗਲਾਂ ਲਈ ਕੋਈ ਵਿਹਲ ਹੀ ਨਹੀਂ; ਨਾਲੇ ਮੈਨੂੰ ਆਪਣੀ ਪਤਨੀ ਤੇ ਅਟੁਟ ਭਰੋਸਾ ਹੈ, ਤੁਸੀਂ ਇਹ ਕਹਿਣ-ਸੁਣਨ ਵਾਲਿਆਂ ਨੂੰ ਮੇਰੇ ਵੱਲੋਂ ਦੱਸ ਦੇਣਾ, ਤੇ ਜੇ ਮੈਂ ਵਿਸ਼ਵਾਸ ਕਰਨਾ ਈ ਹੈ ਤਾਂ ਮੈਂ ਆਪਣੀ ਪਤਨੀ ਦੀ ਗੱਲ ਤੇ ਹੀ ਕਰਾਂਗਾ।''

#### ਭਗਵਤੀ ਅਤੇ ਯਸ਼ਪਾਲ ਦੀਆਂ ਵਾਇਸਰਾਏ ਦੀ ਗੱਡੀ ਨੂੰ ਉਡਾਉਣ ਲਈ ਤਿਆਰੀਆਂ

ਹੋਰ ਕੋਈ ਪੇਸ਼ ਨਾ ਜਾਂਦੀ ਵੇਖ ਇਹਨਾਂ ਦੋਹਾਂ ਨੇ, ਜੋ ਲਾਹੌਰ ਸਾਜਿਸ਼ ਕੇਸ 'ਚ ਮਫਰੂਰ ਸਨ, ਵਾਇਸਰਾਏ ਦੀ ਗੱਡੀ ਨੂੰ ਬੰਬ ਨਾਲ ਉਡਾਉਣ ਲਈ ਬੰਬ ਦੀ ਤਿਆਰੀ ਸ਼ੁਰੂ ਕਰ ਦਿੱਤੀ _ ਪਹਿਲਾਂ ਦਿੱਲੀ 'ਚ ਇੱਕ ਅੱਡੇ ਤੇ ਕੰਮ ਸ਼ੁਰੂ ਕੀਤਾ, ਪਰ ਪਿਛੋਂ ਜਾਕੇ ਭਗਵਤੀ ਨੇ ਦਿੱਲੀ ਦੀ ਬਜਾਏ ਕਿਸੇ

ਛੋਟੇ ਸ਼ਹਿਰ 'ਚ ਆਪਣਾ ਅੱਡਾ ਲੈ ਜਾਣਾ ਸੁਝਾਇਆ, ਜਿਥੇ ਪੁਲਿਸ ਨਿਗਰਾਨੀ ਕੁੱਝ ਘੱਟ ਹੋਣ ਦੀ ਸੰਭਾਵਨਾ ਸੀ। ਉਸਨੂੰ ਇੱਕ ਨੌਜਵਾਨ ਭਾਰਤ ਭਲਾਈ ਕਾਰਕੁਨ, ਲੇਖਰਾਜ ਸ਼ਰਮਾ ਦਾ ਚੇਤਾ ਆਇਆ, ਜੋ ਪਿਛਲੇ ਦਿਨੀਂ ਲਾਹੌਰ ਆਯੁਰਵੇਦਿਕ ਕਾਲਜ 'ਚ ਪੜ੍ਹਦਾ ਸੀ ਅਤੇ ਜੀਹਦਾ ਹੁਣ ਰੋਹਤਕ ਵਿੱਚ ਔਸ਼ਧਾਲਿਆ ਬੜੀ ਕਾਮਯਾਬੀ ਨਾਲ ਚਲ ਰਿਹਾ ਸੀ। ਲਾਹੌਰ ਰਹਿੰਦਿਆਂ ਉਹ ਭਗਤ ਸਿੰਘ, ਸੁਖ ਦੇਵ, ਯਸ਼ਪਾਲ, ਧਨਵੰਤਰੀ, ਆਦਿ, ਸਾਰਿਆਂ ਦੇ ਸੰਪਰਕ ਵਿੱਚ ਰਹਿ ਚੁਕਾ ਸੀ।

ਯਸ਼ਪਾਲ ਉਹਦੇ ਕੋਲ ਰੋਹਤਕ ਗਿਆ ਤੇ ਲੇਖਰਾਜ ਰਾਜੀ ਹੋ ਗਿਆ। ਉਥੇ ਬੰਬਸਾਜ਼ੀ ਹੋਰ ਵੀ ਆਸਾਨ ਸੀ, ਕਿਉਂਕਿ ਦਵਾਈ ਪੀਸਣ, ਕੁਸ਼ਤੇ ਮਾਰਨ ਦੀ ਆੜ ਵਿੱਚ ਮਸਾਲਾ, ਆਦਿ ਤਿਆਰ ਕੀਤਾ ਜਾ ਸਕਦਾ ਸੀ। ਯੋਜਨਾ ਅਨੁਸਾਰ ਯਸ਼ਪਾਲ ਨੂੰ ਉਥੇ ਨੌਕਰ ਨਿਯੁਕਤ ਕੀਤਾ ਗਿਆ ਜਿਸਨੇ ਘਿਸਾਈ-ਪਿਸਾਈ ਦਾ ਕੰਮ ਕਰਨਾ ਸੀ ਤੇ ਇਸ ਤਰ੍ਹਾਂ ਸਾਰਾ ਕਾਰਜ ਨਿਰਵਿਘਣ ਚਲਦਾ ਰਿਹਾ। ਕੰਮ ਲਗਭਗ ਪੂਰਾ ਹੋ ਹੀ ਚੁਕਿਆ ਸੀ, ਜਦ ਕਿ ਮੰਦੇ-ਭਾਗੀਂ ਕਿਸੇ ਸਾਧਾਰਨ ਫੌਜਦਾਰੀ ਤਫ਼ਤੀਸ਼ ਦੇ ਸਿਲਸਿਲੇ 'ਚ ਦਵਾਈ ਖਾਨੇ ਦੀ ਤਲਾਸ਼ੀ ਦੀ ਸੰਭਾਵਨਾ ਦਿਸ ਰਹੀ ਸੀ; ਸੋ ਸਭ ਕੁੱਝ ਸਮੇਟ-ਸਮਾਟ ਕੇ ਫਿਰ ਦਿੱਲੀ ਜਾ ਡੇਰਾ ਲਾਇਆ।

ਗੱਡੀ ਹੇਠਾਂ ਬੰਬ ਫਟਾਉਣ ਲਈ ਦਿੱਲੀ-ਮਥੁਰਾ ਰੇਲਵੇ ਲਾਈਨ ਤੇ ਦਿੱਲੀ ਦੇ ਬਾਹਰਵਾਰ ਇੱਕ ਪੁਰਾਣੇ ਖੰਡਰ ਦੀ ਚੋਣ ਕੀਤੀ ਗਈ ਤੇ ਇਹ ਸਾਰੀ ਕਾਰਵਾਈ ਨੂੰ ਨੇਪਰੇ ਚਾੜ੍ਹਨ ਲਈ ਇੰਦਰ ਪਾਲ ਨੂੰ ਲਾਹੌਰੋਂ ਬੁਲਾਕੇ ਇਸ ਖੰਡਰ ਜਹੇ ਮਕਾਨ ਵਿੱਚ ਸਾਧੂ ਦੇ ਰੂਪ ਵਿੱਚ ਬਿਠਾ ਦਿੱਤਾ। ਇਸ ਭੂਮਿਕਾ ਨੂੰ ਉਹਨੇ ਐਨੇ ਵਧੀਆਂ ਢੰਗ ਨਾਲ ਨਿਭਾਇਆ ਕਿ ਨਾਲ ਦੇ ਪਿੰਡਾ 'ਚ ਉਹਦੀ ਵਾਹ-ਵਾਹ ਮਾਨਤਾ ਹੋ ਗਈ। ਰੇਲਵੇ ਲਾਈਨ ਹੇਠਾਂ ਛੋਟਾ ਜਿਹਾ ਟੋਇਆ ਪੁਟ ਕੇ ਉਥੇ ਯੰਤਰ ਰੱਖਿਆ ਜਾਣਾ ਸੀ ਤੇ 200-300 ਗੱਜ ਦੀ ਦੂਰੀ ਤੱਕ ਤਾਰ ਜ਼ਮੀਨ ਹੇਠਾਂ ਦਬਾ ਕੇ, ਦੂਰੋਂ ਬੈਟਰੀ ਰਾਹੀਂ ਬੰਬ ਫਟਾਇਆ ਜਾਣਾ ਸੀ।

ਇਸ ਸਭ ਕੁੱਝ ਕਰਕੇ ਭਗਵਤੀ ਨੇ ਸੁਝਾਉ ਦਿੱਤਾ ਕਿ ਇਹ ਐਕਸ਼ਨ ਪਾਰਟੀ ਵਲੋਂ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਵੈਸੇ ਵੀ ਨਾਂ ਤਾਂ ਪਾਰਟੀ ਦਾ ਹੀ ਲਗੇਗਾ, ਜਦ ਕਿ ਪਾਰਟੀ ਆਗੂਆਂ ਨੂੰ ਇਹਦਾ ਚਿਤ-ਚੇਤਾ ਵੀ ਨਹੀਂ ਹੋਣਾ ਤੇ ਏਸ ਭੰਬਲ-ਭੂਸੇ 'ਚ ਇਹਦਾ ਕੋਈ ਰਾਜਸੀ ਮਹੱਤਵ ਨਹੀਂ ਰਹਿ ਜਾਏਗਾ। ਸੋ ਭਗਵਤੀ ਆਜ਼ਾਦ ਦੀ ਭਾਲ 'ਚ ਗਣੇਸ਼ ਸ਼ੰਕਰ ਵਿਦਿਆਰਥੀ ਕੋਲ ਕਾਨਪੁਰ ਪਹੁੰਚੇ ਜਿਨ੍ਹਾਂ ਦੱਸਿਆ ਕਿ ਆਜ਼ਾਦ ਉਹਦਾ ਨਾਂ ਸੁਣ ਕੇ ਵੀ ਰਾਜ਼ੀ ਨਹੀਂ ਹੈ ਤੇ ਇਹ ਮੌਕਾ ਇਸ ਐਕਸ਼ਨ ਲਈ ਢੁਕਵਾ ਨਹੀਂ ਹੈ।

ਸੋ 24 ਅਕਤੂਬਰ 1929 ਵਾਲਾ ਐਕਸ਼ਨ ਮੁਲਤਵੀ ਕਰ ਦਿੱਤਾ ਗਿਆ ਤੇ ਜ਼ਮੀਨ 'ਚ ਗਡੇ ਹੋਏ ਯੰਤਰ-ਤਾਰਾਂ ਆਦਿ ਪੁਟ ਕੇ ਸੰਭਾਲ ਲਈਆਂ ਗਈਆਂ।

#### ਭਗਤ ਸਿੰਘ-ਦੱਤ ਨੂੰ ਬਚਾਉਣ ਦੇ ਉਪਰਾਲੇ

ਭਗਵਤੀ ਚਰਨ ਆਪਣੇ ਬਲਬੂਤੇ 'ਤੇ ਭਗਤ ਸਿੰਘ ਅਤੇ ਦੱਤ ਨੂੰ ਜੇਲ੍ਹੋਂ ਛੁਡਾਉਣ ਦੀਆਂ ਸਬੀਲਾਂ ਬਣਾ ਰਿਹਾ ਸੀ। ਉਹਨਾਂ ਦੋਹਾਂ ਨੂੰ ਜੇਲੋਂ ਕੱਢ ਲਿਜਾਣ ਲਈ ਐਤਵਾਰ ਦਾ ਦਿਨ ਹੀ ਢੁਕਵਾਂ ਸੀ ਜਦੋਂ ਭਗਤ ਸਿੰਘ ਅਤੇ ਦੱਤ ਨੂੰ ਪੁਲਿਸ ਸੈਂਟ੍ਰਲ ਜੇਲ੍ਹ ਤੋਂ ਤੋਰਕੇ ਬੋਰਸਟਲ ਜੇਲ੍ਹ ਲਿਜਾਂਦੀ, ਜਿੱਥੇ ਬਾਕੀ ਦੇ ਸਾਥੀ ਰੱਖੇ ਗਏ ਹੋਏ ਸਨ, ਤੇ ਕੁਝ ਚਿਰ ਪਿਛੋਂ ਦੋਹਾਂ ਨੂੰ ਵਾਪਸ ਸੈਂਟ੍ਰਲ ਜੇਲ੍ਹ ਲਿਆਇਆ ਕਰਦੀ ਸੀ। ਵੈਸੇ ਇਹ ਸਾਰੇ ਜੇਲ੍ਹ ਇੱਕੋ ਵੱਡੀ ਸਾਰੀ ਵਲਗਣ ਵਿੱਚ ਕੋਲ-ਕੋਲ ਹੀ ਸਨ।

ਕੁੱਝ ਅਰਸਾ ਪਾਕੇ ਪੁਲਿਸ ਨੂੰ ਇਨ੍ਹਾਂ ਦੋਹਾਂ ਦੇ ਜੇਲ੍ਹੋਂ ਛੁਡਾਉਣ ਦੀਆਂ ਸਕੀਮਾਂ ਦੀ ਸੂਹ ਲੱਗੀ ਤਾਂ ਫਿਰ ਪੁਲਿਸ ਇਹਨਾਂ ਨੂੰ ਪੈਦਲ ਲੈ ਜਾਣ ਦੀ ਬਜਾਏ ਲਾਰੀ ਵਿੱਚ ਬਿਠਾਕੇ ਲੈ ਜਾਣ ਲੱਗ ਪਈ ਸੀ।

#### ਅਹਿਮਦਗੜ੍ਹ ਡਕੈਤੀ _ 15 ਅਕਤੂਬਰ 1929

ਇਸ ਕਾਰਜ ਲਈ ਪੈਸਾ ਖੁਲ੍ਹਾ ਚਾਹੀਦਾ ਸੀ ਤੇ ਐਨੇ ਸਾਲਾਂ ਦੀ 'ਸ਼ਾਹ-ਖਰਚੀ' ਕਾਰਨ ਵੋਹਰਾ ਪਰਿਵਾਰ ਦਾ ਖਜ਼ਾਨਾ ਵੀ ਤਕਰੀਬਨ ਖਾਲੀ ਹੋ ਚੁਕਾ ਸੀ। ਉਨ੍ਹੀਂ ਦਿਨੀਂ ਨੌਜਵਾਨ ਭਾਰਤ ਸਭਾ ਦਾ ਇੱਕ ਸਰਗਰਮ ਨੌਜਵਾਨ ਸੀ ਸ਼ੇਰ ਜੰਗ, ਜੀਹਦੀ ਭਗਵਤੀ ਨਾਲ ਨੇੜਲੀ ਸਾਂਝ ਸੀ ਕਿਉਂਕਿ ਉਹ ਵੋਹਰਾ ਪਰਿਵਾਰ ਦੇ  ਗਵਾਂਢੀ, ਨਿਕਟਵਰਤੀ ਅਤੇ ਉਸਤਾਦ ਉਦੈ ਵੀਰ ਸਿੰਘ ਸ਼ਾਸਤਰੀ ਦਾ ਸਾਲਾ ਸੀ। ਸ਼ੇਰ ਜੰਗ ਦੇ ਪਿਤਾ ਜੀ ਨਾਹਨ ਰਿਆਸਤ ਦੇ ਉਘੇ ਜ਼ਿਮੀਦਾਰ ਸਨ ਤੇ ਸ਼ਿਕਾਰ ਦੇ ਬਹੁਤ ਸ਼ੌਕੀਨ ਹੋਣ ਕਰਕੇ ਇਹ ਪਿੰਡ ਹਰੀਪੁਰ ਦੀ ਸਾਰੀ ਦੀ ਸਾਰੀ ਜ਼ਮੀਨ ਖਰੀਦ ਕੇ ਉਹਦੇ ਵਿੱਚ ਰਹਿੰਦੇ ਸਨ। ਇਸ ਪਿੰਡ ਦੀ ਲਗਭਗ ਸਾਰੀ ਜ਼ਮੀਨ 'ਚ ਜੰਗਲ ਹੀ ਸੀ, ਤੇ ਸ਼ੇਰ ਜੰਗ ਵੀ ਬਚਪਣ ਤੋਂ ਸ਼ਿਕਾਰ ਖੇਡਦਾ ਆ ਰਿਹਾ ਸੀ ਤੇ ਇੱਕ ਵਾਰੀ ਇੱਕਲੇ ਨੇ ਸ਼ੇਰ ਮਾਰ ਲਿਆ ਸੀ, ਇਸ ਲਈ ਘਰ ਵਾਲਿਆਂ ਨੇ ਇਹਦਾ ਨਾਂ 'ਸ਼ੇਰ ਜੰਗ' ਰੱਖਿਆ ਸੀ।

ਉਧਰ ਪੰਜਾਬ ਦੇ ਕੁੱਝ ਗਰਮ-ਖਿਆਲੀ ਨੌਜਵਾਨ 'ਐਕਸ਼ਨ' ਲਈ ਹਥਿਆਰਾਂ ਦੀ ਭਾਲ ਵਿੱਚ ਸਨ, ਤੇ ਉਹਨਾਂ ਨੂੰ ਪਤਾ ਲੱਗਾ ਕਿ ਨਾਹਨ ਰਿਆਸਤ 'ਚੋਂ ਬੰਦੂਕ, ਪਿਸਤੌਲ, ਕਾਰਤੂਸ, ਆਦਿ ਆਸਾਨੀ ਨਾਲ ਖਰੀਦੇ ਜਾ ਸਕਦੇ ਨੇ। ਸੋ ਉਹਨਾਂ 'ਚੋਂ ਇੱਕ ਨੌਜਵਾਨ ਲੋਹਟ ਬਧੀ, ਨਾਭਾ ਦਾ ਹਰਨਾਮ ਸਿੰਘ, ਜੋ ਪਿਛੋਂ ਜਾਕੇ ਹਰਨਾਮ ਸਿੰਘ 'ਚਮਕ' ਕਰਕੇ ਪ੍ਰਸਿੱਧ ਹੋਇਆ ਸੀ, ਤੇ ਇੱਕ-ਦੋ ਵਾਰੀ ਕਮਿਊਨਿਸਟ ਪਾਰਟੀ ਦੀ ਟਿਕਟ ਤੇ ਅਮਲੋਹ ਹਲਕੇ ਤੋਂ ਐਮ.ਐਲ.ਏ. ਵੀ ਚੁਣਿਆ ਗਿਆ ਸੀ, ਉਹ ਨਾਹਨ ਗਿਆ, ਜਿਥੇ ਫਿਰਦੇ-ਤੁਰਦਿਆਂ ਉਹਦੀ ਮੁਲਾਕਾਤ ਸ਼ੇਰ ਜੰਗ ਨਾਲ ਹੋ ਗਈ। ਗੱਲਾਂ-ਬਾਤਾਂ ਕਰਦਿਆਂ ਉਹਨਾਂ ਇੱਕ-ਦੂਜੇ ਨੂੰ 'ਪਛਾਣ' ਲਿਆ ਤੇ ਜਦੋਂ ਹਰਨਾਮ ਸਿੰਘ ਨੇ ਗੱਲ ਖੋਲ੍ਹੀ ਤਾਂ ਸ਼ੇਰ ਜੰਗ ਨੇ ਕਿਹਾ ਕਿ ਹਥਿਆਰਾਂ ਬਾਰੇ ਚਿੰਤਾ ਨਾ ਕਰ, ਮੈਂ ਲੈ ਆਵਾਂਗਾ, ਤੂੰ ਆਪਣੇ ਸਾਥੀਆਂ ਨਾਲ 'ਐਕਸ਼ਨ' ਦੀ ਸਬੀਲ ਬਣਾ। ਸੋ ਸ਼ੇਰ ਜੰਗ, ਹਰਨਾਮ ਸਿੰਘ, ਸਾਹਿਬ ਸਿੰਘ ਸਲਾਣਾ ਨਾਭਾ, ਚਰਨ ਸਿੰਘ, ਗਿਆਨੀ ਜਸਵੰਤ ਸਿੰਘ ਹੋਰਾਂ ਨੇ ਮੰਡੀ ਅਹਿਮਦਗੜ੍ਹ-ਲੁਧਿਆਣਾ ਲਾਈਨ ਤੇ ਰਾਤੀ ਲੰਘਦੀ ਇੱਕ

ਮੁਸਾਫਰ ਗੱਡੀ 'ਤੇ ਲਿਆਇਆ ਜਾਂਦਾ ਸਰਕਾਰੀ ਖਜ਼ਾਨਾ ਲੁਟਣ ਦਾ ਫੈਸਲਾ ਕੀਤਾ, ਜਿਵੇਂ ਕਿ ਪੰਜ ਕੁ ਸਾਲ ਪਹਿਲਾਂ ਐਚ.ਆਰ.ਏ. ਵਾਲਿਆਂ ਨੇ ਕਾਕੋਰੀ ਨੇੜੇ ਲੁਟਿਆ ਸੀ। ਯੋਜਨਾ ਅਨੁਸਾਰ ਗੱਡੀ ਰੋਕ ਨੇ ਖਜ਼ਾਨੇ ਵਾਲੀ ਪੇਟੀ ਦੀ ਚਾਬੀ ਗਾਰਡ ਤੋਂ ਖੋਹੀ ਗਈ ਅਤੇ ਪੇਟੀ ਖੋਲਣ ਦੀ ਕੋਸ਼ਿਸ਼ ਕੀਤੀ, ਪਰ ਪੇਟੀ ਨਾ ਖੁਲਣ ਕਰਕੇ ਉਹ ਚੁਪਚਾਪ ਇਧਰ-ਉਧਰ ਖਿੰਡ-ਪੁੰਡ ਗਏ।

ਜ਼ਿਕਰਯੋਗ ਹੈ ਕਿ ਪੈਸੇ ਦੀ ਪ੍ਰਾਪਤੀ ਤੋਂ ਇਲਾਵਾ ਇਹਨਾਂ ਨੌਜਵਾਨਾਂ ਨੂੰ ਪੰਜਾਬ ਦੇ ਆਈ.ਜੀ. ਪੁਲਿਸ ਦਾ ਇਹ ਬਿਆਨ ਵੀ ਹਜ਼ਮ ਨਹੀਂ ਸੀ ਹੋ ਰਿਹਾ ਕਿ ''ਅਸਾਂ ਪੰਜਾਬ 'ਚ ਕ੍ਰਾਂਤੀਕਾਰੀਆਂ ਦਾ ਵਿਨਾਸ਼ ਕਰ ਦਿੱਤਾ ਹੈ'', ਤੇ ਉਹ ਆਪਣੀ ਇਸ ਕਾਰਵਾਈ ਰਾਹੀਂ ਇਹ ਸੁਨੇਹਾ ਦੇਣਾ ਚਾਹੁੰਦੇ ਸੀ ਕਿ ਅਜੇ ਸਭ 'ਅੱਛਾ' ਨਹੀਂ ਹੈ।

ਉਧਰੋਂ ਸੁਖਦੇਵ ਰਾਜ ਨੂੰ ਦੁਰਗਾ ਭਾਬੀ ਨੇ ਘਰ ਬੁਲਾਕੇ ਭਗਵਤੀ ਵਲੋਂ ਇੱਕ ਚਿੱਠੀ ਸ਼ੇਰ ਜੰਗ ਦੇ ਨਾਂ ਤੇ ਦਿੱਤੀ ਅਤੇ ਕਿਹਾ ਕਿ ਉਹ ਸ਼ੇਰ ਜੰਗ ਕੋਲ ਜਾਕੇ ਉਹਦੇ ਤੋਂ ਪੈਸੇ ਲੈ ਆਵੇ: ਸੁਖਦੇਵ ਰਾਜ ਨੂੰ ਡਾਕੇ ਤੋਂ ਪੰਜ-ਛੇ ਦਿਨ ਮਗਰੋਂ ਨਾਹਨ ਭੇਜਿਆ ਗਿਆ ਸੀ।

ਪਰ ਬਦ-ਕਿਸਮਤੀ ਨਾਲ ਡਾਕੇ ਦੇ ਦੂਜੇ-ਤੀਜੇ ਦਿਨ ਹੀ ਇੱਕ ਡਾਕੂ ਨੂੰ ਕਿਤੋਂ ਇਹਦੀ ਭਿਣਕ ਪੈ ਗਈ ਤੇ ਇਹ ਵੀ ਸੂਹ ਲੱਗੀ ਕਿ ਮੁੱਖ ਦੋਸ਼ੀ ਨਾਹਨ ਦਾ ਚੌਧਰੀ ਸ਼ੇਰ ਜੰਗ ਹੈ। ਉਹਨੇ ਇਹੋ ਕੁੱਝ ਪੰਜਾਬ ਪੁਲਿਸ ਦੇ ਕਿਸੇ ਉੱਚ ਅਧਿਕਾਰੀ ਦੇ ਕੰਨੀ ਪਾ ਦਿੱਤਾ ਤੇ ਫੌਰਨ ਪੰਜਾਬ ਪੁਲਿਸ ਦੇ ਡੀ.ਐਸ.ਪੀ. ਸੰਤ ਸਿੰਘ ਦੀ ਕਮਾਨ ਹੇਠਾਂ ਪੁਲਿਸ ਫ਼ੋਰਸ ਨੇ ਨਾਹਨ ਜਾ ਡੇਰੇ ਲਾਏ ਤੇ ਸ਼ੇਰ ਜੰਗ ਦੀ ਭਾਲ ਸ਼ੁਰੂ ਕਰ ਦਿੱਤੀ।

ਸੁਖਦੇਵ ਰਾਜ ਨੇ, ਜੋ ਇਸ ਸਭ-ਕਾਸੇ ਤੋਂ ਅਣਜਾਨ ਸੀ, ਅੰਬਾਲਾ-ਜਗਾਧਰੀ ਲਾਈਨ ਤੇ ਪੈਂਦੇ ਬਰਾੜਾ ਸਟੇਸ਼ਨੋਂ ਉਤਰ ਕੇ ਨਾਹਨ ਜਾਣ ਵਾਲੀ ਬੱਸ ਲੈ ਲਈ। ਪਿੰਡ ਹਰੀਪੁਰ ਨਾਹਨ ਰਿਆਸਤ ਦਾ ਅਖੀਰਲਾ ਪਿੰਡ ਸੀ, ਜੋ ਅੰਬਾਲਾ ਜ਼ਿਲ੍ਹੇ ਦੇ ਪਿੰਡ ਘਨੌਰਾ ਨਾਲ ਲੱਗਦਾ ਸੀ। ਸਬੱਬ ਨਾਲ ਸੁਖਦੇਵ ਰਾਜ ਦੇ ਨਾਲ ਦੀ ਸੀਟ 'ਤੇ ਬੈਠਾ ਮੁਸਾਫ਼ਿਰ ਸੀ.ਆਈ.ਡੀ ਦਾ ਬੰਦਾ ਸੀ ਤੇ ਰਵਾਇਤੀ ਗੱਲਬਾਤ 'ਕਿਥੋਂ ਆਏ ਓ', 'ਕਿੱਥੇ ਜਾਂਦਾ ਜੇ' ਦੌਰਾਨ ਹੀ ਚਿਟ-ਕਪੜੀਏ ਪੁਲਸੀਏ ਨੇ ਸੁੰਘ ਲਿਆ ਕਿ ਇਹ ਤਾਂ ਆਪਣਾ 'ਸ਼ਿਕਾਰ' ਹੈ। ਉਹਦੇ ਹਾਵ-ਭਾਵ ਨੂੰ ਵੇਖ ਸੁਖਦੇਵ ਰਾਜ ਵੀ ਭਾਂਪ ਗਿਆ ਤੇ ਉਹਨੂੰ ਪਹਿਲੀ ਗੱਲ ਇਹ ਸੁਝੀ ਕਿ ਉਹਦੀ ਜ਼ੇਬ ਵਿੱਚ ਜੋ ਭਗਵਤੀ ਵਲੋਂ ਸ਼ੇਰ ਜੰਗ ਨੂੰ ਲਿਖੀ ਹੋਈ ਚਿੱਠੀ ਹੈ ਉਹਨੂੰ ਸਾੜ ਦਿੱਤਾ ਜਾਏ। ਜਦੋਂ ਬਸ ਰਾਹ ਵਿੱਚ ਕਿਤੇ ਖਲੋਤੀ ਤਾਂ ਉਹਨੇ ਪੇਸ਼ਾਬ ਕਰਨ ਦੇ ਬਹਾਨੇ ਇੱਕ ਨਵੇਕਲਾ ਥਾਂ ਲਭ ਕੇ ਜੇਬ ਚੋਂ ਮਾਚਿਸ ਕੱਢੀ ਤੇ ਚਿੱਠੀ ਨੂੰ ਅੱਗ ਲਾ ਦਿੱਤੀ, ਜੋ ਪੁਲਸੀਆ ਵੀ ਦੂਰੋਂ ਵੇਖ ਰਿਹਾ ਸੀ।

ਸੁਖਦੇਵ ਰਾਜ ਨੂੰ ਤਾਂ ਕਿਤੇ ਚਿਤ-ਚੇਤਾ ਵੀ ਨਹੀਂ ਸੀ ਕਿ ਜਿਸ 'ਰਕਮ' ਨੂੰ 'ਉਗਰਾਹੁਣ' ਆਇਆ ਹੈ ਉਹ ਤਾਂ ਕਿਸੇ ਵੱਡੇ 'ਪੋਲਿਟੀਕਲ' ਡਾਕੇ ਨਾਲ ਸੰਬੰਧਤ ਹੈ, ਜਿਸ ਕਾਰਨ ਸਾਰੀ ਪੁਲਿਸ ਅਤੇ ਖਾਸ ਤੌਰ ਤੇ ਪੰਜਾਬ ਪੁਲਿਸ, ਸ਼ੇਰ ਜੰਗ ਅਤੇ ਉਹਦੇ ਸਹਿ-ਦੋਸ਼ੀਆਂ ਦੀ ਭਾਲ 'ਚ ਥਾਈਂ-ਥਾਈਂ ਛਾਪੇ ਮਾਰ ਰਹੀ ਹੈ: ਉਹਨੂੰ ਬਸੋਂ ਉਤਰਦਿਆਂ ਹੀ ਪੰਜਾਬ ਪੁਲਿਸ ਨੇ ਦਬੋਚ ਲਿਆ ਤੇ ਡੀ.ਐਸ.ਪੀ ਸੰਤ ਸਿੰਘ ਦੇ ਜਾ ਪੇਸ਼ ਕੀਤਾ। ਪੁੱਛਗਿਛ ਤੋਂ ਇਹ ਤਾਂ ਲੱਗ ਹੀ ਰਿਹਾ ਸੀ ਕਿ ਇਹਦਾ ਇਥੋਂ ਲਾਹੌਰੋਂ ਚਲ ਕੇ ਸ਼ੇਰ ਜੰਗ ਨੂੰ ਐਸ ਮੌਕੇ 'ਮਿਲਣ' ਆਉਣਾ ਮਸ਼ਕੂਕ ਹੈ। ਖ਼ੈਰ, ਉਹਨਾਂ ਰਾਤ ਪੈਣ ਤੇ ਉਸ ਨੂੰ ਨਾਹਨ ਪੁਲਿਸ ਦੇ ਹਵਾਲੇ ਕਰ ਦਿੱਤਾ, ਕਿਉਂਕਿ ਇਹਨਾਂ ਕੋਲ ਉਹਨੂੰ ਡੱਕਣ ਲਈ ਆਪਣੀ ਹਵਾਲਾਤ ਤਾਂ ਉਪਲਬਦ ਸੀ ਨਹੀਂ, ਅਤੇ ਉਨ੍ਹਾਂ ਰਾਤ ਲਈ ਸੁਖਦੇਵ ਰਾਜ ਨੂੰ ਨਾਹਨ ਪੁਲਿਸ ਦੇ ਹਵਾਲੇ ਕਰ ਦਿੱਤਾ।

ਬਸ, ਪੰਜਾਬ ਪੁਲਿਸ ਵਾਲਿਆਂ ਦੇ ਜਾਣ ਦੀ ਦੇਰ ਸੀ, ਕਿ ਉਹਨਾਂ 'ਪਰਾਹੁਣੇ' ਲਈ ਚਾਹ ਮੰਗਵਾਈ, ਰਾਤ ਲਈ ਰੋਟੀ ਬਣਵਾ ਕੇ ਖੁਆਈ ਤੇ ਉਹਨੂੰ ਕਿਹਾ, ''ਤੂੰ ਬੇ-ਖੌਫ਼ ਹੋਕੇ ਵਿਹੜੇ ਵਿੱਚ ਸੌਂ, ਪਰ ਹਾਂ, ਵਾਪਸ ਪੰਜਾਬ ਪੁਲਿਸ ਵਾਲਿਆਂ ਕੋਲ ਜਾ ਸਾਡੇ ਵਿਰੁੱਧ ਭੜਾਸ ਕੱਢੀਂ ਕਿ ਅਸਾਂ ਤੈਨੂੰ ਰਾਤੀ ਵੀ ਸੌਣ ਨਾ ਦਿੱਤਾ ਤੇ 'ਤੰਗ' ਕਰਦੇ ਰਹੇ ਹਾਂ, ਵਗੈਰਾ, ਵਗੈਰਾ।'' ਸਚਾਈ ਇਹ ਸੀ ਕਿ ਸ਼ੇਰ ਜੰਗ ਦੇ ਪਿਤਾ ਜੀ ਵੱਡੀ ਹੈਸੀਅਤ ਦੇ ਹੁੰਦਿਆਂ ਵੀ ਹਰੇਕ ਨਾਲ ਬੜੇ ਸਲੀਕੇ ਨਾਲ ਪੇਸ਼ ਆਉਂਦੇ ਸਨ ਤੇ ਦੀਨ-ਦੁਖੀਆਂ ਦੀ ਸਹਾਇਤਾ ਕਰਦੇ ਸਨ; ਸੋ ਪੁਲਿਸ ਵਾਲੇ ਸੁਖਦੇਵ ਰਾਜ ਨਾਲ ਗੱਲੀਬਾਤੀ ਕਹਿੰਦੇ ਰਹੇ ਕਿ ਪੰਜਾਬ ਪੁਲਿਸ ਬਕਵਾਸ ਕਰਦੀ ਹੈ, ਭਲਾ ਐਡੇ 'ਵੱਡੇ' ਤੇ ਸਰੀਫ਼ ਖਾਨਦਾਨ ਦਾ ਬੇਟਾ ਭਲਾ ਕਿਉਂ ਡਾਕਾ ਮਾਰੇਗਾ?

ਖ਼ੈਰ, ਪੰਜਾਬ ਪੁਲਿਸ ਨੇ ਸੁਖਦੇਵ ਰਾਜ ਦੀ ਦੋ ਤਿੰਨ ਦਿਨ ਪੁਛਤਾਛ ਕਰਕੇ ਉਹਨੂੰ ਛੱਡ ਦਿੱਤਾ।

ਸ਼ੇਰ ਜੰਗ ਦੇ ਬਹਿਨੋਈ, ਉਦੈ ਵੀਰ ਸ਼ਾਸਤਰੀ ਜੀ ਨੂੰ ਜਦੋਂ ਇਸ ਸਾਰੇ ਘਟਨਾ ਕ੍ਰਮ ਦਾ ਪਤਾ ਲੱਗਾ ਤਾਂ ਉਹਨਾਂ ਨੂੰ ਯਾਦ ਆਇਆ ਕਿ ਡਾਕੇ ਵਾਲੇ ਦਿਨਾਂ ਦੌਰਾਨ ਇੱਕ ਵਾਰੀ ਉਹ ਇਕੱਠੇ ਲਾਹੌਰ ਵਾਲੀ ਗੱਡੀ ਵਿੱਚ ਜਾ ਰਹੇ ਸਨ ਤੇ ਸ਼ੇਰ ਜੰਗ ਖੰਨੇ ਸਟੇਸ਼ਨ ਤੇ ਉਤਰ ਗਿਆ ਸੀ, ਅਤੇ ਉਸ ਕੋਲ ਕੁੱਝ ਸਾਮਾਨ ਵੀ ਸੀ।

ਸਾਰੀ ਗੱਲ ਪਤਾ ਲਗਣ ਤੇ ਜਦੋਂ ਉਹ ਹਰੀਪੁਰ ਆਏ ਤੇ ਲਭਦੇ-ਲਭਦੇ ਸਾਲੇ ਦੀ ਛਿਪਣ-ਗਾਹ ਪਿੰਡ ਗੰਜੂਵਾਲੇ 'ਚ ਉਹਨੂੰ ਜਾ ਮਿਲੇ, ਜੋ ਉਨ੍ਹੀਂ ਦਿਨੀਂ ਕਲਮੁਕਲਾ ਐਨੇ ਦਿਨ ਰਹਿ ਕੇ ਹੁਸੜਿਆ ਪਿਆ ਸੀ। ਉਧਰ ਘਰ ਵਾਲੇ ਇੱਕ ਤਾਂ ਆਪਣੇ ਐਡਵੋਕੇਟ ਨਾਲ ਸੰਪਰਕ ਰੱਖ ਰਹੇ ਸਨ ਅਤੇ ਦੂਜਾ ਸੂਹ ਲੈ ਰਹੇ ਸੀ ਕਿ ਪੁਲਿਸ ਫੜੇ ਹੋਏ ਦੋਸ਼ੀਆਂ, ਹਰਨਾਮ ਸਿੰਘ ਅਤੇ ਸਾਹਿਬ ਸਿੰਘ ਵਿਰੁੱਧ ਅਦਾਲਤ ਵਿੱਚ ਚਲਾਨ ਕਦੋਂ ਕੁ ਪੇਸ਼ ਕਰਨ ਜਾ ਰਹੀ ਹੈ। ਉਹ ਅਦਾਲਤੀ ਕਾਰਵਾਈ ਨੂੰ ਗਹੁ ਨਾਲ ਵਾਚਣਾ ਚਾਹੁੰਦੇ ਸੀ, ਤਾਕਿ ਉਨ੍ਹਾਂ ਨੂੰ ਅੰਦਾਜ਼ਾ ਹੋ ਜਾਏ ਕਿ ਸ਼ੇਰ ਜੰਗ ਦੇ ਪੇਸ਼ ਹੋਣ ਤੇ ਕੀ ਬਣੇਗਾ? ਹੁਣ ਤੱਕ ਦੀ ਕਾਰਵਾਈ ਤੋਂ ਇਹ ਜ਼ਾਹਿਰ ਸੀ ਕਿ ਇਹ ਵਾਰਦਾਤ ਕਿਸੇ ਵਿਅਕਤੀ ਨੂੰ ਮਾਰਨ ਲਈ ਨਹੀਂ ਕੀਤੀ ਗਈ, ਬਲਕਿ ਰਾਜਨੀਤੀ ਤੋਂ ਪ੍ਰੇਰਿਤ ਸੀ। ਫੜੇ ਗਏ ਮੁਲਜ਼ਮਾਂ ਉਪਰ ਲੁਧਿਆਣੇ ਸੈਸ਼ਨ ਅਦਾਲਤ 'ਚ ਮੁਕਦਮਾ ਚਲ ਰਿਹਾ ਸੀ, ਕਿਉਂਕਿ ਵਾਰਦਾਤ ਇਸ ਜ਼ਿਲ੍ਹੇ ਵਿੱਚ ਹੋਈ ਸੀ। ਸ਼ੇਰ ਜੰਗ ਨੂੰ ਪੇਸ਼ ਕਰ ਦਿੱਤਾ ਗਿਆ, ਜਿਸਨੂੰ ਕਿ ਪੁਲਿਸ ਨੇ ਲੁਧਿਆਣੇ ਜੇਲ੍ਹ ਵਿੱਚ ਰੱਖਣ ਦੀ ਬਜਾਏ, ਫਿਰੋਜ਼ਪੁਰ ਜੇਲ੍ਹ 'ਚ ਡੱਕ ਦਿੱਤਾ, ਜਿੱਥੇ ਉਹਦੇ ਸਹਿ-ਦੋਸ਼ੀ ਰੱਖੇ ਗਏ ਹੋਏ ਸਨ।

18 ਮਾਰਚ 1930 ਨੂੰ ਹਰਨਾਮ ਸਿੰਘ, ਸਾਹਿਬ ਸਿੰਘ ਨੂੰ ਉਮਰ ਕੈਦ ਤੇ ਬਾਕੀ ਦੇ ਦੋਸ਼ੀਆਂ, ਗਿਅਨੀ ਜਸਵੰਤ ਸਿੰਘ ਤੇ ਚਰਨ ਸਿੰਘ ਨੂੰ 10-10 ਸਾਲ ਦੀ ਕੈਦ ਸੁਣਾਈ ਗਈ। ਇਹਨਾਂ ਚੌਹਾਂ ਨੂੰ ਲਾਹੌਰ ਸੈਂਟ੍ਰਲ ਜੇਲ੍ਹ ਭੇਜ, ਸ਼ੇਰ ਜੰਗ ਨੂੰ ਲੁਧਿਆਣੇ ਜੇਲ੍ਹ ਲਿਆ ਕੇ ਉਹਦੇ ਵਿਰੁੱਧ ਵੀ ਲੁਧਿਆਣੇ ਸੈਸ਼ਨ ਜੱਜ ਦੀ ਅਦਾਲਤ 'ਚ ਚਾਲਾਨ ਪੇਸ਼ ਕਰ ਦਿੱਤਾ ਗਿਆ।

ਸ਼ੇਰ ਜੰਗ ਦੀ ਪਹਿਲੀ ਪੇਸ਼ੀ _ 'ਦੀ ਟ੍ਰਿਬਿਊਨ', 24 ਅਪ੍ਰੈਲ 1930 ਦੀ ਰਿਪੋਰਟ

ਲੁਧਿਆਣਾ, 22 ਅਪ੍ਰੈਲ: ਅੱਜ ਐਹਮਦਗੜ੍ਹ ਰੇਲ ਡਕੈਤੀ ਕੇਸ ਦੀ ਸੁਣਵਾਈ ਮਿਸਟਰ ਮੁਨਸ਼ੀ ਰਾਮ ਸੈਸ਼ਨ ਜੱਜ ਦੀ ਅਦਾਲਤ 'ਚ ਸ਼ੁਰੂ ਹੋਈ। ਕਈ ਦਰਸ਼ਕ ਸ਼ੇਰ ਜੰਗ ਨੂੰ ਵੇਖਣ ਲਈ ਅਦਾਲਤ ਪਹੁੰਚੇ ਹੋਏ ਸਨ। ਅਦਾਲਤ ਦੇ ਸ਼ੁਰੂ ਹੋਣ ਤੋਂ ਕਾਫ਼ੀ ਚਿਰ ਪਹਿਲਾਂ ਹੀ ਇੱਕ ਨੌਜਵਾਨ ਨੂੰ ਬੰਦ ਲਾਰੀ 'ਚ ਲਿਆਂਦਾ ਗਿਆ। ਖੱਦਰ ਦੇ ਕਪੜੇ ਪਹਿਨੀ, ਇਹ ਨੌਜਵਾਨ ਨਾਅਰਾ ਲਾ ਰਿਹਾ ਸੀ, ''ਆਜ਼ਾਦੀ ਬਗ਼ੈਰ ਸ਼ਾਂਤੀ ਨਹੀਂ ਮਿਲ ਸਕਦੀ'' (ੇਂ ਪਣਅਚਣ,ੱ ਟਿਹੋਟ ਲਬਿਣਰਟੇ): ਅਦਾਲਤ ਅੰਦਰ ਬਿਨਾ ਪਰਮਿਟ ਦੇ ਜਾਣ ਦੀ ਮਨਾਹੀ ਸੀ। ਸਰਕਾਰੀ ਪੱਖ ਵਲੋਂ ਰਾਏ ਬਹਾਦਰ ਸ਼ਿਵ ਨਾਰਾਇਨ, ਸਪੈਸ਼ਲ ਪ੍ਰਾਸੀਕਿਊਟਰ, ਤੇ ਉਹਦੇ ਸਹਾਇਕ ਵਜੋਂ ਖਾਨ ਬਹਾਦੁਰ ਇਕਰਾਮ-ਉੱਲ-ਹੱਕ ਨਿਯੁਕਤ ਕੀਤੇ ਗਏ ਸਨ ਅਤੇ ਮੁਲਜ਼ਮਾਂ ਦੀ ਨੁਮਾਇੰਦਗੀ ਬੈਰਿਸਟਰ ਮਿਸਟਰ ਮਲਹੋਤਰਾ ਕਰ ਰਹੇ ਸਨ। ਮੁਲਜ਼ਮ ਦੀ ਹੱਥਕੜੀ ਲਾਹ ਦਿੱਤੀ ਗਈ ਤੇ ਉਹਨੂੰ ਬੈਠਣ ਲਈ ਕੁਰਸੀ ਦਿੱਤੀ ਗਈ।

ਦਰਸ਼ਕਾਂ ਵਿੱਚ ਸ਼ਹੀਦ ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ, ਸ਼ਹੀਦ ਰਾਮ ਪ੍ਰਸਾਦ ਬਿਸਮਿਲ ਦੀ ਭੈਣ ਸ਼੍ਰੀਮਤੀ ਸੱਤਿਆਵੱਤੀ ਅਤੇ ਸਵਾਮੀ ਅਰਜੁਨ ਦੇਵ ਵੀ ਸ਼ਾਮਲ ਸਨ।

ਨੋਟ: ਅਦਾਲਤੀ ਫੈਸਲਾ: ਉਮਰ ਕੈਦ, ਜੋ ਹਾਈ ਕੋਰਟ 'ਚ ਅਪੀਲ ਕਰਨ ਤੇ ਘੱਟਾਕੇ 10 ਸਾਲ ਕਰ ਦਿੱਤੀ ਗਈ ਸੀ। ਉਹ ਸੈਂਟ੍ਰਲ ਜੇਲ੍ਹ, ਲਾਹੌਰ ਵਿੱਚ ਭਗਤ ਸਿੰਘ ਅਤੇ ਬੀ.ਕੇ. ਦੱਤ ਦੇ ਸੰਪਰਕ ਵਿੱਚ ਰਿਹਾ, ਜਿੱਥੇ ਦੱਤ ਨਾਲ ਉਹਦੀ ਬਹੁਤ ਡੂੰਘੀ ਸਾਂਝ ਬਣ ਗਈ ਸੀ।

ਜ਼ਿਕਰਯੋਗ ਹੈ ਕਿ ਪ੍ਰਸਿੱਧ ਨਿਸ਼ਾਨੇਬਾਜ਼ ਸਮਰੇਸ਼ ਜੰਗ, ਸ਼ੇਰ ਜੰਗ ਦਾ ਪੋਤਰਾ ਹੈ, ਜਿਸਨੇ 2008 ਦੀਆਂ ਓਲਮਪਿਕ ਖੇਡਾਂ 'ਚ ਕਾਂਸੇ ਦਾ ਮੈਡਲ ਜਿੱਤਿਆ ਸੀ _ ਲੇਖਕ

6

# ਆਜ਼ਾਦ ਨਾਲ ਮੇਲ

ਆਜ਼ਾਦ ਵੱਲੋਂ ਭਗਤ ਸਿੰਘ ਅਤੇ ਦੱਤ ਨੂੰ ਜੇਲ੍ਹ ਤੋਂ ਛੁਡਾਉਣ ਦਾ ਉਪਰਾਲਾ:

ਆਜ਼ਾਦ ਨੇ ਝਾਂਸੀ ਤੋਂ ਕਾਨਪੁਰ ਆਕੇ, ਅਸੈਂਬਲੀ ਕੇਸ ਵਾਲੇ ਦੋਹਾਂ ਸਾਥੀਆਂ ਨੂੰ ਜੇਲ੍ਹੋਂ ਕੱਢਣ ਲਈ ਕਮਰ ਕੱਸ ਲਈ। ਉਹਨੂੰ ਸੂਹ ਮਿਲੀ ਸੀ ਕਿ ਹਰ ਐਤਵਾਰ ਸਵੇਰੇ ਭਗਤ ਸਿੰਘ ਅਤੇ ਦੱਤ ਨੂੰ ਸੈਂਟ੍ਰਲ ਜੇਲ੍ਹ ਤੋਂ ਬੋਰਸਟਲ ਜੇਲ੍ਹ, ਬਾਕੀ ਦੇ ਸਾਥੀ ਕੈਦੀਆਂ ਨੂੰ ਮਿਲਾਉਣ ਲਈ ਲਿਆਇਆ ਜਾਂਦਾ ਹੈ ਤੇ ਉਥੋਂ, ਘੰਟੇ-ਦੋ ਘੰਟੇ, ਪਿਛੋਂ ਵਾਪਸ ਸੈਂਟ੍ਰਲ ਜੇਲ੍ਹ ਲਿਆਇਆ ਜਾਂਦਾ ਹੈ। ਪਹਿਲਾਂ ਪਹਿਲ ਇਨ੍ਹਾਂ ਨੂੰ ਪੈਦਲ ਹੀ ਲੈ ਜਾਇਆ ਅਤੇ ਵਾਪਸ ਲਿਆਇਆ ਜਾਂਦਾ ਸੀ, ਪਰ ਕੁੱਝ ਸਮੇਂ ਮਗਰੋ ਸਾਵਧਾਨੀ ਵੱਜੋਂ, ਪੁਲਿਸ ਇਹਨਾਂ ਨੂੰ ਬੰਦ ਗੱਡੀ ਵਿੱਚ ਲਿਜਾਣ-ਲਿਆਉਣ ਲੱਗ ਪਈ ਸੀ। ਆਜ਼ਾਦ ਨੇ ਮੌਕੇ ਦਾ ਜਾਇਜਾ ਲੈਣ ਲਈ ਦੋ-ਇੱਕ ਸਾਥੀਆਂ ਨੂੰ ਭੇਜ ਵੇਖਿਆ ਸੀ, ਪਰ ਉਹਨਾਂ ਦੀ ਰਿਪੋਰਟ ਤੇ ਉਹਦੀ ਤਸੱਲੀ ਨਾ ਹੋਈ ਤੇ ਫਿਰ ਉਹਨੇ ਆਪਣੇ ਨੇੜਲੇ ਸਾਥੀ ਵੈਸ਼ਮਪਾਈਨ ਨੂੰ ਲਾਹੌਰ ਭੇਜਿਆ ਤੇ ਉਹਦੇ ਨਾਲ ਕਾਂਸ਼ੀ ਰਾਮ ਨੂੰ ਭੇਜ ਦਿੱਤਾ, ਜੋ ਕਿ ਲਾਹੌਰ ਦਾ ਹੋਣ ਕਰਕੇ ਉੱਥੇ ਦਾ ਜਾਣੂ ਸੀ। ਪਰ ਰੇਲ ਸਫ਼ਰ ਦੌਰਾਨ ਉਹ ਅੰਮ੍ਰਿਤਸਰ ਦੇ ਸਟੇਸ਼ਨ ਤੇ ਗ੍ਰਿਫਤਾਰੀ ਤੋਂ ਬੜੀ ਮੁਸ਼ਕਿਲ ਨਾਲ ਹੀ ਬਚੇ, ਕਿਉਂਕਿ ਕਾਂਸੀ ਰਾਮ ਨੇ ਦਿੱਲੀ ਤੋਂ ਲਾਹੌਰ ਦੀ ਸਿੱਧੀ ਟਿਕਟ ਲੈਣ ਦੀ ਬਜਾਏ ਟਿਕਟ ਖਿੜਕੀ ਤੇ ਖੜੇ ਇੱਕ ਵਿਅਕਤੀ ਦੇ ਝਾਂਸੇ ਵਿੱਚ ਆਕੇ ਅੰਮ੍ਰਿਤਸਰ ਦੀਆਂ ਦੋ ਫ਼ਸਟ ਕਲਾਸ ਦੀਆਂ ਟਿਕਟਾਂ, ਸੈਕਿੰਡ ਕਲਾਸ ਦਾ ਕਿਰਾਇਆ ਦੇ ਕੇ ਲੈ ਲਈਆਂ, ਪਰ ਜੋ ਹੈ ਸਨ ਪਿਛਲੀ ਤਾਰੀਖ਼ ਦੀਆਂ। ਸੋ ਜਦੋਂ ਅੰਮ੍ਰਿਤਸਰ ਸਟੇਸ਼ਨ ਤੋਂ ਇਹ ਟਿਕਟਾਂ ਟਿਕਟ ਕੁਲੈਕਟਰ ਨੂੰ ਦਿੱਤੀਆਂ ਤਾਂ ਉਹਨੇ ਟਿਕਟਾਂ 'ਤੇ ਪਿਛਲੀ ਤਾਰੀਖ਼ ਵੇਖ ਕੇ ਸਾਨੂੰ ਰੋਕ ਲਿਆ ਅਤੇ ਪੁਲਿਸ ਬੁਲਾ ਲਈ। ਅਸੀਂ ਬੜੀ ਮੁਸ਼ਕਿਲ ਨਾਲ ਖਲਾਸੀ ਕਰਾਕੇ ਲਾਹੌਰ ਦੀਆਂ ਟਿਕਟਾਂ ਲੈ ਲਾਹੌਰ ਪਹੁੰਚੇ।

ਵੈਸ਼ਮਪਾਇਨ ਲਿਖਦਾ ਹੈ, ''ਮੈਂ ਤੱਦ ਇਹ ਫੈਸਲਾ ਕਰ ਲਿਆ ਕਿ ਮੈਂ ਕਾਂਸ਼ੀ ਰਾਮ ਦੇ ਪਿੱਛੇ-ਪਿੱਛੇ ਚਲਣਾ ਤਾਂ ਹੈ, ਪਰ ਅੱਖਾਂ ਖੋਲ੍ਹ ਕੇ, ਜਿਸਦਾ ਲਾਹਾ ਮੈਨੂੰ ਪਹਿਲੀ ਰਾਤ ਨੂੰ ਹੀ ਮਿਲ ਗਿਆ, ਜਦ ਅਸੀਂ ਰਾਤੀ ਠਹਿਰਣ ਬਾਰੇ ਫ਼ੈਸਲਾ ਕਰਨਾ ਸੀ। ਕਾਂਸ਼ੀ ਰਾਮ ਨੇ ਮੇਰੇ ਇਹ ਪੁਛਣ ਤੇ ਕਿ ਅਸਾਂ ਰਾਤੀਂ ਕਿਥੇ ਰਹਿਣਾ ਹੈ ਤਾਂ ਉਹਦਾ ਜਵਾਬ ਸੀ 'ਬਰਾਡਲਾ ਹਾਲ 'ਚ', ਜਿਸ ਬਾਰੇ ਮੈਨੂੰ ਜਾਣਕਾਰੀ ਮਿਲੀ ਸੀ ਕਿ ਸਾਥੀਆਂ ਦੇ ਲਗਭਗ ਸਾਰੇ ਸੰਬੰਧੀ ਉਥੇ ਹੀ ਠਹਿਰਦੇ ਸਨ, ਇਸ ਲਈ ਉਥੇ ਤਾਂ ਪੁਲਿਸ ਦੀ ਕੜੀ ਨਿਗਰਾਨੀ ਹੋਵੇਗੀ। ਸੋ ਮੈਂ ਕਿਹਾ ਮੇਰਾ ਸਾਮਾਨ ਤੂੰ ਰੱਖ ਲੈ ਤੇ ਆਪ ਉਥੇ ਚਲਿਆ ਜਾ। ਮੈਂ ਸਾਹਮਣੇ ਵਾਲੀ ਪਾਰਕ 'ਚ ਰਾਤ ਕੱਟ ਲਮਾਂਗਾ ਅਤੇ ਸਵੇਰੇ ਕੋਈ ਯੋਗ ਠਿਕਾਣਾ ਭਾਲ ਲਵਾਂਗਾ। ਅਗਲੇ ਦਿਨ ਸ਼ਾਮੀ ਚਾਰ ਵਜੇ ਕਾਂਸ਼ੀ ਰਾਮ ਮੈਨੂੰ ਸ਼ਾਦਮਿਤਾ ਮੁਹੱਲੇ 'ਚ ਇੱਕ ਸੰਸਕ੍ਰਿਤ ਦੇ ਵਿਦਿਆਰਥੀ ਕੋਲ ਛੱਡ ਆਇਆ, ਜਿੱਥੇ ਮੈਂ ਠਹਿਰਣਾ ਸੀ।

''ਆਉਂਦੇ ਐਤਵਾਰ ਸਵੇਰੇ ਮੈਂ ਆਜ਼ਾਦ ਦੀਆਂ ਹਦਾਇਤਾ ਅਨੁਸਾਰ ਜੇਲ੍ਹ ਅਹਾਤੇ ਪਹੁੰਚਿਆ ਜਿਥੇ ਕਾਫ਼ੀ ਸਾਰੇ ਕੈਦੀਆਂ ਦੇ ਰਿਸ਼ਤੇਦਾਰ ਮੁਲਾਕਾਤ ਲਈ ਪਹੁੰਚੇ ਹੋਏ ਸਨ। ਐਨੇ ਨੂੰ ਭਗਤ ਸਿੰਘ ਅਤੇ ਦੱਤ, ਪੁਲਿਸ ਦੀ ਗੱਡੀ ਚੋਂ ਲੰਘੇ ਤੇ ਲੋਹੇ ਦੀ ਜਾਲੀ ਚੋਂ ਉਨ੍ਹਾਂ ਮੇਰੇ ਵੱਲ ਵੇਖਿਆ, ਪਰ ਪਲ ਹੀ ਪਲ 'ਚ ਉਹ ਅੱਖੋਂ ਉਹਲੇ ਹੋ ਗਏ। ਮੈਂ ਮੁਲਾਕਾਤੀਆਂ ਦੀ ਭੀੜ ਵਿੱਚ ਘਿਰੇ ਹੋਏ ਨੇ ਵੱਡਾ ਸਾਰਾ ਹੌਕਾ ਭਰਿਆ; ਮੇਰੇ ਵਾਪਸ ਠਿਕਾਣੇ ਪਹੁੰਚਣ ਦੀ ਦੇਰ ਸੀ ਕਿ ਜੇਲ੍ਹੀ ਸਾਥੀਆਂ ਨਾਲ ਆਗਰੇ ਬਿਤਾਏ ਦਿਨ ਮੇਰੀਆਂ ਅੱਖਾਂ ਅੱਗੇ ਘੁੰਮਣੇ ਲੱਗੇ।

''ਮੈਂ ਤਿੰਨ ਐਤਵਾਰ ਇਸੇ ਤਰ੍ਹਾਂ ਹੀ ਉਥੇ ਪਹੁੰਚ ਕੇ ਜਾਂਚਦਾ ਰਿਹਾ ਤੇ ਤੀਜੇ ਐਤਵਾਰ ਸ਼ਾਮੀ, ਮੈਂ ਆਪਣੇ ਮੀਜ਼ਬਾਨ ਨੂੰ ਸੁਨੇਹਾ ਭੇਜਿਆ ਕਿ ਮੈਂ ਕਲ ਸਵੇਰੇ ਕਾਨਪੁਰ ਪਰਤਨਾ ਹੈ, ਇਸ ਲਈ ਮੇਰੀ ਕਲ ਦੇ ਸਫ਼ਰ ਲਈ ਟਿਕਟ ਦਾ ਬੰਦੋਬਸਤ ਕਰ ਦੇਵੇ; ਤਾਂ ਉਹਨਾਂ ਜੋ ਸੁਨੇਹਾ ਮੈਨੂੰ ਵਾਪਸੀ ਤੇ ਦਿੱਤਾ, ਮੈਂ ਉਸ ਨੂੰ ਸੁਣ ਕੇ ਤਾਂ ਬੌਂਦਲ ਹੀ ਗਿਆ। ਉਹਨੇ ਦੱਸਿਆ ਕਿ ਮੈਨੂੰ ਜਾਣ ਦੀ ਲੋੜ ਨਹੀਂ ਅਤੇ ਮੇਰੇ ਇੱਥੇ ਟਿਕੇ ਰਹਿਣ ਦਾ ਪ੍ਰਬੰਧ ਕਰ ਲਿਆ ਗਿਆ ਹੈ।

''ਮੇਰੇ ਲਈ ਇਹ ਇੱਕ ਬੁਝਾਰਤ ਤੋਂ ਘੱਟ ਨਹੀਂ ਸੀ, ਕਿਉਂਕਿ ਮੈਨੂੰ ਤਾਂ ਆਜ਼ਾਦ ਨੇ ਇੱਥੇ ਭੇਜਿਆ ਸੀ ਅਤੇ ਉਹ ਹੀ ਮੈਨੂੰ ਅਜੇਹਾ ਸੁਨੇਹਾ ਭੇਜ ਸਕਦਾ ਸੀ; ਸੋ ਕੁਝ ਸੁਝ ਨਹੀਂ ਸੀ ਰਿਹਾ, ਹੋਰ ਤਾਂ ਹੋਰ ਕਾਂਸ਼ੀ ਰਾਮ ਵੀ ਮੈਨੂੰ ਕਈ ਦਿਨਾਂ ਤੋਂ ਮਿਲਿਆ ਨਹੀਂ ਸੀ, ਜਿਹਦੇ ਤੋਂ ਕੁੱਝ ਪੁਛਿਆ ਜਾ ਸਕਦਾ। ਸੋ ਮੈਂ ਕਿਹਾ ਕਿ ਜਿਸ ਨੇ ਤੁਹਾਨੂੰ ਮੇਰੇ ਲਈ ਇਹ ਸੁਨੇਹਾ ਦਿੱਤਾ ਹੈ, ਮੈਨੂੰ ਉਹਦੇ ਨਾਲ ਮਿਲਾ ਦੇਵੇ, ਇਹ ਸੁਨੇਹਾ-ਬਰਦਾਰ ਸੀ ਇੰਦਰਪਾਲ।

''ਕੁੱਝ ਸੋਚ ਕੇ ਉਹਨੇ ਦੱਸਿਆ ਕਿ ਤੁਹਾਡੇ ਏਥੇ ਠਹਿਰਣ ਆਦਿ ਦਾ ਪ੍ਰਬੰਧ ਕੀਤਾ ਹੈ ਦੁਰਗਾ ਵੋਹਰਾ ਨੇ ਅਤੇ ਉਹਨਾਂ ਨੇ ਹੀ ਮੈਨੂੰ ਇਹ ਸੁਨੇਹਾ ਤੁਹਾਡੇ ਤੱਕ ਪਹੁੰਚਾਉਣ ਨੂੰ ਕਿਹਾ ਹੈ। ਮੈਂ ਦੁਰਗਾ ਵੋਹਰਾ ਦਾ ਨਾਂ ਸੁਣ ਕੇ ਘਬਰਾ ਜਿਹਾ ਗਿਆ, ਕਿਉਂਕਿ ਮੈਨੂੰ ਤਾਂ ਆਜ਼ਾਦ ਨੇ ਲਾਹੌਰ ਆਉਣ ਵੇਲੇ ਤਾਕੀਦ ਕੀਤੀ ਸੀ ਕਿ ਮੇਰੇ ਲਾਹੌਰ ਪਹੁੰਚਣ ਜਾ ਠਹਿਰਣ ਬਾਰੇ, ਵੋਹਰਾ ਪਰਿਵਾਰ ਨੂੰ ਕਿਸੇ ਹਾਲਤ 'ਚ ਪਤਾ ਨਹੀਂ ਲੱਗਣਾ ਚਾਹੀਦਾ, ਕਿਉਂਕਿ ਉਹ ਪੁਲਿਸ ਨਾਲ ਰੱਲ੍ਹੇ ਹੋਏ ਨੇ।

''ਹੁਣ ਮੇਰਾ ਮੱਥਾ ਠਣਕਿਆ ਅਤੇ ਮੇਰੇ ਮਨ ਵਿੱਚ ਆਇਆ ਕਿ ਜੇ ਵਾਕਈ ਆਜ਼ਾਦ ਦੀ ਸ਼ੰਕਾ ਦਰੁਸਤ ਹੁੰਦੀ ਤਾਂ ਦੁਰਗਾ ਵੋਹਰਾ ਆਸਾਨੀ ਨਾਲ ਮੈਨੂੰ ਗ੍ਰਿਫਤਾਰ ਕਰਾ ਸਕਦੀ ਸੀ। ਜ਼ਰੂਰ ਹੀ ਕਿਤੇ ਗ਼ਲਤ-ਫਹਿਮੀ ਹੈ। 'ਤੂੰ ਕਲ ਸਾਮੀਂ ਮੈਨੂੰ ਉਹਨਾਂ ਨਾਲ ਮਿਲਾ ਦੇ', ਮੈਂ ਇੰਦਰ ਪਾਲ ਨੂੰ ਕਿਹਾ। ਜਦ ਮੈਂ ਉਹਨਾਂ ਨੂੰ ਮਿਲਿਆ ਤਾਂ ਮੈਂ ਪੈਂਦੀ ਸੱਟੇ ਪੁਛਿਆ ਕਿ ਤੁਸੀਂ ਮੇਰੇ ਬਾਰੇ ਕੀ ਕੁੱਝ ਜਾਣਦੇ ਹੋ?

''ਕਿਉਂ ਨਹੀਂ? ਤੁਹਾਨੂੰ ਉਹਨਾਂ (ਭਗਵਤੀ ਚਰਨ) ਨੇ ਦਿੱਲੀਓਂ ਭੇਜਿਐ।''

''ਨਹੀਂ, ਪਰ ਮੈਨੂੰ ਤਾਂ ਇੱਥੇ ਆਜ਼ਾਦ ਨੇ ਭੇਜਿਐ।''

ਆਜ਼ਾਦ ਦਾ ਨਾਂ ਸੁਣਦਿਆਂ ਹੀ ਉਹਨਾਂ ਨੂੰ ਚਾਅ ਚੜ੍ਹ ਗਿਆ ਤੇ ਕਹਿਣ ਲੱਗੇ, ''ਭਗਵਤੀ ਚਰਨ ਹੋਰੀਂ ਉਹਨਾਂ ਨੂੰ ਮਿਲਣ ਲਈ ਬਹੁਤ ਉਤਾਵਲੇ ਨੇ, ਅਤੇ ਉਹ ਕਈ ਵਾਰੀ ਆਜ਼ਾਦ ਨੂੰ ਮਿਲਣ ਦੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕਾਮਯਾਬ ਨਹੀਂ ਹੋਏ। ਇਹ ਤਾਂ ਬਹੁਤ ਹੀ ਚੰਗਾ ਹੋਇਐ ਕਿ ਤੁਸੀਂ ਮੈਨੂੰ ਮਿਲ ਗਏ ਹੋ। ਮੈਂ ਹੁਣੇ ਦਿੱਲੀ ਸੁਨੇਹਾ ਭੇਜ ਕੇ ਭਗਵਤੀ ਜੀ ਨੂੰ ਇਥੇ ਬੁਲਾ ਭੇਜਦੀ ਹਾਂ ਅਤੇ ਤੁਸੀਂ ਉਨੀਂ ਦੇਰ ਅਟਕ ਜਾਓ।''

ਪਰ ਮੈਂ ਤਾਂ ਘੜੀ ਭਰ ਵੀ ਉਥੇ ਰਹਿਣਾ ਨਹੀਂ ਸੀ ਚਾਹੁੰਦਾ, ਕਿਉਂਕਿ ਪਿਛੇ ਆਜ਼ਾਦ ਮੇਰੀ ਬੇ-ਸਬਰੀ ਨਾਲ ਉਡੀਕ ਕਰ ਰਿਹਾ ਹੋਵੇਗਾ। ਸੋ ਮੈਂ ਜਵਾਬ ਦਿੱਤਾ ਕਿ ਮੈਂ ਆਜ਼ਾਦ ਨਾਲ ਗੱਲ ਕਰਾਂਗਾ; ਸੱਚਮੁਚ ਹੀ ਇਹਨਾਂ ਦੋਹਾਂ ਦਾ ਰੱਲ੍ਹ ਕੇ ਚਲਣਾ ਵਧੀਆ ਰਹੇਗਾ।

''ਆਜ਼ਾਦ ਮੇਰੇ ਕਾਨਪੁਰ ਵਾਪਸ ਪਹੁੰਚਣ ਤੇ ਬਹੁਤ ਖੁਸ਼ ਹੋਏ। ਖਾਸ ਕਰਕੇ ਇਸ ਲਈ ਕਿ ਪਿਛਲੇ ਦਿਨੀਂ ਕਿਸੇ ~~ਅਗਿਆਤ~~-ਇਨਕਲਾਬੀ ਨੂੰ ਲਾਹੌਰੋ ਫੜ ਲਿਆ ਗਿਆ ਸੀ, ਤੇ ਆਜ਼ਾਦ ਦੀ ਚਿੰਤਾ ਤਾਂ ਫਿਰ ਸੁਭਾਵਿਕ ਸੀ; ਮੈਂ ਲਾਹੌਰ ਫੇਰੀ ਦੀ ਪੂਰੀ ਰਿਪੋਰਟ ਆਜ਼ਾਦ ਨੂੰ ਦਿੱਤੀ ਤੇ ਦੁਰਗਾ ਵੋਹਰਾ ਬਾਰੇ ਵੀ ਦੱਸਿਆ ਕਿ ਉਨ੍ਹਾਂ ਮੇਰੀ ਕਿੰਨੀ ਆਉ-ਭਗਤ ਕੀਤੀ ਹੈ।

''ਮੇਰੀ ਗ਼ੈਰ-ਹਾਜਰੀ ਦੌਰਾਨ ਕੈਲਾਸ਼ਪਤੀ ਵੀ ਆਜ਼ਾਦ ਨੂੰ ਭਗਵਤੀ ਦੀ ਭਰੋਸੋਯੋਗਤਾ ਬਾਰੇ ਯਕੀਨ ਦਿਵਾ ਚੁਕਾ ਸੀ ਤੇ ਹੁਣ ਆਜ਼ਾਦ ਦੁਚਿਤੀ ਵਿੱਚ ਸੀ। ਮੇਰੀ ਗਲਬਾਤ ਸੁਣ ਕੇ ਉਹਨੇ ਮਹਿਸੂਸ ਕੀਤਾ ਕਿ ਭਗਵਤੀ ਨੂੰ ਮਿਲਣ 'ਚ ਕੋਈ ਹਰਜ ਨਹੀਂ, ਸੋ ਉਹਨੇ ਉਸੇ ਦਿਨ ਮੈਨੂੰ ਇਹ ਕਹਿਕੇ ਦਿੱਲੀ ਭੇਜਿਆ ਕਿ ਮੈਂ ਭਗਵਤੀ ਨੂੰ ਆਜ਼ਾਦ ਨੂੰ ਮਿਲਵਾਉਣ ਲਈ ਕਾਨਪੁਰ ਲੈ ਆਵਾਂ।

ਦਿੱਲੀ ਪਹੁੰਚ ਕੇ ਮੈਂ ਯਸ਼ਪਾਲ ਤੇ ਭਗਵਤੀ ਨੂੰ ਮਿਲਿਆ ਤੇ ਉਸੇ ਵੇਲੇ ਉਹਨਾਂ ਨੂੰ ਨਾਲ ਲੈ ਕੇ ਕਾਨਪੁਰ ਲਈ ਚਲ ਪਿਆ। ਉਹਨਾਂ ਨੂੰ ਚਟਾਈ ਮਹਿਲ ਮੁਹਲੇ ਦੇ ਇੱਕ ਮਕਾਨ 'ਚ ਠਹਿਰਾਕੇ ਆਜ਼ਾਦ ਨੂੰ ਨਾਲ ਲਿਆਕੇ ਉਹਨਾਂ ਨੂੰ ਮਿਲਵਾ ਦਿੱਤਾ; ਇਹ ਨਵੰਬਰ 1929 ਦੀ ਗੱਲ ਹੈ।

''ਆਜ਼ਾਦ ਭਗਵਤੀ ਨੂੰ ਇੰਜ ਮਿਲਿਆ ਜਿਵੇਂ 'ਚਿਰੀ ਵਿਛੁਨੇ' ਵੀਰ ਨੂੰ ਮਿਲੀਦੈ। ਆਜ਼ਾਦ ਨੇ ਮੰਨਿਆ ਕਿ ਉਹ ਵਾਕਈ ਉਸ ਨੂੰ ਮਿਲਣੋ ਇਨਕਾਰ ਕਰਦਾ ਰਿਹੈ, ਪਰ ਇਸ ਲਈ ਉਹਨੂੰ ਬੁਰਾ ਨਹੀਂ ਮਨਾਉਣਾ ਚਾਹੀਦਾ ਕਿਉਂਕਿ ਆਖਿਰ ਹਰ ਮਾਮਲੇ 'ਚ ਤਾਂ ਉਹਨੂੰ ਉਹਦੀਆਂ ਮਜਬੂਰੀਆਂ ਦੇ ਹੁੰਦਿਆਂ, ਸਹੀ ਜਾਣਕਾਰੀ ਨਹੀਂ ਸੀ ਹੋ ਸਕਦੀ। ਸੋ ਉਹਨੂੰ ਜੋ ਦੱਸਿਆ ਜਾਂਦਾ ਸੀ, ਉਹਦੇ ਆਧਾਰ ਤੇ ਹੀ ਉਹ ਆਪਣਾ ਮੰਨ ਬਣਾ ਪਾਂਦਾ ਸੀ ਤੇ ਉਹ ਤਹਿ ਤੱਕ ਨਹੀਂ ਜਾ ਸਕਦਾ ਸੀ। ਸੋ ਉਹਨੂੰ ਜੋ ਦੱਸਿਆ ਜਾਂਦਾ ਰਿਹਾ, ਉਸ ਤੇ ਉਹਨੂੰ ਵਿਸ਼ਵਾਸ ਕਰਨਾ ਪਿਆ।

''ਆਜ਼ਾਦ ਨੂੰ ਇਹ ਕਹਿੰਦੇ ਵੇਖ, ਇਹ ਦਿਸ ਰਿਹਾ ਸੀ ਕਿ ਕਿਸ ਹੱਦ ਤੱਕ ਆਜ਼ਾਦ ਦੇ ਮਨ ਵਿੱਚ ਭਗਵਤੀ ਲਈ ਘਿਰਨਾ ਵਾਸ ਕਰ ਗਈ ਹੋਈ ਸੀ।

''ਵਾਇਸਰਾਏ ਦੀ ਗੱਡੀ ਹੇਠਾਂ ਧਮਾਕਾ _ 23 ਦਸੰਬਰ 1929

''ਭਗਵਤੀ-ਆਜ਼ਾਦ ਮਿਲਣ ਪਿਛੋਂ ਯਸ਼ਪਾਲ ਤੇ ਭਗਵਤੀ ਨੂੰ ਸੈਂਟ੍ਰਲ ਕਮੇਟੀ 'ਚ ਲੈ ਲਿਆ ਗਿਆ, ਜਿਸ ਦੇ ਉਸ ਵੇਲੇ ਚਾਰ ਮੈਂਬਰ ਹੀ ਸਰਗਰਮ ਸਨ _ ਆਜ਼ਾਦ, ਵੀਰਭਦਰ, ਕੈਲਾਸ਼ਪਤੀ ਤੇ ਸਤਿਗੁਰ ਦਿਆਲ ਤੇ ਕਿਉਂਕਿ ਭਗਵਤੀ ਅਤੇ ਯਸ਼ਪਾਲ ਉਨੀਂ ਦਿਨੀਂ ਵਾਇਸਰਾਏ ਦੀ ਗੱਡੀ ਵਾਲੇ ਐਕਸ਼ਨ ਦੀ ਤਿਆਰੀ ਵਿੱਚ ਰੁਝੇ ਹੋਏ ਸਨ, ਇਸ ਲਈ ਭਗਤ ਸਿੰਘ ਅਤੇ ਦੱਤ ਨੂੰ ਛੁਡਾਉਣਾ ਅੱਗੇ ਪਾ ਦਿੱਤਾ ਗਿਆ, ਤੇ ਯਸ਼ਪਾਲ-ਭਗਵਤੀ ਨੂੰ 'ਐਕਸ਼ਨ' ਲਈ ਹਰੀ ਝੰਡੀ ਦੇ ਦਿੱਤੀ ਗਈ।''

ਵਾਇਸਰਾਏ ਦੀ ਗੱਡੀ ਥੱਲੇ ਬੰਬ ਦੀ ਘਟਨਾ

ਯਸ਼ਪਾਲ ਨੇ ਲਿਖਐ, ''ਮੈਂ ਸਵੇਰੇ ਸਾਢੇ ਚਾਰ ਵਜੇ ਮੋਟਰਸਾਇਕਲ ਦੇ ਪਿਛੇ ਭਾਗ ਰਾਮ ਨੂੰ ਬਿਠਾਕੇ ਘਰੋਂ ਚਲ ਪਿਆ। ਅਸੀਂ ਫੈਸਲਾ ਕੀਤਾ ਕਿ ਗੱਡੇ ਹੋਏ ਜੰਤਰ ਵਾਲੀ ਥਾਂ ਤੇ ਰੇਲ ਗੱਡੀ ਦੇ ਇੰਜਣ ਦੇ ਪਹੁੰਚਦਿਆਂ ਹੀ ਧਮਾਕਾ ਕਰਨਾ ਹੈ, ਪਰ ਸੰਘਣੀ ਧੁੰਧ ਕਰਕੇ ਐਵੇਂ 'ਤੁਕੇ' ਨਾਲ ਹੀ ਬਟਣ ਦਬਾ ਦੇਣਾ ਪਿਆ।

ਮੈਂ ਦੇਖਦਾ ਹੀ ਰਹਿ ਗਿਆ ਜਦੋਂ ਕਿ ਗੱਡੀ 'ਸੁਖੀ-ਸਾਂਦੀ' ਉਥੋਂ ਲੰਘ ਗਈ, ਜਦੋਂ ਕਿ ਸਾਡੇ ਹਿਸਾਬ ਨਾਲ ਧਮਾਕੇ ਨਾਲ ਰੇਲਵੇ ਲਾਈਨ ਦੇ ਕੁੱਝ ਹਿੱਸੇ ਦੇ ਤਬਾਹ ਹੋ ਜਾਣ ਤੇ ਗੱਡੀ ਅੱਗੇ ਜਾ ਹੀ ਨਹੀਂ ਸੀ ਸਕਦੀ, ਇਸ ਲਈ ਮੈਨੂੰ ਸਾਰੀ ਸਕੀਮ ਢਹਿ-ਢੇਰੀ ਹੁੰਦੀ ਵੇਖ ਘੋਰ ਨਿਰਾਸ਼ਾ ਹੋਈ ਤੇ ਬਦ-ਕਿਸਮਤੀ ਨਾਲ ਮੋਟਰ ਸਾਈਕਲ ਨੂੰ ਵੀ ਉਥੇ ਹੀ ਛੱਡ ਦੇਣਾ ਪਿਆ, ਕਿਉਂਕਿ ਬੜੀ ਕੋਸ਼ਿਸ਼ ਕਰਨ ਤੇ ਵੀ ਉਹ ਸਟਾਰਟ ਨਹੀਂ ਸੀ ਹੋਇਆ। ਜਿਵੇਂ ਕਿਵੇਂ ਮੈਂ ਤੇ ਭਾਗ ਰਾਮ ਪੁਰਾਣੀ ਦਿੱਲੀ ਸਟੇਸ਼ਨ ਤੇ ਪਹੁੰਚੇ, ਜਿਥੇਂ ਵੇਟਿੰਗ ਰੂਮ 'ਚ ਸਾਡਾ ਭਗਵਤੀ ਨੂੰ ਮਿਲਣਾ ਨਿਸ਼ਚਿਤ ਸੀ ਤੇ ਉਥੇ ਅਸੀਂ ਸਵੇਰ ਦੇ 10 ਵਜੇ ਪਹੁੰਚੇ, ਜਦਕਿ ਉਥੇ ਅਸਾਂ ਸਵੇਰੇ 7 ਵਜੇ ਪਹੁੰਚਣਾ ਸੀ ਤੇ 8 ਵਜੇ ਗਾਜ਼ੀਆਬਾਦੋਂ ਅੱਗੇ ਲਈ ਚਲ ਪੈਣਾ ਸੀ, ਸੋ ਉਹ ਕੁੱਝ ਚਿਤੰਤ ਹੋ ਅਜੇ ਵੀ ਵੇਟਿੰਗ ਰੂਮ 'ਚ ਬੈਠਾ ਅਖਬਾਰਾਂ ਪੜ੍ਹ ਰਿਹਾ ਸੀ। ਸਾਨੂੰ ਵੇਖ ਕੇ ਉਹ ਬੌਂਦਲ ਗਿਆ, ਕਿਉਂਕਿ ਅਸੀਂ ਪੂਰੇ ਤਿੰਨ ਘੰਟੇ ਪਛੜ ਕੇ ਉਥੇ ਪਹੁੰਚੇ ਸਾਂ। ਉਹਨੇ ਮੇਰੇ ਵੱਲ ਸਵਾਲੀਆਂ ਨਿਗਾਹ ਨਾਲ ਵੇਖਿਆ, ਅਤੇ ਮੈਂ ਅੱਗੋਂ 'ਨਾਂਹ' ਵਿੱਚ ਸਿਰ ਹਿਲਾ ਦਿੱਤਾ। ਉਥੋਂ ਅਸੀਂ ਭਾਗ ਰਾਮ ਨੂੰ ਲਾਹੌਰ ਵਾਪਸ ਭੇਜ ਦਿੱਤਾ ਅਤੇ ਖੁਦ ਮੁਰਾਦਾਬਾਦ ਵਾਲੀ ਗੱਡੀ 'ਚ ਜਾ ਬੈਠੇ। ਸਾਡੀ ਗੱਡੀ ਸਾਧਾਰਨ ਮੁਸਾਫ਼ਰ ਗੱਡੀ ਹੋਣ ਕਰਕੇ ਸਹਿਜੇ-ਸਹਿਜੇ ਜਾ ਰਹੀ ਸੀ। ਮੈਂ ਆਪਣੀ 'ਫ਼ੌਜੀ ਵਰਦੀ' ਲਾਹ ਕੇ ਸਾਦੇ ਕਪੜੇ ਪਹਿਨ ਲਏ। ਅਸੀਂ ਚੁਪਚਾਪ, ਉਦਾਸ, ਮੂੰਹ ਲਮਕਾਈ ਵਕਤ ਟਪਾ ਰਹੇ ਸਾਂ, ਪਰ ਜਿਵੇਂ ਹੀ ਗੱਡੀ ਮੁਰਾਦਾਬਾਦ ਪਹੁੰਚੀ ਤਾਂ ਰੇਲਵੇ ਪਲੇਟਫਾਰਮ ਤੇ ਅਖ਼ਬਾਰਾਂ ਵੇਚਣ ਵਾਲੇ ਹੋਕਾ ਦੇ ਰਹੇ ਸੀ। ''ਤਾਜ਼ਾ ਖ਼ਬਰ! ਵੱਡੇ ਲਾਟ ਦੀ ਗੱਡੀ ਥੱਲੇ ਬੰਬ ਧਮਾਕਾ। ਇੱਕ ਡੱਬਾ ਉਠ ਗਿਆ, ਇੱਕ ਆਦਮੀ ਮਾਰਿਆ ਗਿਆ।''

''ਵਾਇਸਰਾਏ ਵਾਲੀ ਗੱਡੀ ਦੇ ਨਵੀਂ ਦਿੱਲੀ ਪਹੁੰਚਦੇ ਸਾਰ ਹੀ ਉਹ ਤਰਪਾਲਾਂ ਨਾਲ ਢੱਕ ਦਿੱਤੀ ਗਈ ਤਾਕਿ ਕੋਈ, ਬੰਬ ਧਮਾਕੇ ਨਾਲ ਹੋਏ ਨੁਕਸਾਨ ਨੂੰ ਵੇਖ ਨਾ ਸਕੇ।''

ਸਾਡੇ ਸਾਹ ਵਿੱਚ ਸਾਹ ਆਇਆ ਕਿ ਸਾਨੂੰ ਕੁਝ ਨਾ ਕੁਝ ਸਫ਼ਲਤਾ ਮਿਲੀ ਹੈ ਹਾਲਾਂਕਿ ਜੇ ਧੁੰਦ ਨਾ ਛਾਈ ਹੁੰਦੀ ਅਤੇ ਨਿਸ਼ਾਨਾ ਟਿਚ ਬੈਠਿਆ ਹੁੰਦਾ ਤਾਂ...। ਪਿਛੋਂ ਸਰਕਾਰੀ ਜਾਂਚ ਪੜਤਾਲ 'ਚ ਖੁਲਾਸਾ ਕੀਤਾ ਗਿਆ ਕਿ ਧਮਾਕੇ ਵਾਲੀ ਥਾਂ ਤੇ 15 ਇੰਚ ਡੂੰਘਾ ਟੋਆ ਸੀ ਤੇ ਪੌਣੇ ਦੋ ਫੁਟ ਲੰਮਾਂ ਰੇਲਵੇ ਲਾਈਨ ਦਾ ਟੁਕੜਾ ਉਡ ਗਿਆ ਸੀ। ਕੁਲ ਮਿਲਾਕੇ ਮਾਹਿਰਾਂ ਦੀ ਰਾਏ ਵਿੱਚ ਇਹੀ ਅਧੂਰੀ ਸਫ਼ਲਤਾ ਕੇਵਲ ਇਤਫਾਕੀਆਂ ਕਾਰਨਾਂ ਕਰਕੇ ਹੀ ਸੀ, ਅਤੇ ਵਾਇਸਰਾਏ ਦੇ ਚੰਗੇ ਭਾਗਾਂ ਨੂੰ ਹੀ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਪਾਈ।

ਧਮਾਕੇ ਤੋਂ ਅਗਲੇ ਦਿਨ ਤੜਕੇ ਪੁਲਿਸ ਨੇ ਵਰਿੰਦਰ, ਕਾਮਰੇਡ ਰਾਮ ਕਿਸ਼ਨ, ਅਹਿਸਾਨ ਇਲਾਹੀ ਅਤੇ ਮਿਲਖੀ ਰਾਮ ਨੂੰ ਗ੍ਰਿਫਤਾਰ ਕਰ ਲਿਆ, ਪਰ ਕੁੱਝ ਹੀ ਦਿਨਾਂ ਉਪਰੰਤ 10 ਜਨਵਰੀ 1930 ਨੂੰ ਉਹ ਪੰਜਾਹ-ਪੰਜਾਹ ਹਜ਼ਾਰ ਦੀ ਜਮਾਨਤ ਤੇ ਰਿਹਾਅ ਕਰ ਦਿੱਤੇ ਗਏ।

### ਪੁਲਿਸ ਘੁਪ ਹਨੇਰੇ 'ਚ

ਘਟਨਾ ਤੋਂ 10-11 ਮਹੀਨਿਆਂ ਪਿਛੋਂ ਜਾਕੇ ਕੈਲਾਸ਼ਪਤੀ ਤੇ ਧੰਨਵੰਤਰੀ ਨੂੰ ਦਿੱਲੀ ਤੋਂ ਕ੍ਰਮਵਾਰ 28 ਅਕਤੂਬਰ ਤੇ ਪਹਿਲੀ ਨਵੰਬਰ 1930 ਨੂੰ ਗ੍ਰਿਫਤਾਰ ਕਰ ਲਿਆ ਗਿਆ। ਕੈਲਾਸ਼ਪਤੀ ਤਾਂ ਲਾਹੌਰ ਸਾਜਿਸ਼ ਕੇਸ 'ਚ ਵੀ ਮਫਰੂਰ ਸੀ ਅਤੇ ਧੰਨਵੰਤਰੀ ਪੰਜਾਬ ਨੌਜਵਾਨ ਸਭਾ ਦਾ ਸਿਰਕੱਢ ਆਗੂ ਸੀ, ਕਿਉਂਕਿ ਇਸ ਸਾਰੀ ਸਾਜ਼ਿਸ ਤੇ ਘਟਨਾ ਲਈ ਨੌਜਵਾਨ ਭਾਰਤ ਸਭਾ ਨੂੰ ਹੀ ਜ਼ਿੰਮੇਵਾਰ ਕਰਾਰ ਦਿੱਤਾ ਗਿਆ ਸੀ ਅਤੇ ਐਚ.ਐਸ.ਆਰ.ਏ. ਦਾ ਕਿਤੇ ਜ਼ਿਕਰ ਤੱਕ ਨਹੀਂ ਸੀ ਆ ਰਿਹਾ।

ਪੁਲਿਸ ਦੀ ਆਪਣੇ ਵਲੋਂ ਵੱਡੀ ਪ੍ਰਾਪਤੀ ਕੈਲਾਸ਼ਪਤੀ ਅਤੇ ਧੰਨਵੰਤਰੀ ਦੀ ਗ੍ਰਿਫਤਾਰੀ ਹੀ ਸੀ, ਜਿਨ੍ਹਾਂ ਦਾ ਘਟਨਾ ਨਾਲ ਕੋਈ ਵਾਹ ਵਾਸਤਾ ਹੈ ਹੀ ਨਹੀਂ ਸੀ।

ਪੁਲਿਸ ਦੀ ਬੌਖਲਾਹਟ ਦੀ ਪ੍ਰਤੱਖ ਝੱਲਕ ਚੋਟੀ ਦੇ ਪੁਲਿਸ ਅਫ਼ਸਰ ਵਲੋਂ, ਸਾਲ ਮਗਰੋਂ ਭਾਵ 14.12.1930 ਨੂੰ ਗਵਾਲੀਅਰ ਰਿਆਸਤ ਦੇ ਇੱਕ ਉਚ ਅਧਿਕਾਰੀ ਨੂੰ ਲਿਖੀ ਅਰਧ-ਸਰਕਾਰੀ (ਡੀ.ਓ.) ਚਿੱਠੀ 'ਚ ਮਿਲਦੀ ਹੈ ਜਿਸ ਦੁਆਰਾ ਇਸ ਘਟਨਾ ਨੂੰ ਸਾਂਡਰਸ ਦੇ ਕਤਲ ਅਤੇ ਦਿੱਲੀ ਅਸੈਂਬਲੀ ਧਮਾਕੇ ਦੀ ਕੜੀ ਦੱਸਦਿਆਂ ਗਵਾਲੀਅਰ ਸ਼ਹਿਰ ਦੇ ਵਿਕਟੋਰੀਆ ਕਾਲਜ ਦੇ ਚਾਰ ਗ੍ਰਿਫਤਾਰ ਕੀਤੇ ਗਏ ਵਿਦਿਆਰਥੀਆਂ ਕੋਲੋਂ ਬਰਾਮਦ ਕੀਤੇ ਗਏ ਕਾਗਜ਼-ਪੱਤਰਾਂ ਦੀ ਨਕਲ ਉਪਲਬਦ ਕਰਾਉਣ ਲਈ ਯਾਚਨਾ ਕੀਤੀ ਗਈ ਸੀ, ਤਾਂ ਜੋ ਜਿਨ੍ਹਾਂ ਤੋਂ ਚਾਰ ਮਫ਼ਰੂਰ ਕ੍ਰਾਂਤੀਕਾਰੀਆਂ _ ਆਜ਼ਾਦ, ਵੈਸ਼ਮਪਾਇਨ, ਭਗਵਤੀ ਚਰਨ ਅਤੇ ਯਸ਼ਪਾਲ ਦਾ ਕੁੱਝ ਅਤਾ-ਪਤਾ ਚਲ ਸਕੇ; ਬੇਸ਼ੱਕ, ਉਸ ਕਾਲਜ ਦੇ ਕੁੱਝ ਵਿਦਿਆਰਥੀ, ਜਿਨ੍ਹਾਂ ਵਿੱਚੋਂ ਇੱਕ ਭਗਵਾਨ ਦਾਸ ਮਾਹੌਰ ਸੀ, ਬੰਬਸਾਜੀ 'ਚ ਪੂਰੀ ਤਰ੍ਹਾਂ ਸ਼ਰੀਕ ਰਹਿ ਚੁੱਕਿਆ ਸੀ।

### ਰਾਜਸੀ ਮੰਚ ਤੇ ਹਲਚਲ _ ਐਚ.ਐਸ.ਆਰ.ਏ. ਮੈਨੀਫੈਸਟੋ

ਪਾਰਟੀ ਦੇ ਦੂਰ-ਦਰਸ਼ੀ ਆਗੂ ਭਗਵਤੀ ਚਰਨ ਨੇ ਉਪਰਲੇ ਬੰਬ ਕਾਂਡ ਦੇ ਤੁਰੰਤ ਬਾਅਦ ਪਾਰਟੀ ਮੈਨੀਫੈਸਟੋ ਉਸੇ ਤਰ੍ਹਾਂ ਤਿਆਰ ਕਰਕੇ ਜਾਰੀ ਕਰ ਦਿੱਤਾ ਸੀ, ਜਿਵੇਂ ਕਿ ਅਸੈਂਬਲੀ ਧਮਾਕੇ ਤੋਂ ਪਹਿਲਾਂ ਪਾਰਟੀ ਨਜ਼ਰੀਏ ਦੀ ਵਿਆਖਿਆ ਕਰਨ ਲਈ ਅਦਾਲਤੀ ਬਿਆਨ ਪ੍ਰਸਤੁਤ ਕੀਤਾ ਗਿਆ ਸੀ।

ਮੌਕਾ ਮੇਲ ਇਹ ਸੀ ਕਿ ਲਾਹੌਰ ਵਿਖੇ ਕਾਂਗਰੇਸ ਸੈਸਨ ਹੋਣ ਜਾ ਰਿਹਾ ਸੀ, ਤੇ ਉਥੇ ਸਾਰੇ ਦੇਸ਼ ਤੋਂ ਪਹੁੰਚੇ ਹੋਏ ਕਾਂਗਰੇਸੀ ਡੈਲੀਗੇਟਾਂ ਨੂੰ ਸਿੱਧੇ ਤੌਰ ਤੇ ਇਹ ਦਸਤਾਵੇਜ਼ ਉਪਲਬਦ ਕਰਾਈ ਜਾ ਸਕਦੀ ਸੀ, ਤਾਕਿ ਉਸ ਫੈਸਲਾ-ਕੁਨ ਪੜਾਅ ਤੇ ਆਜ਼ਾਦੀ ਦੀ ਪ੍ਰਾਪਤੀ ਲਈ ਉਸਾਰੂ ਵਿਚਾਰ ਚਰਚਾ ਹੋ ਸਕੇ।

ਭਗਵਤੀ ਚਰਨ ਨੇ ਇਸਦਾ ਖਰੜਾ ਲਖਨਊ ਦੇ ਅਮੀਨਾਬਾਦ ਮੁਹੱਲੇ 'ਚ ਇੱਕ ਕਿਰਾਏ ਦੇ ਮਕਾਨ 'ਚ ਬੈਠ ਕੇ ਤਿਆਰ ਕੀਤੀ ਸੀ, ਜਿਸਦੇ ਬਾਹਰ 'ਸੈਨੀਟਰੀ ਸਪਲਾਇਰ' (ੰਅਨਟਿਅਰੇ੍ਹਪਪਲਇਰਸ) ਦਾ ਬੋਰਡ ਲੱਗਾ ਹੋਇਆ ਸੀ, ਜੋ ਪੁਲਿਸ ਨੂੰ ਗੁਮਰਾਹ ਕਰਨ ਲਈ ਲਾਇਆ ਗਿਆ ਸੀ। ਵੈਸ਼ਮਪਾਇਨ ਇਸ ਦਰਸਤਾਵੇਜ਼ ਦੀਆਂ ਸੈਂਕੜੇ ਕਾਪੀਆਂ ਲੈ ਕੇ ਲਾਹੌਰ ਪਹੁੰਚਿਆ ਸੀ ਤੇ ਉਥੇ ਬਿਹਾਰ ਤੋਂ ਯੋਗੇਂਦਰ ਸ਼ੁਕਲ, ਤੇ ਸਥਾਨਿਕ ਸਾਥੀਆਂ ਦੇ ਸਹਿਯੋਗ ਨਾਲ ਵੰਡਿਆ ਗਿਆ ਸੀ। ਲਾਹੌਰ 'ਚ ਵੈਸ਼ਮਪਾਇਨ ਦੁਰਗਾ 'ਭਾਬੀ' ਦੇ ਘਰ ਹੀ ਠਹਰਿਆ ਸੀ, ਜਿੱਥੇ ਉਹਦੀ ਮੁਲਾਕਾਤ ਸੁਸ਼ੀਲਾ 'ਦੀਦੀ' ਤੋਂ ਇਲਾਵਾ ਭਗਤ ਸਿੰਘ ਦੀ ਭੈਣ ਅਮਰ ਕੌਰ ਅਤੇ ਲੀਲਾ ਜੀ ਨਾਲ ਹੋਈ ਸੀ।

ਬਹੁਤੇ ਕਾਂਗਰੇਸੀ ਇਸ ਪੜਾਅ ਤੇ ਢਹਿੰਦੀ ਕਲਾ ਵਿੱਚ ਸਨ, ਕਿਉਂਕਿ ਗਾਂਧੀ ਜੀ, ਜਿਹੜੇ ਵੱਡੀਆਂ ਆਸਾਂ ਲੈ ਕੇ ਲੰਡਨ ਦੀ 'ਗੋਲ ਮੇਜ਼' ਕਾਨਫਰੰਸ ਤੇ ਗਏ ਸੀ, ਉਥੋਂ 'ਖਾਲੀ ਹੱਥ ਹੀ' ਪਰਤੇ ਸਨ, ਤੇ ਰਿਆਇਤਾਂ ਦੀ ਭਿੱਖ ਮੰਗਣ ਵਾਲੀ ਨੀਤੀ ਦਾ 'ਦੀਵਾਲਾ' ਨਿਕਲਦਾ ਜਗ ਜ਼ਾਹਿਰ ਸੀ।

ਮੈਨੀਫੈਸਟੋ ਦੇ ਕੁੱਝ ਚੋਣਵੇ ਅੰਸ਼:

''ਆਜ਼ਾਦੀ ਦੇ ਪੌਦੇ ਦੀ ਖੁਰਾਕ ਹੈ ਸ਼ਹੀਦਾਂ ਦਾ ਖੂਨ! ਜੋ ਚਿਰਾਂ ਤੋਂ ਅਣਗਿਣਤ ਆਜ਼ਾਦੀ ਪਰਵਾਨੇ ਵਹਾਉਂਦੇ ਆਏ ਨੇ, ਜਿਨ੍ਹਾਂ ਦੀਆਂ ਕੁਰਬਾਨੀਆਂ ਤੇ ਕਿੰਤੂ ਕਰਨ ਵਾਲੇ ਬਹੁਤ ਘੱਟ ਲੋਕ ਹਨ, ਪਰ ਉਨ੍ਹਾਂ ਦੇ ਕਾਰਨਾਮੇ ਗੁਪਤ ਹੋਣ ਕਰਕੇ, ਉਹਨਾਂ ਦੇ ਆਸ਼ਿਆਂ, ਆਦਰਸ਼ਾਂ ਅਤੇ ਉਹਨਾਂ ਵੱਲੋਂ ਅਪਣਾਈ ਜਾ ਰਹੀ ਰਣਨੀਤੀ ਬਾਰੇ ਦੇਸ਼ਵਾਸੀ ਹਨੇਰੇ ਵਿੱਚ ਹੀ ਹਨ। ਇਸ ਕਰਕੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸ਼ੀਏਸ਼ਨ ਦਾ ਇਹ 'ਮਨੋਰਥ ਪੱਤਰ' ਜਾਰੀ ਕਰਨਾ ਜਰੂਰੀ ਸਮਝਿਆ ਹੈ।

Û ਵਿਦੇਸ਼ੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਸਾਡੀ ਇਹ ਜਥੇਬੰਦੀ ਭਾਰਤ ਵਿੱਚ ਹਥਿਆਰਬੰਦ ਸੰਘਰਸ਼ ਨੂੰ ਲਾਜ਼ਮੀ ਸਮਝਦੀ ਹੋਈ ਉਹਦੇ ਲਈ ਯਤਨਸ਼ੀਲ ਹੈ ਤੇ ਲੋਕਾਂ ਨੂੰ ਖੁਲ੍ਹੇ ਅਤੇ ਗੁਪਤ ਦੋਹਾਂ ਤਰੀਕਿਆਂ ਨਾਲ ਲਾਮਬੰਦ ਕਰਨ ਵਿੱਚ ਜੁਟੀ ਹੋਈ ਹੈ।

Û ਅਸੀਂ ਹਿੰਸਾ ਵਿੱਚ ਵਿਸ਼ਵਾਸ ਰੱਖਦੇ ਤਾਂ ਹਾਂ, ਪਰ ਇਹਦੀ ਅੰਨੇਵਾਹ ਵਰਤੋਂ ਤੇ ਸਦਾ ਗੁਰੇਜ਼ ਕਰਦੇ ਹਾਂ, ਕਿਉਂਕਿ ਅਸੀਂ ਜੰਤਕ ਜਾਗ੍ਰਤੀ ਤੇ ਜਨਤਾ ਦੇ ਸਮੂਹ ਤੇ, ਕਿਸਾਨਾਂ ਅਤੇ ਮਜ਼ਦੂਰਾਂ ਦੁਆਰਾ ਵਿਸ਼ਾਲ ਪੱਧਰ ਤੇ ਲਗਾਤਾਰ ਵਿਢੇ ਜਾਣ ਵਾਲੇ ਸੰਘਰਸ਼ ਤੇ, ਟੇਕ ਰੱਖਦੇ ਹਾਂ; ਸਾਡੀ ਮੁੱਢਲੀ ਟੇਕ ਹਥਿਆਰਾਂ 'ਤੇ ਨਹੀਂ ਬਲਕਿ ਲੋਕ ਸ਼ਕਤੀ 'ਤੇ ਹੈ।

ਨੌਜਵਾਨਾਂ ਨੂੰ ਵੰਗਾਰਦੇ ਹੋਏ ਮੈਨੀਫੈਸਟੋ ਵਿੱਚ ਕਿਹਾ ਗਿਆ ਹੈ:

ਨੌਜਵਾਨੋ! ਭਾਰਤੀ ਰਿਪਬਲਿਕ ਦੇ ਸਿਪਾਹਿਓ, ਮੈਦਾਨ ਵਿੱਚ ਨਿਤਰੋ, ਦੁਚਿਤੀ ਅਤੇ ਆਲਸ ਨੂੰ ਤਿਆਗੋ...ਤੁਹਾਡਾ ਮਿਸ਼ਨ ਮਹਾਨ ਹੈ... ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਜਾਓ ਤੇ ਆਉਣ ਵਾਲੇ ਇਨਕਲਾਬ ਲਈ ਜ਼ਮੀਨ ਤਿਆਰ ਕਰੋ।

ਫਰਜ਼ ਦੀ ਆਵਾਜ਼ ਪਹਿਚਾਨੋ! ਫਿਰ ਲਾਜ਼ਮੀ ਹੈ ਕਿ ਸਮਾਜ ਵਿੱਚ ਅਜੇਹੀ ਹਲਚਲ ਮਚੇਗੀ ਜੀਹਨੂੰ ਵੇਖ ਕੇ ਜ਼ਾਲਮ ਥਰ-ਥਰ ਕੰਬਣਗੇ ਤੇ ਦਬੇ-ਕੁਚਲੇ ਲੋਕ ਜੈ-ਜੈ ਕਾਰ ਕਰਣਗੇ।

ਇਨਕਲਾਬ ਜ਼ਿੰਦਾਬਾਦ,

ਕਰਤਾਰ ਸਿੰਘÛ,
ਪ੍ਰਧਾਨ,
ਐਚ.ਐਸ.ਆਰ.ਏ.

❀Û ਇਹ 'ਫ਼ਰਜ਼ੀ' ਨਾਂ ਕਰਤਾਰ ਸਿੰਘ ਸਰਾਭਾ ਦਾ ਪ੍ਰਤੀਕ ਹੈ।=

'ਬੰਬ ਦਾ ਫ਼ਲਸਫ਼ਾ'

'ਮੈਨੀਫੈਸਟੋ' ਤੋਂ ਤੁਰੰਤ ਪਿਛੋਂ ਪਾਰਟੀ ਨੂੰ ਇੱਕ ਹੋਰ ਦਸਤਾਵੇਜ਼ ਜਾਰੀ ਕਰਨੀ ਪਈ, ਕਿਉਂਕਿ ਗਾਂਧੀ ਜੀ ਲਈ, 23 ਦਸੰਬਰ ਦੇ ਬੰਬ ਧਮਾਕੇ ਦੀ ਘਟਨਾ ਦਾ, ਆਪਣੀ ਘਿਸੀ-ਪਿਟੀ ਅਹਿੰਸਕ ਨੀਤੀ ਦਾ ਮਖੌਟਾ ਪਹਿਨ ਕੇ ਇਨਕਲਾਬੀ ਨੌਜਵਾਨਾਂ ਵਿਰੁੱਧ ਭੰਡੀ ਪ੍ਰਚਾਰ ਕਰਨ ਦਾ ਇੱਕ ਸੁਨਹਿਰੀ ਮੌਕਾ ਸੀ। ਗਾਂਧੀ ਜੀ ਦੇ ਸ਼ਬਦ ਕੋਸ਼ ਵਿੱਚ ਹਿੰਸਾ (ਵੌਲਿਇਨਚਏ) ਦੇ ਦੋ ਬਿਲਕੁਲ ਅੱਡ-ਅੱਡ ਤਰ੍ਹਾਂ ਦੇ ਅਰਥ ਸਨ: ਅੰਗ੍ਰੇਜ਼ ਹਾਕਮਾਂ ਦੀ ਹਿੰਸਾ ਤਾਂ ਹਾਕਮਾਂ ਦੀ 'ਮਜ਼ਬੂਰੀ' ਸੀ ਤਾਂ ਹੀ ਤੇ ਗਾਂਧੀ ਜੀ ਦੀ ਦੇਖ-ਰੇਖ ਹੇਠਾਂ ਹੋਏ ਦਸੰਬਰ 1919 ਦੇ ਅੰਮ੍ਰਿਤਸਰ ਕਾਂਗਰੇਸ ਸੈਸਨ 'ਚ ਜਲਿਆਂਵਾਲੇ ਦੇ ਖ਼ੂਨੀ ਕਾਂਡ ਦੀ ਨਿਖੇਧੀ ਦਾ ਮੱਤਾ ਪਾਸ ਕਰਨ ਦੀ ਬਜਾਏ ਅੰਗ੍ਰੇਜ਼ੀ ਬਾਦਸ਼ਾਹ ਪ੍ਰਤੀ ਵਫ਼ਾਦਾਰੀ ਜਿਤਾਂਉਂਦਿਆਂ, ਸਰਕਾਰ ਨੂੰ ਯੁੱਧ (ਪਹਿਲੀ ਸੰਸਾਰਿਕ ਜੰਗ) 'ਚ ਫਤਿਹਯਾਬੀ ਤੇ ਵਧਾਈਆਂ ਦਾ ਮਤਾ ਪਾਸ ਕਰਾਇਆ ਗਿਆ ਸੀ।

ਦੂਜੇ ਪਾਸੇ ਇਨਕਲਾਬੀਆਂ ਵੱਲੋਂ ਕੀਤੇ ਗਏ 24 ਦਸੰਬਰ ਵਾਲੇ ਬੰਬ ਧਮਾਕੇ ਤੋਂ ਵਾਇਸਰਾਏ ਦੇ ਵਾਲ-ਵਾਲ ਬਚ ਜਾਣ 'ਤੇ ਵੀ ਪ੍ਰਮਾਤਮਾ ਦਾ 'ਕੋਟ-ਕੋਟ' ਧੰਨਵਾਦ ਕਰਦਿਆਂ, ਤੇ ਉਹਦੀ ਲੰਮੀ ਉਮਰ ਦੀ ਕਾਮਨਾਂ ਕਰਦੇ ਹੋਏ, ਇਨਕਲਾਬੀ ਨੌਜਵਾਨਾਂ ਨੂੰ ਆਪਣੇ ਰਸਾਲੇ 'ਯੰਗ ਇੰਡੀਆ' 'ਚ 'ਕਲਟ ਆਫ ਦੀ ਬੰਬ' ਭਾਵ 'ਬੰਬ ਦੀ ਪੂਜਾ' ਦੇ ਲੇਖ ਰਾਹੀਂ ਰੱਜ ਕੇ ਭੰਡਿਆ ਹੋਇਆ ਸੀ।

ਕੁਝ ਟੂਕਾਂ:

ਕਿੰਨੀ ਹੈਰਾਨਗੀ ਦੀ ਗੱਲ ਹੈ ਕਿ ਦਸੰਬਰ 1929 ਦੇ ਕਾਂਗਰੇਸ ਸੈਸ਼ਨ ਦੌਰਾਨ ਪਹਿਲੀ ਵਾਰ ਪੂਰਨ ਆਜ਼ਾਦੀ ਹਾਸਲ ਕਰਨ ਦਾ ਅਹਿਦ ਤਾਂ ਕੀਤਾ ਗਿਆ ਹੈ, ਪਰ ਇਸ ਆਸ਼ੇ ਦੀ ਪ੍ਰਾਪਤੀ ਲਈ ਕਿਸੇ ਕਿਸਮ ਦੇ ਸੰਘਰਸ਼ ਵਿਢਣ ਬਾਰੇ ਤਾਂ ਗਾਂਧੀ ਜੀ ਨੇ 'ਚੁਪ' ਹੀ ਧਾਰ ਰੱਖੀ ਹੈ ਤੇ ਦੂਜੇ ਪਾਸੇ ਸਾਰਾ ਜ਼ੋਰ ਇਨਕਲਾਬੀਆਂ ਦੇ ਵਾਈਸਰਾਏ ਦੀ ਗੱਡੀ ਤੇ ਹਮਲਾ ਕਰਨ ਲਈ ਨਿੰਦਣ-ਭੰਡਣ ਤੇ ਲਾ ਰਹੇ ਹਨ, ਅਤੇ ਬਜਾਏ ਵਿਦੇਸ਼ੀ ਹਾਕਮਾਂ ਵਿਰੁੱਧ ਜੰਗ ਦਾ ਐਲਾਨ ਕਰਨ ਤੇ ਇਹਨਾਂ 'ਸਿਰਫਿਰੇ' ਨੌਜਵਾਨਾਂ ਵਿਰੁੱਧ 'ਜਹਾਦ' ਛੇੜ ਰੱਖਿਆ ਹੈ।

ਹਾਲਾਂਕਿ ਕ੍ਰਾਂਤੀਕਾਰੀਆਂ ਵਿਰੁੱਧ ਕਾਂਗਰੇਸ ਡੈਲੀਗੇਟ ਇਜਲਾਸ ਉਹਨਾਂ ਵਲੋਂ ਪੇਸ਼ ਕੀਤੇ ਗਏ ਮੱਤੇ ਦੇ ਹਕ ਤੇ ਵਿਰੋਧ ਵਿੱਚ ਪਾਏ ਗਏ ਵੋਟਾਂ (897/816) ਅਨੁਪਾਤ ਇਹ ਜ਼ਾਹਿਰ ਕਰਦਾ ਹੈ ਕਿ ਗਾਂਧੀ ਜੀ ਦੀ ਆਪਣੀ ਪਾਰਟੀ ਵੀ ਉਹਨਾਂ ਦੀ ਇਸ ਮੁੱਦੇ 'ਤੇ ਖਾਸ ਹਮਾਇਤ ਨਹੀਂ ਕਰ ਰਹੀ ਸੀ, ਜਿਵੇਂ ਕਿ ਗਾਂਧੀ ਦੀ ਕੱਟਰ ਪੈਰੋਕਾਰ ਸ਼੍ਰੀਮਤੀ ਸਰਲਾ ਦੇਵੀ ਚੌਧਰਾਨੀ ਨੇ ਲਿਖਿਐ ਕਿ 'ਮਹਾਤਮਾ ਜੀ ਦੇ ਕਈ ਚੇਲਿਆ ਨੇ ਉਹਨੂੰ ਦੱਸਿਆ ਹੈ ਕਿ ਉਹਨਾਂ ਕੇਵਲ ਗਾਂਧੀ ਜੀ ਦੀ ਨਾਰਾਜਗੀ ਨਾ ਸਹੇੜਣ ਕਰਕੇ ਹੀ ਆਪਣੀ ਵੋਟ ਪਾਈ ਹੈ, ਹਾਲਾਂਕਿ ਉਹਨਾਂ ਦੀ ਜ਼ਮੀਰ ਅਜਿਹਾ ਕਰਨ ਦੀ ਇਜਾਜਤ ਨਹੀਂ ਸੀ ਦੇ ਰਹੀ।

ਅਸਲ ਵਿੱਚ 'ਗਾਂਧੀ ਜੀ' ਨੇ ਪ੍ਰਚਾਰਿਆ ਹੈ, ਸਤਿਆਗ੍ਰਹਿ ਇੱਕ ਤਰ੍ਹਾਂ ਦਾ ਰੋਸ ਹੈ, ਜਿਸਦਾ ਸਿੱਟਾ ਜਿਵੇਂ ਕਿ ਅਸਾਂ ਦੇਖਿਆ ਹੈ, ਸਮਝੌਤੇ ਵਿੱਚ ਹੀ ਨਿਕਲਦਾ ਹੈ; ਕੌਮੀ ਆਜ਼ਾਦੀ ਲਈ ਤਨੋਂ-ਮਨੋਂ ਜ਼ੋਰ ਲਾ ਰਹੀ ਕੌਮ ਲਈ ਇਹ ਕਦੇ ਵੀ ਸਮਝੌਤੇ ਰਾਹੀਂ ਪ੍ਰਾਪਤ ਨਹੀਂ ਹੋ ਸਕਦੀ। ਜਿੰਨੀ ਛੇਤੀ ਅਸੀਂ ਇਹ ਸਮਝ ਲਈਏ ਕਿ ਆਜ਼ਾਦੀ ਅਤੇ ਗ਼ੁਲਾਮੀ ਵਿਚਾਲੇ ਕੋਈ ਸਮਝੌਤਾ ਨਹੀਂ ਹੋ ਸਕਦਾ, ਉਨ੍ਹਾਂ ਹੀ ਚੰਗਾ ਹੋਵੇਗਾ।

''ਹਿੰਸਾ ਜਾਂ ਅਹਿੰਸਾ''

ਆਓ ਜ਼ਰਾ ਹਿੰਸਾ ਤੇ ਅਹਿੰਸਾ ਦਾ ਨਿਰਣਾ ਕਰੀਏ। ਸਾਡੇ ਖ਼ਿਆਲ ਵਿੱਚ ਇਹਨਾਂ ਸ਼ਬਦਾਂ ਦੇ ਸਾਧਾਰਨ ਰੂਪ ਵਿੱਚ ਵਰਤੋਂ ਦੋਹਾਂ ਪਾਰਟੀਆਂ (ਕਾਂਗਰੇਸ ਅਤੇ ਇਨਕਾਬੀ) ਨਾਲ ਅਨਿਆ ਹੈ, ਕਿਉਂਕਿ ਇਸ ਤਰ੍ਹਾਂ ਇਹ ਸ਼ਬਦ ਕਿਸੇ ਧਿਰ ਦੇ ਆਦਰਸ਼ ਨੂੰ ਠੀਕ ਤਰ੍ਹਾਂ ਨਹੀਂ ਦਰਸਾਉਂਦੇ: ਹਿੰਸਾ ਉਸ ਜ਼ਬਰ ਦਾ ਨਾਂ ਹੈ, ਜੋ ਅਨਿਆ ਲਈ ਵਰਤੋਂ ਵਿੱਚ ਆਉਂਦਾ ਹੈ, ਪਰ ਇਨਕਲਾਬੀਆਂ ਦਾ ਇਸ ਨਾਲ ਕੋਈ ਵਾਸਤਾ ਨਹੀਂ। ਦੂਜੇ ਬੰਨੇ ਜਿਸਨੂੰ ਆਮ ਕਰਕੇ ਅਹਿੰਸਾ ਕਿਹਾ ਜਾਂਦਾ ਹੈ, ਅਸਲ ਵਿੱਚ ਆਤਮਕ ਸ਼ਕਤੀ ਦਾ ਸਿਧਾਂਤ ਹੈ, ਜਿਸ ਨੂੰ ਨਿੱਜੀ ਅਤੇ ਕੌਮੀ ਹੱਕਾਂ ਦੀ ਪੂਰਤੀ ਲਈ ਵਰਤਿਆ ਜਾਂਦਾ ਹੈ, ਤਾਂਕਿ ਦੁਖ, ਤਸੀਹੇ ਝੱਲਦਿਆਂ ਹੋਇਆਂ, ਵਿਰੋਧੀ ਨੂੰ ਆਪਣੇ ਵੱਲ ਢਾਲ ਲਿਆ ਜਾਏ। ਜਦੋਂ ਕਿ ਇੱਕ ਇਨਕਲਾਬੀ ਵੀ ਆਪਣੇ ਪੂਰੀ ਆਤਮਿਕ ਸ਼ਕਤੀ ਰਾਹੀਂ, ਉਸ ਨੂੰ ਹਾਸਲ ਕਰਨ ਦਾ ਯਤਨ ਕਰਦਾ ਹੈ, ਵੱਡੇ ਤੋਂ ਵੱਡੇ ਦੁਖ-ਤਸੀਹੇ ਝੱਲਦਾ ਹੈ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦਾ ਹੈ, ਪਰ ਨਾਲ ਹੀ ਆਪਣੇ ਸਰੀਰਕ ਬਲ ਨੂੰ ਵਰਤਨਾ ਜੁਰਮ ਨਹੀਂ ਸਮਝਦਾ।

ਸੋ ਸਵਾਲ 'ਹਿੰਸਾ' ਜਾਂ 'ਅਹਿੰਸਾ' ਦਾ ਨਹੀਂ, ਬਲਕਿ ਸਵਾਲ ਇਹ ਹੈ ਕਿ ਕੀ ਅਸੀਂ ਨਿਰੋਲ ਆਤਮਕ ਬਲ ਦੇ ਸਿਰ ਤੇ ਹੀ ਚਲਣਾ ਹੈ ਜਾਂ ਇਸ ਦੇ ਨਾਲ ਸਰੀਰਕ ਬਲ ਦੀ ਵਰਤੋਂ ਵੀ ਕਰਨੀ ਹੈ?

'ਮੁਕਦੀ ਗੱਲ', ਅਸੀਂ ਤਰਸ ਦੀ ਮੰਗ ਨਹੀਂ ਕਰਦੇ ਤੇ ਨਾ ਹੀ ਕਰਨਾ ਜਾਣਦੇ ਹਾਂ। ਸਾਡੀ ਤਾਂ ਜ਼ਿੰਦਗੀ ਮੌਤ ਦੀ ਲੜਾਈ ਹੈ, ਮੌਤ ਜਾਂ ਫਤਿਹ!

ਇਨਕਲਾਬ ਜ਼ਿੰਦਾਬਾਦ,

ਕਰਤਾਰ ਸਿੰਘ, ਪ੍ਰਧਾਨ
ਹਿੰਦੋਸਤਾਨ ਸੋਸਲਿਸਟ ਰਿਪਬਲਿਕਨ ਐਸੋਸੀਏਸ਼ਨ

ਜੈਗੋਪਾਲ ਅਤੇ ਫੋਨਿੰਦਰ ਘੋਸ਼ 'ਤੇ ਜਲਗਾਉਂ ਅਦਾਲਤ 'ਚ ਗੋਲੀ: ਭਗਵਤੀ ਦੀ ਭੂਮਿਕਾ

1930 ਦੇ ਸ਼ੁਰੂ ਵਿੱਚ ਆਜ਼ਾਦ ਨੇ ਪਾਰਟੀ ਸਾਥੀਆਂ ਨਾਲ ਸਲਾਹ-ਮਸ਼ਵਰਾ ਕਰਕੇ ਅਨੁਭਵ ਕੀਤਾ ਕਿ ਯੂ.ਪੀ. ਪੰਜਾਬ, ਬਿਹਾਰ ਵਿੱਚ ਪੁਲਿਸ ਬਹੁਤ ਸਰਗਰਮ ਹੈ, ਇਸ ਲਈ ਦੱਖਣ ਵੱਲ ਨੂੰ ਕੂਚ ਕੀਤਾ ਜਾਏ। ਤਦ ਅਨੁਸਾਰ ਗਵਾਲੀਅਰ ਵਿੱਚ ਕੁੱਝ ਬੰਬ ਤਿਆਰ ਕੀਤੇ ਗਏ। ਬੰਬਾਂ ਅਤੇ ਹਥਿਆਰ ਨੂੰ ਅਕੋਲਾ (ਮਹਾਰਾਸ਼ਟਰ) ਪਹੁੰਚਾਉਂਣ ਲਈ ਭਗਵਾਨ ਦਾਸ ਮਾਹੌਰ ਅਤੇ ਸਦਾਸ਼ਿਵ ਦੀ ਡਿਊਟੀ ਲਾਈ ਗਈ; ਚਲਣ ਵੇਲੇ ਵੈਸ਼ਮਪਾਇਨ ਵੀ ਉਹਨਾਂ ਦੇ ਨਾਲ ਸੀ। ਉਹ ਦੋਵੇਂ ਝਾਂਸੀ ਤੱਕ ਗਏ। ਜਿਥੋਂ ਉਹ ਅਕੋਲਾ ਵੱਲ ਨੂੰ ਚਲੇ ਗਏ ਅਤੇ ਵੈਸ਼ਮਪਾਇਨ ਕਾਨਪੁਰ ਨੂੰ ਆ ਗਿਆ।

ਵੈਸ਼ਮਪਾਇਨ ਨੇ 11 ਸਤੰਬਰ ਨੂੰ ਉਹਨਾਂ ਦੋਹਾਂ ਨੂੰ ਝਾਂਸੀ ਤੋਂ ਬੰਬ, ਹਥਿਆਰਾਂ, ਆਦਿ ਸਮੇਤ ਵਿਦਾ ਕੀਤਾ ਤੇ ਆਪ ਕਾਨਪੁਰ ਆਜ਼ਾਦ ਕੋਲ ਪਹੁੰਚ ਗਿਆ। ਉਥੇ ਅਗਲੀ ਹੀ ਸਵੇਰ ਦੇ ਅਖ਼ਬਾਰ ਵਿੱਚ ਵੱਡੀਆਂ ਸੁਰਖੀਆਂ ਵਿੱਚ ਆਪਣੇ ਦੋਹਾਂ ਸਾਥੀਆਂ ਦੀ ਅਕੋਲਾ ਦੇ ਰਾਹ ਵਿੱਚ ਪੈਂਦੇ ਭੁਸਾਵਲ ਜੰਕਸ਼ਨ ਤੇ ਫੜੇ ਜਾਣ ਦੀ ਦਰਦਨਾਕ ਖ਼ਬਰ ਪੜ੍ਹਦਿਆਂ ਹੀ ਦੋਹਾਂ ਦੇ ਸਿਰ ਚਕਰਾ ਗਏ ਤੇ ਜਿਵੇਂ ਪਿਛੋਂ ਜਾਕੇ ਪਤਾ ਲੱਗਿਆ ਕਿ ਫੜੇ ਗਏ ਸਾਥੀਆਂ ਨੇ ਆਪਣੀ ਬਹੁਤੀ ਹੇਠੀ ਇਸ ਗੱਲ ਵਿੱਚ ਸਮਝੀ ਕਿ ਅਸੀਂ ਸਭ ਕੁੱਝ ਆਪਣੇ ਕੋਲ ਹੁੰਦਿਆਂ ਵੀ ਦੋ ਹੱਥ ਕੀਤੇ ਬਿਨਾਂ ਹੀ ਪੁਲਿਸ ਦੀ ਝੋਲੀ 'ਚ ਜਾ ਡਿਗੇ ਹਾਂ।

ਉਧਰ ਉਸ ਵੇਲੇ ਤੱਕ ਲਾਹੌਰ ਸਾਜਿਸ਼ ਕੇਸ ਦੀ ਸੁਣਵਾਈ ਦੌਰਾਨ ਜੈਗੋਪਾਲ ਅਤੇ ਫੋਨਿੰਦਰ ਘੋਸ਼ ਦੇ ਵਾਦਾ-ਮਾਫ ਗਵਾਹ ਬਣ ਜਾਣ ਤੇ ਪਾਰਟੀ ਸਾਥੀਆਂ ਵਿਰੁੱਧ ਪੁਲਿਸ ਦੀ ਸ਼ਹਿ ਤੇ ਘੜੇ-ਘੜਾਏ ਬਿਆਨ ਦੇਣ ਦੀਆਂ ਖਬਰਾਂ ਵੀ ਅਖਬਾਰਾਂ 'ਚ ਆ ਰਹੀਆਂ ਸਨ; ਤੇ ਚੂੰਕਿ ਉਹਨਾਂ ਨੇ ਮਾਹੌਰ ਅਤੇ ਸਦਾਸ਼ਿਵ ਵਿਰੁੱਧ ਸਭ ਕੁਝ ਦੱਸਿਆ ਸੀ, ਇਸ ਲਈ ਪੰਜਾਬ ਪੁਲਿਸ/ਸੀ.ਆਈ.ਡੀ. ਉਹਨਾਂ ਕੋਲੋਂ ਪੁਛ-ਪੜਤਾਲ ਵੀ ਕਰ ਚੁਕੀ ਸੀ।

ਭਰੇ-ਭੀਤੇ ਮਾਹੌਰ ਅਤੇ ਸਦਾਸ਼ਿਵ ਨੇ ਆਜ਼ਾਦ ਨੂੰ ਚਿਟ ਲਿਖ ਕੇ ਭੇਜੀ ਕਿ ਜੇ ਸਾਨੂੰ ਕਿਸੇ ਨਾ ਕਿਸੇ ਤਰ੍ਹਾਂ ਜੇਲ੍ਹ ਵਿੱਚ ਦੋ ਪਿਸਤੌਲਾਂ ਪਹੁੰਚਾ ਦਿਉਂ ਤਾਂ ਜੋ ਅਸੀਂ ਦੋਹਾਂ ਗ਼ਦਾਰਾਂ ਨੂੰ, ਜਦੋਂ ਇਹ ਸਾਡੇ ਵਿਰੁੱਧ ਗਵਾਹੀ ਦੇਣ ਲਈ ਜਲਗਾਉਂ ਸੈਸ਼ਨ ਕੋਰਟ ਵਿੱਚ ਪੇਸ਼ ਹੋਣਗੇ, ਮਾਰ ਮੁਕਾ ਦਿਆਂਗੇ।

ਇਸ ਕਾਰਜ ਲਈ ਆਜ਼ਾਦ ਨੇ ਭਗਵਤੀ ਦੀ ਡਿਊਟੀ ਲਾਈ। ਇਸ ਖਤਰਨਾਕ ਕਾਰਜ ਨੂੰ ਭਗਵਤੀ ਨੇ ਬੜੀ ਹੋਸ਼ਿਆਰੀ ਨਾਲ ਨਿਭਾਇਆ: ਐਡਵੋਕੇਟ ਦੇ ਭੇਸ 'ਚ ਦੋਹਾਂ ਨੂੰ ਪਿਸਤੌਲ ਪਹੁੰਚਾ ਦਿੱਤੇ, ਪਰ ਬਦ-ਕਿਸਮਤੀ ਨਾਲ ਉਹ 1 ਫਰਵਰੀ 1930 ਨੂੰ ਅਦਾਲਤ ਵਿੱਚ ਪੇਸ਼ ਹੋ ਰਹੇ ਦੋਹਾਂ ਗਵਾਹਾਂ ਵਿੱਚੋਂ ਸਿਰਫ਼ ਜੈਗੋਪਾਲ ਨੂੰ ਹੀ ਜ਼ਖਮੀ ਕਰ ਸਕੇ, ਕਿਉਂਕਿ ਫਾਰਿੰਗ ਦੌਰਾਨ ਇੱਕ ਤਾਂ ਸਦਾਸ਼ਿਵ ਦਾ ਪਿਸਤੌਲ ਜਾਮ ਹੋ ਗਿਆ ਸੀ ਅਤੇ ਦੂਜੇ ਪੁਲਿਸ ਨੇ ਵੀ ਬੜੀ ਹਿੰਮਤ ਨਾਲ ਕੰਮ ਲੈਂਦਿਆਂ ਹੋਇਆ ਹਮਲਾਵਰਾਂ 'ਤੇ ਕਾਬੂ ਪਾ ਲਿਆ ਸੀ।

ਇਸ ਘਟਨਾ ਤੋਂ ਬਾਅਦ ਲੋਕਾਂ ਦੀ ਅਥਾਹ ਭੀੜ ਇਕੱਠੀ ਹੋ ਗਈ ਤੇ ਅਸਲੀਅਤ ਦਾ ਪਤਾ ਚਲਣ ਤੇ ਭੀੜ ਨੇ 'ਗ਼ਦਾਰ ਮੁਰਦਾਬਾਦ' 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ, ਤੇ ਜਦੋਂ ਪੁਲਿਸ ਇਨ੍ਹਾਂ ਦੋਹਾਂ ਵਾਦਾ-ਮਾਫ਼ਾਂ ਨੂੰ ਬੰਦ ਗੱਡੀ ਵਿੱਚ ਲਿਜਾ ਰਹੀ ਸੀ ਤਾਂ ਲੋਕੀ ਦਫ਼ਾ 144 ਤੋੜ ਕੇ ਇਹਦੇ ਇਰਦ-ਗਿਰਦ ਜੁੜ ਕੇ 'ਗ਼ਦਾਰ ਮੁਰਦਾਬਾਦ' ਦੇ ਨਾਅਰੇ ਲਾਉਣ ਲੱਗ ਪਏ, ਜਿਨ੍ਹਾਂ 'ਚੋਂ 114 ਨੂੰ ਮੌਕੇ ਤੇ ਗ੍ਰਿਫਤਾਰ ਕਰ ਲਿਆ ਗਿਆ, ਤੇ ਪੁਲਿਸ ਮੁਸ਼ਿਕਲ ਨਾਲ ਹੀ ਉਨ੍ਹਾਂ ਨੂੰ ਕੱਢ ਦੇ ਲੈ ਜਾ ਸਕੀ।

ਇੱਥੇ ਹੀ ਬਸ ਨਹੀਂ ਹੋਈ, ਬਲਕਿ ਆਮ ਲੋਕਾਂ ਦੇ ਨਾਲ-ਨਾਲ ਪੁਲਿਸ ਵਾਲਿਆਂ ਦੀ ਹਮਦਰਦੀ ਵੀ ਇਨਕਲਾਬੀਆਂ ਨਾਲ ਹੋ ਰਹੀ ਦਿਸ ਰਹੀ ਸੀ, ਇੱਥੋਂ ਤੱਕ ਕਿ ਅੱਗੇ ਤੋਂ ਇਨਕਲਾਬੀ ਨਜ਼ਰਬੰਦਾਂ ਨੂੰ ਲਿਆਉਣ-ਲਿਜਾਣ ਲਈ ਗੋਰੇ ਸਾਰਜੈਂਟਾਂ ਨੂੰ ਹੀ ਤਾਈਨਾਲ ਕਰਨ ਦੀਆਂ ਹਿਦਾਇਤਾਂ ਵੀ ਤੁਰੰਤ ਜਾਰੀ ਕਰ ਦਿੱਤੀ ਗਈਆਂ ਸਨ।

7

# ਭਗਵਤੀ ਦੀ ਸ਼ਹਾਦਤ

ਹੋਰ ਰੁਝੇਵਿਆਂ ਤੋਂ ਫਾਰਗ਼ ਹੋਕੇ ਪਾਰਟੀ ਭਗਤ ਸਿੰਘ ਅਤੇ ਦੱਤ ਨੂੰ ਜੇਲ੍ਹੋਂ ਛੁਡਾਉਣ ਲਈ ਤਿਆਰੀਆਂ 'ਚ ਜੁਟ ਗਈ। ਪਹਿਲਾਂ ਤਾਂ ਭਗਵਤੀ ਅਤੇ ਆਜ਼ਾਦ ਆਪੋ ਆਪਣੀ ਥਾਂਈ ਇਸੇ ਮਕਸਦ ਲਈ ਤਿਆਰੀਆਂ ਕਰ ਰਹੇ ਸਨ, ਪਰ ਹੁਣ ਸਾਂਝੇ ਉਪਰਾਲੇ ਦੇ ਹੁੰਦਿਆਂ ਕਾਮਯਾਬੀ ਦੀ ਸੰਭਾਵਨਾ ਵਧੇਰੇ ਹੋ ਗਈ ਸੀ। ਆਜ਼ਾਦ ਦੀ ਹੁਣ ਤੱਕ ਵੱਡੀ ਸਮੱਸਿਆ ਇਹ ਸੀ ਕਿ ਪੰਜਾਬੋ ਬਾਹਰਲੇ ਸਾਥੀ ਲਾਹੌਰ 'ਚ 'ਓਪਰੇ' ਹੋਣ ਕਰਕੇ ਕਿਤੇ ਪੁਲਿਸ ਹੱਥ ਨਾ ਚੜ੍ਹ ਜਾਣ, ਜੋ ਭਗਵਤੀ ਦੇ ਮੇਲ ਨਾਲ ਦੂਰ ਹੋ ਗਈ। ਸੋ ਬੰਬਾਂ-ਹਥਿਆਰਾਂ ਆਦਿ ਦੀ ਜ਼ਿੰਮੇਵਾਰੀ ਸੀ ਆਜ਼ਾਦ ਦੇ ਸਿਰ ਅਤੇ ਬਾਕੀ ਦਾ ਬੰਦੋਬਸਤ ਕਰਨਾ ਸੀ ਭਗਵਤੀ ਨੇ।

ਪਹਿਲਾਂ ਇੰਦਰਪਾਲ ਰਾਹੀਂ ਕ੍ਰਿਸ਼ਨਾ ਨਗਰ ਮੁਹੱਲੇ ਵਿੱਚ ਇੱਕ ਮਕਾਨ ਕਿਰਾਏ ਤੇ ਲੈ ਲਿਆ ਗਿਆ, ਜਿਸ ਵਿੱਚ ਯਸ਼ਪਾਲ, ਵੈਸ਼ਮਪਾਇਨ ਅਤੇ ਭਗਵਤੀ ਆ ਗਏ। ਦੁਰਗਾ 'ਭਾਬੀ', ਧਨਵੰਤਰੀ, ਸੁਖਦੇਵ ਰਾਜ ਅਤੇ ਅਹਿਸਾਨ ਇਲਾਹੀ ਆਪਣੇ-ਆਪਣੇ ਟਿਕਾਣਿਆਂ ਤੇ ਰਹਿੰਦੇ ਹੋਏ ਸਹਿਯੋਗ ਦੇ ਰਹੇ ਸਨ। ਕੁੱਝ ਦਿਨਾਂ ਬਾਅਦ ਸੁਖਦੇਵ ਰਾਜ ਵੀ ਉਥੇ ਹੀ ਆ ਗਿਆ। ਬਾਜ਼ਾਰ ਤੋਂ ਸਾਮਾਨ ਖਰੀਦ ਲਿਆਉਣਾ ਧਨਵੰਤਰੀ ਦੇ ਜ਼ਿਮੇ ਸੀ; ਜੇਲ੍ਹ ਅੰਦਰ ਭਗਤ ਸਿੰਘ ਹੋਰਾਂ ਨਾਲ ਸੰਪਰਕ ਦੁਰਗਾ 'ਭਾਬੀ' ਰੱਖ ਰਹੀ ਸੀ; ਪਿਛੋਂ ਆਜ਼ਾਦ ਵੀ ਉਸੇ ਅੱਡੇ ਤੇ ਹੀ ਆ ਗਿਆ।

ਅਗਲੀ ਕਾਰਵਾਈ ਲਈ ਜੇਲ੍ਹ ਦੇ ਨੇੜੇ ਕੋਈ ਅਜਿਹਾ ਮਕਾਨ ਕਿਰਾਏ 'ਤੇ ਲੈਣ ਦਾ ਫੈਸਲਾ ਲਿਆ ਗਿਆ, ਜਿਹੜਾ ਇੱਕ ਖਾਂਦੇ-ਪੀਂਦੇ ਪਰਿਵਾਰ ਦੀ ਰਿਹਾਇਸ਼ ਲਈ ਢੁਕਵੀਂ ਦਿਖ ਵਾਲਾ ਹੋਵੇ ਤੇ ਜਿੱਥੇ ਮਰਦਾਂ ਦੇ ਨਾਲ ਔਰਤਾਂ ਵੀ ਰਹਿ ਰਹੀਆਂ ਹੋਣ। ਸੋ ਦੁਰਗਾ 'ਭਾਬੀ' ਨੂੰ ਘਰੋਂ ਇਥੇ ਲੈ ਆਉਣਾ ਠੀਕ ਸਮਝਿਆ ਗਿਆ ਤੇ ਭਗਵਤੀ ਨੇ ਸੁਸ਼ੀਲਾ 'ਦੀਦੀ' ਨੂੰ ਵੀ ਕਲਕੱਤਿਉਂ ਲਾਹੌਰ ਸੱਦ ਲਿਆ।

ਸੋ ਯਸ਼ਪਾਲ ਨੇ ਜੇਲ੍ਹ ਦੇ ਨੇੜੇ ਹੀ ਬਹਾਵਲਪੁਰ ਰੋਡ ਦੇ ਇੱਕ ਨਿਵੇਕਲੇ ਜਿਹੇ ਬੰਗਲੇ ਦਾ ਅੱਧਾ ਹਿੱਸਾ ਕਿਰਾਏ ਤੇ ਲੈ ਲਿਆ, ਜਿਸਦੇ ਦੂਸਰੇ ਅੱਧ ਵਿੱਚ ਇੱਕ ਮਦਰਾਸੀ ਇੰਜੀਨੀਅਰ ਤੇ ਗਵਾਂਢ 'ਚ ਇੱਕ ਸਾਬਕਾ ਜੱਜ, ਸ੍ਰੀ ਖੋਸਲਾ ਰਹਿੰਦੇ ਸੀ।

ਬੰਗਲਾ ਤਾਂ ਕਿਰਾਏ ਤੇ ਲੈ ਲਿਆ ਗਿਆ, ਪਰ ਪਲੰਘ, ਮੇਜ਼ ਕੁਰਸੀਆਂ, ਆਦਿ ਦੀ ਘਾਟ ਸੀ। ਐਨੈ ਨੂੰ ਦੁਰਗਾ ਭਾਬੀ ਟਾਂਗੇ ਤੇ ਬੈਠ ਉਥੇ ਆ ਪਹੁੰਚੀ, ਤੇ ਮਕਾਨ ਦੀ ਜਮਾਂਦਾਰਨੀ ਨੇ, ਜੋ ਨਵੇਂ 'ਸਾਹਬ ਲੋਕਾਂ' ਦੀ ਉਡੀਕ ਕਰ ਰਹੀ ਸੀ, ਨੇ ਭਾਬੀ ਨੂੰ ਵੇਖਕੇ ਹੀ ਕਿਹਾ, ''ਆ ਗਏ, ਨਵੇਂ ਮੇਮ ਸਾਹਿਬ ਆ ਗਏ।'' ਇਹ ਸੁਣ ਕੇ ਕੋਠੀ ਦੀ ਮਾਲਣ ਵੀ ਆਪਣੇ ਕਮਰੇ 'ਚੋਂ ਨਿਕਲੀ ਤੇ 'ਭਾਬੀ' ਵੱਲ ਵੇਖ ਕੇ ਕਿਹਾ, ''ਲੈ ਆ ਗਏ ਨੀ, 'ਵੱਡੇ' ਮੇਮ ਸਾਹਿਬ, ਉਹ ਵੀ ਟਾਂਗੇ ਤੇ!''

ਯਸ਼ਪਾਲ ਨੇ, ਜੋ ਸਭ ਕੁੱਝ ਵੇਖ ਸੁਣ ਰਿਹਾ ਸੀ ਫ਼ੌਰਨ ਸੋਚ ਲਿਆ ਕਿ ਜੇ ਸਾਹਿਬ ਲੋਕਾਂ ਵਾਲੀ ਕੋਠੀ 'ਚ ਰਹਿਣੈ ਤਾਂ ਫਰਨੀਚਰ ਵੀ ਠਾਠ-ਬਾਠ ਵਾਲਾ ਹੋਣਾ ਚਾਹੀਦੈ ਅਤੇ ਮੋਟਰ ਕਾਰ ਵੀ ਚਾਹੀਦੀ ਏ, ਜਿਹੜੀ ਵੈਸੇ ਜੇਲੋਂ ਕੱਢ ਲਿਜਾਣ ਵਾਲੀ ਕਾਰਵਾਈ ਲਈ ਪਹਿਲਾਂ ਹੀ ਲੈ ਲਈ ਗਈ ਸੀ। ਸੋ ਯਸ਼ਪਾਲ ਨੇ ਧੰਨਵੰਤਰੀ ਨੂੰ ਕਿਹਾ ਕਿ ਜਿਥੋਂ ਤੱਕ ਹੋ ਸਕੇ, ਕਾਰ ਨੂੰ ਕੋਠੀ ਵਿੱਚ ਹੀ ਖੜੀ ਰੱਖਿਆ ਜਾਏ। ਯਸ਼ਪਾਲ ਨੇ ਫਰਨੀਚਰ ਵਾਲੀ ਦੁਕਾਨ ਤੋਂ ਇੱਕ ਵੱਡਾ ਸੋਫ਼ਾ-ਸੈਟ, ਤਿੰਨ-ਚਾਰ ਕੁਰਸੀਆਂ, ਚਾਹ-ਪਾਣੀ ਤੇ ਖਾਣ ਵਾਲੇ ਮੇਜ਼ ਅਤੇ ਦੋ ਨਿਵਾਰੀ ਪਲੰਘ ਲਿਆ ਕੇ ਟਿਕਾ ਦਿੱਤੇ। ਇਸ ਤਰ੍ਹਾਂ ਦਰਵਾਜਿਆਂ ਤੇ ਪਰਦੇ ਚਿਕਾਂ ਵੀ ਸੱਜਾ ਦਿੱਤੀਆਂ ਗਈਆਂ। ਇੱਕ 'ਬਹਿਸਤੀ' ਸਵੇਰੇ ਛਿੜਕਾਅ ਕਰਨ ਲਈ ਵੀ ਆਉਣ ਲੱਗਾ। ਮਦਨ ਗੋਪਾਲ ਨੂੰ ਦਿਖਾਵੇ-ਮਾਤਰ 'ਖਾਨਸਾਮਾ' ਤੇ ਛੈਲ-ਬਿਹਾਰੀ ਨੂੰ 'ਬੈਹਰਾ' ਨਿਯੁਕਤ ਕੀਤਾ ਗਿਆ। ਉਸੇ ਤਰ੍ਹਾਂ ਟਹਿਲ ਸਿੰਘ ਨੂੰ ਡਰਾਈਵਰੀ ਸੌਂਪ ਦਿੱਤੀ ਗਈ, ਜਿਸ ਨੇ ਵੈਸੇ ਵੀ 'ਐਕਸ਼ਨ' ਵੇਲੇ ਇਹੀ ਭੂਮਿਕਾ ਨਿਭਾਉਣੀ ਸੀ।

### ਹੋਣੀ ਦਾ ਕਾਰਾ

ਵੈਸ਼ਮਪਾਇਨ ਅਨਸਾਰ, ''ਉਹਨੀਂ ਦਿਨੀਂ ਭਗਵਤੀ ਬੜੀ ਚੜ੍ਹਦੀ ਕਲਾ ਵਿੱਚ ਸੀ। ਉਹ ਆਪਣੇ ਜਿਗਰੀ ਦੋਸਤ ਨੂੰ ਫਿਰ ਪਿੰਜਰਿਉ ਛੁਟੇ ਪੰਛੀ ਵਾਂਗ ਉਡਾਰੀਆਂ ਲਾਉਂਦੇ ਹੋਏ ਵੇਖਣ ਦੇ ਸੁਪਨੇ ਵੇਖ ਰਿਹਾ ਸੀ; ਤੇ ਉਸ ਨੂੰ ਪਾਰਟੀ ਦੇ ਭਗਤ ਸਿੰਘ ਅਤੇ ਦੱਤ ਨੂੰ ਜੇਲ੍ਹੋਂ ਛੁਡਾ ਲੈਣ ਦੇ ਉਪਰਾਲੇ ਦੀ ਕਾਮਯਾਬੀ ਤੋਂ ਪੂਰਾ ਯਕੀਨ ਸੀ।

''ਸੋ 1 ਜੂਨ 1930 ਦੇ 'ਐਕਸ਼ਨ' _ ਜੇਲ੍ਹ ਅਹਾਤੇ ਵਿੱਚ ਧਾਵਾ ਬੋਲ ਕੇ ਆਪਣੇ ਦੋਹਾਂ ਸਾਥੀਆਂ ਨੂੰ ਛੁਡਾਉਣ ਦੀ ਤਿਆਰੀ ਲਈ ਸਾਰੇ ਸਾਥੀ ਤੇ ਹਥਿਆਰ ਆਦਿ ਬੰਗਲੇ ਵਿੱਚ ਪਹੁੰਚ ਗਏ ਸਨ, ਤੇ ਕੇਵਲ ਬੰਬ ਖੋਲ੍ਹਾਂ ਵਿੱਚ ਮਸਾਲਾ ਭਰਨ ਦੀ ਕਿਰਿਆ ਹੀ ਬਾਕੀ ਸੀ, ਜੋ ਹਮੇਸ਼ਾ ਐਕਸ਼ਨ ਤੋਂ ਬਹੁਤ ਥੋੜ੍ਹਾ ਸਮਾਂ ਪਹਿਲਾਂ ਕੀਤੀ ਜਾਣੀ ਸੀ। ਇਹ ਕੰਮ ਯਸ਼ਪਾਲ ਨੂੰ ਸੌਂਪਿਆ ਗਿਆ ਸੀ, ਜਿਸ ਨੇ ਇਹਨੂੰ, ਅਜ਼ਮਾਇਸ ਤੋਂ ਇੱਕ ਦਿਨ ਪਹਿਲਾਂ, ਭਾਵ 27 ਮਈ ਨੂੰ ਕਰਨਾ ਸੀ: ਪਹਿਲਾਂ ਲੋਹੇ ਦੇ ਬੰਬ ਖੋਲਾਂ ਅੰਦਰ ਦੀਵਾਰੀ ਰੋਗ਼ਨ ਦਾ ਲੇਪ ਕੀਤਾ ਜਾਣਾ ਸੀ, ਜਿਸਨੂੰ ਕੁੱਝ ਘੰਟੇ ਧੁਪੇ ਸੁਕਾਉਣ ਤੋਂ ਬਾਅਦ ਉਸ ਵਿੱਚ ਵਿਸਫੋਟਕ ਸਮਗਰੀ ਭਰੀ ਜਾਣੀ ਸੀ। ਇਸ ਤਰ੍ਹਾਂ ਕਰਨਾ ਇਸ ਲਈ ਲਾਜਮੀ ਹੁੰਦਾ ਹੈ ਕਿ ਕਿਤੇ ਕੋਈ ਖ਼ਤਰਨਾਕ ਹਾਦਸਾ ਨਾ ਵਾਪਰ ਜਾਏ।

ਯਸ਼ਪਾਲ ਦੇ ਕਥਨ ਅਨੁਸਾਰ ਉਹ 4 ਖੋਲ੍ਹਾਂ ਨੂੰ ਅੰਦਰੋਂ ਰੋਗਣ ਦਾ ਲੇਪ ਕਰਕੇ ਧੁਪੇ ਰੱਖ ਕੇ 'ਕਿਤੇ' ਚਲਾ ਗਿਆ ਸੀ, ਤੇ ਇਸ ਪ੍ਰਕਿਰਿਆ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਵੀ ਕਿਸੇ ਨੂੰ ਸੌਂਪ ਕੇ ਨਹੀਂ ਸੀ ਗਿਆ। ਆਪਣੀ ਇਸ ਘੋਰ ਅਣਗਹਿਲੀ ਕਾਰਨ ਐਨੇ ਜਾਨ ਲੇਵਾ ਤੇ ਖ਼ਤਰਨਾਕ ਨਤੀਜੇ ਸਾਹਮਣੇ ਆਉਣ ਤੇ ਵੀ ਯਸ਼ਪਾਲ ਨੇ ਇਸ ਬਾਰੇ ਕਦੇ ਕਿਸੇ ਕਿਸਮ ਦਾ ਪਛਤਾਵਾ ਤੱਕ ਵੀ ਨਹੀਂ ਕੀਤਾ। ਖੈਰ!

ਉਹ ਚਾਰੇ ਖੋਲ੍ਹ ਮਸਾਲੇ ਨਾਲ ਭਰ ਦਿੱਤੇ ਗਏ ਤੇ ਉਹਨਾਂ ਚੋਂ ਇੱਕ ਦੀ ਅਜਮਾਇਸ਼ ਕਰਨ ਲਈ 28 ਮਈ ਤੜਕਸਾਰ ਸੁਖਦੇਵ ਰਾਜ, ਵੈਸਮਪਾਇਨ ਤੇ ਭਗਵਤੀ ਸਵੇਰ ਵੇਲੇ ਰਾਵੀ ਦਰਿਆ ਤੋਂ ਪਾਰ ਕਿਸੇ ਸੁੰਨੀ ਥਾਂ ਲਈ ਚਲ ਪਏ। ਸੁਖਦੇਵ ਰਾਜ ਨੂੰ, ਜੋ ਕਾਲਜ ਵਿਦਿਆਰਥੀ ਹੋਣ ਦੇ ਨਾਤੇ ਰਾਵੀ ਦੇ ਬੋਟ ਕਲੱਬ ਦਾ ਮੈਂਬਰ ਸੀ, ਅਗਲੀ ਸਵੇਰ ਲਈ ਕਿਸਤੀ ਦਾ ਇੰਤਜ਼ਾਮ ਕਰਨ ਲਈ ਕਹਿ ਦਿੱਤਾ ਗਿਆ ਸੀ, ਜੋ ਉਸ ਨੇ ਕਰ ਰੱਖਿਆ ਸੀ। ਰਾਵੀ ਦਰਿਆ ਵਲ ਨੂੰ ਜਾਂਦਿਆਂ ਉਹਨਾਂ ਥੈਲੇ ਵਿੱਚ ਸੰਤਰੇ, ਤਰਬੂਜ਼ ਆਦਿ ਖਰੀਦ ਕੇ ਖਾਣ-ਪੀਣ ਦਾ ਪ੍ਰਬੰਧ ਵੀ ਕਰ ਲਿਆ ਸੀ। ਦਰਿਆ ਕੰਢੇ ਪਹੁੰਚ ਕੇ ਸੁਖਦੇਵ ਰਾਜ ਨੇ ਕਿਸ਼ਤੀ ਦੇ ਮਲਾਹ ਮੁਹੱਮਦ-ਦੀਨ ਨੂੰ ਇਹ ਕਹਿ ਕੇ ਉਥੇ ਹੀ ਠਹਿਰਣ ਨੂੰ ਕਿਹਾ ਕਿ ਉਹ ਕਿਸ਼ਤੀ ਖੁਦ ਚਲਾ ਲਵੇਗਾ, ਜਿਸ ਲਈ ਉਹਦੇ ਕੋਲ ਯੋਗਤਾ ਵੀ ਸੀ।

ਕਰੀਬ 11 ਵਜੇ ਉਹ ਰਾਵੀ ਪਾਰ ਕਰ, ਕਿਸ਼ਤੀ ਨੂੰ ਕੰਢੇ ~~ਨਾਲ~~-ਬਨ੍ਹ ਕੇ ਅੱਗੇ ਵੱਲ ਨੂੰ ਚਲ ਪਏ, ਜਿੱਥੇ ਉਸ ਵੇਲੇ ਕੋਈ ਪਸ਼ੂ-ਪੰਛੀ ਵੀ ਨਜ਼ਰ ਨਹੀਂ ਸੀ ਆ ਰਿਹਾ। ਥੋੜ੍ਹਾ ਹੋਰ ਅੱਗੇ ਜਾਕੇ ਇੱਕ ਰੁਖਾਂ ਦਾ ਝੁੰਡ ਨਜ਼ਰ ਆਇਆ, ਜੋ ਉਨ੍ਹਾਂ ਨੂੰ ਜੱਚ ਗਿਆ।

ਵੈਸ਼ਮਾਇਨ ਮੁਤਾਬਕ, ''ਬੰਬ ਅਜ਼ਮਾਉਣ ਲਈ ਅਸੀਂ ਇੱਕ ਡੂੰਘੇ ਟੋਏ ਨੂੰ ਚੁਣਿਆ, ਜੀਹਦੇ ਕੰਢੇ ਦੀ ਉੱਚੀ ਥਾਂ ਤੋਂ ਖਲੋਕੇ ਬੰਬ ਨੂੰ ਵਗਾਂਹ ਮਾਰਿਆ ਜਾ ਸਕੇ। ਭਗਵਤੀ ਨੇ ਬੰਬ ਥੈਲਿਓਂ ਕੱਢ ਕੇ ਹੱਥ ਵਿੱਚ ਲੈਂਦਿਆਂ ਹੀ ਕਿਹਾ ਕਿ ਇਸ ਦੀ ਪਿੰਨ ਢਿੱਲੀ ਹੈ, ਤਾਂ ਅਸੀਂ ਦੋਹਾਂ ਨੇ ਕਿਹਾ ਕਿ ਇਸ ਹਾਲਤ ਵਿੱਚ ਇਹ ਨੂੰ ਚਲਾਉਣਾ ਖਤਰੇ ਤੋਂ ਖਾਲੀ ਨਹੀਂ ਹੋਵੇਗਾ, ਇਸ ਲਈ ਅਸੀਂ ਇਹ ਕੰਮ ਅਗਲੇ ਦਿਨ ਤੇ ਪਾ ਦਈਏ ਤੇ

ਵਾਪਸ ਪਰਤ ਚਲੀਏ ਪਰ ਸਾਡੇ ਬੜਾ ਜੋਰ ਦੇਣ ਤੇ ਵੀ ਭਗਵਤੀ ਸਾਡੇ ਨਾਲ ਸਹਿਮਤ ਨਹੀਂ ਹੋਇਆ। ਉਹ ਬਾਰ-ਬਾਰੇ ਇਹੀ ਕਹੀ ਜਾਏ, ''ਪਹਿਲੀ ਜੂਨ ਦਾ ਐਕਸ਼ਨ ਕਿਸੇ ਹਾਲਤ ਵਿੱਚ ਵੀ ਅੱਗੇ ਨਹੀਂ ਪਾਇਆ ਜਾਣਾ ਚਾਹੀਦਾ ਤੇ ਅੱਜ 28 ਮਈ ਹੈ। ਇਹ ਤਜਰਬਾ ਅੱਜ ਹੀ ਹੋਵੇਗਾ। ਤੁਸੀਂ ਚਿੰਤਾ ਨਾ ਕਰੋ, ਮੈਂ ਪੂਰੀ ਸਾਵਧਾਨੀ ਨਾਲ ਹੀ ਇਸ ਨੂੰ ਸੁਟਾਗਾਂ।''

''ਜਦੋਂ ਅਸੀਂ ਵੇਖਿਆ ਕਿ ਭਗਵਤੀ ਟੱਸ ਤੋਂ ਮਸ ਨਹੀਂ ਹੋ ਰਿਹਾ ਤਾਂ ਫਿਰ ਅਸੀਂ ਦੋਹਾਂ ਨੇ ਜ਼ਿਦ ਕੀਤੀ, ''ਜੇ ਇਹ ਨੂੰ ਅੱਜ ਹੀ ਅਜ਼ਮਾਉਣਾ ਹੈ ਤਾਂ ਇਹ ਕੰਮ ਸਾਡੇ 'ਚੋਂ ਹੀ ਕਿਸੇ ਇੱਕ ਨੂੰ ਸੌਂਪ ਦਿੱਤਾ ਜਾਏ, ਤਾਕਿ ਹਾਦਸੇ ਦੀ ਸੂਰਤ ਵਿੱਚ ਜੇ ਕਿਸੇ ਦੀ ਜਾਨ ਨੂੰ ਬਣੇ ਤਾਂ ਸਾਡੇ ਦੋਹਾਂ 'ਚੋਂ ਕਿਸੇ ਇੱਕ ਨੂੰ, ਪਰ ਤੁਸੀਂ ਤਾਂ ਪਾਰਟੀ ਦੀ ਸਿਰਮੌਰ ਹਸਤੀ ਹੋ, ਅਸੀਂ ਕਿਸੇ ਕੀਮਤ ਤੇ ਵੀ ਤੁਹਾਡੀ ਜਾਨ ਨੂੰ ਖਤਰੇ 'ਚ ਨਹੀਂ ਪਾ ਸਕਦੇ।''

''ਅੱਗੋਂ ਭਗਵਤੀ ਦਾ ਜਵਾਬ ਸੀ, ''ਬੇ-ਫ਼ਿਕਰ ਰਹੋ। ਮੇਰਾ ਕੁੱਝ ਨਹੀਂ ਵਿਗੜਨ ਲੱਗਾ; ਤੇ ਜੇ ਕੁੱਝ ਹਰਜ-ਮਰਜ ਹੋ ਵੀ ਗਿਆ ਤਾਂ ਕੋਈ ਖਾਸ ਫ਼ਰਕ ਨਹੀਂ ਪੈਣਾ, ਪਰ ਜੇ ਬਦ-ਕਿਸਮਤੀ ਨਾਲ ਤੁਹਾਡੇ 'ਚ ਕਿਸੇ ਨੂੰ ਕੁਝ ਹੋ ਗਿਆ ਤਾਂ ਮੈਂ ਕਿਸੇ ਨੂੰ ਵੀ ਮੂੰਹ ਦਿਖਾਉਣ ਜੋਗਾ ਨਹੀਂ ਰਹਾਂਗਾ। ਲੋਕੀਂ ਤਾਂ ਪਹਿਲਾਂ ਹੀ ਮੈਨੂੰ ਸੀ.ਆਈ.ਡੀ. ਵਾਲਾ ਕਹਿ ਕੇ ਬਦਨਾਮ ਕਰ ਰਹੇ ਨੇ।''

''ਕਹਿੰਦੇ ਨੇ ਹੋਣੀ ਬਲਵਾਨ ਹੁੰਦੀ ਹੈ ਅਤੇ ਸਾਡੇ ਅੱਡੀ-ਚੋਟੀ ਦਾ ਜ਼ੋਰ ਲਾਉਣ ਤੇ ਵੀ ਭਗਵਤੀ ਅੱਗੇ ਸਾਡੀ ਕੋਈ ਪੇਸ਼ ਨਾ ਜਾਂਦੀ ਵੇਖ ਅਸੀਂ 'ਭਾਣਾ ਮੰਨਦੇ' ਹੋਏ ਉਹਦੇ ਕਹਿਣ ਤੇ ਕੁੱਝ ਦੂਰੀ ਤੇ ਦਰਖਤਾਂ ਪਿਛੇ ਜਾ ਖੜ੍ਹੇ ਹੋਏ; ਉਸਨੇ ਬੰਬ ਸੁਟਣ ਲਈ ਇੱਕ ਵੱਡੇ ਪੱਥਰ ਤੇ ਚੜ੍ਹ ਕੇ, ਸੇਫ਼ਟੀ-ਪਿੰਨ (ਿਆਣਟੇ-ਪਨਿ) ਕੱਢ ਕੇ ਅਜੇ ਉਸਨੂੰ ਸੁਟਣਾ ਸੀ ਕਿ ਉਹਦੇ ਹੱਥ ਵਿੱਚ ਹੀ ਬੰਬ ਫਟ ਗਿਆ; ਜ਼ੋਰਦਾਰ ਧਮਾਕਾ ਹੋਇਆ ਤੇ ਆਲ਼ੇ-ਦੁਆਲ਼ੇ ਸੰਘਣਾ ਧੂਆਂ ਫੈਲ ਗਿਆ।

''ਅਸੀਂ ਵਾਹੋ-ਦਾਹੀ ਉਹਦੇ ਕੋਲ ਪਹੁੰਚ ਕੇ ਵੇਖਿਆ ਕਿ ਉਹਦਾ ਸਰੀਰ ਭਿਆਨਕ ਹਾਲਤ ਵਿੱਚ ਸੀ; ਉਹਦੀ ਇੱਕ ਬਾਂਹ ਕੁਹਣੀ ਤੱਕ ਉਡ ਗਈ ਸੀ ਤੇ ਦੂਜੀ ਬਾਂਹ ਤੋਂ ਹੱਥ ਦੀਆਂ ਉਂਗਲੀਆਂ ਗ਼ਾਇਬ ਸਨ, ਪੇਟ 'ਚ ਇੱਕ ਟੋਏ ਵਰਗੇ ਫੱਟ 'ਚੋਂ ਆਂਦਰਾਂ ਬਾਹਰ ਵੱਲ ਨੂੰ ਲਮਕ ਰਹੀਆਂ ਸਨ: ਜਿਸਮ 'ਚੋਂ ਬੇ-ਬਹਾ ਖ਼ੂਨ ਵਗਦੇ ਵੇਖ ਲੱਗ ਰਿਹਾ ਸੀ, ਜਿਵੇਂ ਭਗਵਤੀ ਮਾਤਰ-ਭੂਮੀ ਨੂੰ ਆਪਣੇ ਖ਼ੂਨ ਨਾਲ ਸਿੰਜ ਰਿਹਾ ਹੋਵੇ। ਇਸ ਹਾਲਤ ਵਿੱਚ ਵੀ ਉਹ ਸਾਡੇ ਵੱਲ ਵੇਖ ਕੇ ਮੁਸਕਰਾਇਆ।

''ਸੁਖਦੇਵ ਰਾਜ ਦਾ ਪੈਰ ਵੀ ਜ਼ਖਮੀ ਹੋ ਗਿਆ ਸੀ। ਅਸਾਂ ਦੋਹਾਂ ਨੇ ਸਲਾਹ ਕਰਕੇ ਸੁਖਦੇਵ ਰਾਜ ਨੂੰ ਡਾਕਟਰੀ ਸਹਾਇਤਾ ਦਾ ਪ੍ਰਬੰਧ ਕਰਨ ਲਈ ਭੇਜਿਆ, ਕਿਉਂਕਿ ਮੇਰੇ ਲਈ ਲਾਹੌਰ ਓਪਰਾ ਸੀ: ਮੈਂ ਭਗਵਤੀ ਦੀ ਦੇਖਭਾਲ ਲਈ ਉਥੇ ਰਿਹਾ।

ਭਗਵਤੀ ਨੂੰ ਜ਼ਮੀਨ 'ਤੇ ਸਿੱਧਾ ਲਿਟਾ ਕੇ ਮੈਂ ਉਹਦੇ ਜ਼ਖਮਾਂ ਤੇ ਪੱਟੀਆਂ ਬਨ੍ਹਣ ਲੱਗ ਪਿਆ। ਆਪਣੇ ਗਲ ਦੇ ਕਪੜਿਆਂ ਤੋਂ ਲੀਰਾਂ ਪਾੜਦੇ-ਪਾੜਦੇ ਕੇਵਲ ਮੇਰੀ ਲੱਕ ਵਾਲੀ ਨਿਕਰ ਹੀ ਬਚ ਗਈ ਸੀ।''

ਵੈਸ਼ਮਪਾਇਨ ਨੇ ਅੱਗੇ ਲਿਖਿਆ ਹੈ: ''ਮੈਨੂੰ ਇੰਜ ਲੱਗ ਰਿਹਾ ਸੀ ਕਿ ਜਿਵੇਂ ਮੈਂ ਆਪਣੀ ਅੱਖੀ ਆਪਣੇ ਆਪ ਨੂੰ ਮੌਤ ਦੇ ਮੂੰਹ 'ਚ ਜਾਂਦਾ ਵੇਖ ਰਿਹਾ ਹੋਵਾਂ। ਭਗਵਤੀ ਦੇ ਸਰੀਰ 'ਚੋਂ ਪਹੁੰਚ ਰਹੀਆਂ ਖਾਮੋਸ਼ ਤਰੰਗਾਂ ਮੇਰੇ ਤਨ ਮਨ ਨੂੰ ਵੱਢ-ਵੱਢ ਖਾ ਰਹੀਆਂ ਸਨ; ਮੈਂ ਹੌਲੀ ਜਿਹੀ ਪੁਛਿਆ, ''ਭਈਆ! ਤੁਸੀਂ ਇਹ ਕੁੱਝ ਕਿਉਂ ਕੀਤਾ?''

''ਦਿੜਤਾ ਦੇ ਪੁੰਜ ਭਗਵਤੀ ਦਾ ਜਵਾਬ ਸੀ, ''ਠੀਕ ਹੀ ਹੋਇਐ। ਜੇ ਤੁਹਾਡੇ 'ਚੋਂ ਕਿਸੇ ਨੂੰ ਕੁਝ ਹੋ ਜਾਂਦਾ ਤਾਂ ਮੈਂ ਆਜ਼ਾਦ ਭਈਆ ਨੂੰ ਕੀ ਮੂੰਹ ਵਖਾਂਦਾ?''

''ਧੰਨ ਹੈ ਇਹ ਆਦਰਸ਼ਵਾਦ! ਓਧਰ ਜ਼ਿੰਦਗੀ ਮੌਤ ਵਿਚਾਲੇ ਆਰ-ਪਾਰ ਦੀ ਲੜਾਈ ਚਲ ਰਹੀ ਸੀ, ਤੇ ਮੌਤ ਜ਼ਿੰਦਗੀ ਤੇ ਭਾਰੂ ਹੋ ਰਹੀ ਦਿਸ ਰਹੀ ਸੀ, ਭਗਵਤੀ ਨੂੰ ਅਪਣਾ ਹਸ਼ਰ ਦਿਸ ਰਿਹਾ ਜਾਪਦਾ ਸੀ.. ਆਖਰੀ ਸਾਹ ਲੈਣੋਂ ਪਹਿਲਾਂ ਉਹਨੇ ਥਿੜਕਵੀਂ, ਧੀਮੀ ਜਿਹੀ ਆਵਾਜ਼ 'ਚ ਕਿਹਾ, ''ਮੇਰੀ ਮੌਤ, ਸਾਥੀ ਛੁਡਾਊ ਮੁਹਿਮ ਦੇ ਰਾਹ ਵਿੱਚ ਕਦਾਚਿਤ ਨਹੀਂ ਆਉਣੀ ਚਾਹੀਦੀ।'' ਕੁੱਝ ਟੁਟੇ-ਫੁਟੇ ਸ਼ਬਦਾਂ 'ਚ ਉਹਨੇ ਮੈਨੂੰ ਵੱਡੇ ਭਰਾ ਦੇ

ਨਾਤੇ ਸੰਕੇਤ ਦਿੱਤਾ, ''ਆਪਣੀ 'ਭਾਬੀ' ਦਾ ਖਿਆਲ ਰਖਿਓ...'' ਤੇ ਮੈਨੂੰ ਲੱਗਿਆ ਜਿਵੇਂ ਉਹ ਮੇਰੀਆਂ ਅੱਖਾਂ ਚੋਂ ਵਹਿੰਦੇ ਅਥਰੂ ਪੂੰਝਣਾ ਚਾਹ ਰਿਹਾ ਹੋਵੇ, ਪਰ ਉਹ ਉਂਗਲੀਆਂ ਜਿਨ੍ਹਾਂ 'ਚ ਅਥਾਹ ਪ੍ਰੇਮ ਦੀ ਛੋਹ ਸੀ, ਜਵਾਬ ਦੇ ਚੁਕੀਆਂ ਹੋਈਆਂ ਸਨ। ਉਹ ਮੇਰੇ ਵੱਲ ਲਗਾਤਾਰ ਯਾਚਨਾ ਭਰੀਆਂ ਨਜ਼ਰਾਂ ਨਾਲ ਵੇਖ ਰਿਹਾ ਸੀ... ਫਿਰ ਪਾਣੀ ਲਈ ਸੰਕੇਤ... ਮੈਂ ਹੋਰ ਵਾਹ ਨਾ ਜਾਂਦੀ ਵੇਖ ਸੰਤਰਾ ਨਿਚੋੜ ਕੇ ਰਸ ਦੇ ਤੁਬਕੇ ਉਹਦੇ ਮੂੰਹ 'ਚ ਕੇਰਣੇ ਚਾਹੇ, ਤੇ ਗਿਲੇ ਰੁਮਾਲ ਨਾਲ ਉਹਦਾ ਚਿਹਰਾ ਪੂੰਝਿਆ..., ਪਰ ਇਹ ਸਭ ਕੁੱਝ ਆਪਣੇ ਆਪ ਨੂੰ ਵਰਚਾਉਣ ਤੁਲ ਹੀ ਸੀ...। ਉਧਰ ਮੈਂ ਕਿਸੇ ਆਉਣ ਵਾਲੇ ਦੇ ਕਦਮਾਂ ਦੀ ਚਾਪ ਸੁਣਨ ਲਈ ਤਰਲੋ-ਮੱਛੀ ਹੋ ਰਿਹਾ ਸਾਂ। ਪਰ ਪਹਿਰ-ਪਹਿਰ ਜੇਡੇ ਲੰਮੇ ਪਲ ਗੁਜ਼ਰਦੇ ਈ ਗਏ: ਅਖੀਰ ਮੈਂ ਯਸ਼ਪਾਲ ਨੂੰ ਮੇਰਾ ਨਾਂ ਲੈ ਕੇ ਅਵਾਜਾਂ ਮਾਰਦੇ ਨੂੰ ਸੁਣ ਲਿਆ ਤੇ ਜਦੋਂ ਵੇਖਿਆ ਤਾਂ ਉਹਦੇ ਨਾਲ ਛੈਲ ਬਿਹਾਰੀ ਹੀ ਦਿਸਿਆ...
ਮੈਂ ਪੁਛਿਆ ''ਡਾਕਟਰੀ ਸਹਾਇਤਾ?''
''ਮੈਂ ਭਗਵਤੀ ਭਾਈ ਨੂੰ ਲੈ ਜਾਣ ਲਈ ਟੈਕਸੀ ਲੈ ਕੇ ਆਇਆ ਹਾਂ'', ਜੋ ਕਿ ਭਗਵਤੀ ਦੀ ਨਾਜ਼ੁਕ ਹਾਲਤ ਵਿੱਚ ਬੇ-ਮਕਸਦ ਸੀ। ਛੈਲ ਬਿਹਾਰੀ ਨੂੰ ਉਥੇ ਛੱਡ ਅਸੀਂ ਦੋਵੇ ਉਥੋਂ ਇੰਦਰਪਾਲ ਦੇ ਘਰ ਗਏ, ਜਿੱਥੋ ਕੁਝ ਹੋਰ ਸਾਥੀ ਨਾਲ ਲੈ ਕੇ ਮੈਡੀਕਲ ਕਾਲਜ ਪਹੁੰਚੇ ਜਿਥੋਂ ਇੱਕ ਵਿਦਿਆਰਥੀ ਸਾਥੀ ਨੂੰ ਨਾਲ ਲੈ ਕੇ ਬਾਜ਼ਾਰੋ ਦਵਾਈਆਂ ਆਦਿ ਖਰੀਦ ਕੇ ਘਟਨਾ ਵਾਲੀ ਥਾਂ ਵੱਲ ਬਹੁੜੇ....। ਸਾਡੀ ਵਾਪਸੀ ਵੇਲੇ ਤੱਕ ਹਨੇਰਾ ਪਸਰ ਚੁੱਕਾ ਸੀ, ਅਸੀਂ ਘੁਪ ਹਨੇਰੇ 'ਚ ''ਛੈਲ ਬਿਹਾਰੀ!'' ''ਛੈਲ ਬਿਹਾਰੀ'' ਪੁਕਾਰਦੇ ਰਹੇ ਪਰ ਕੋਈ ਹੁੰਗਾਰਾ ਨਾ ਮਿਲਣ ਤੇ ਟਾਰਚ ਦੀ ਰੋਸ਼ਨੀ ਨਾਲ ਇਧਰ-ਉਧਰ ਝਾਤੀਆਂ ਮਾਰਦਿਆਂ ਇੱਕ ਸ਼ਫੈਦ ਜਿਹੇ ਕਪੜੇ ਦੀ ਝਲਕ ਪਈ ਤੇ ਜਿਸਨੂੰ ਕੋਲ ਜਾਕੇ ਵੇਖਣ ਤੇ ਪਤਾ ਲਗਾ ਕਿ ਭਗਵਤੀ ਦੀ ਹੀ ਦੇਹ ਹੈ... ਸਾਡੇ ਅੰਦਾਜ਼ੇ ਮੁਤਾਬਿਕ ਭਗਵਤੀ 'ਭਾਈ' ਦੀ ਰੂਹ ਦਿਨ ਛਿਪਣ ਦੇ ਨਾਲ ਹੀ ਸਾਰੇ ਜੰਜਾਲਾਂ ਤੋਂ ਮੁਕਤ ਹੋ ਕੇ ਬਰਹਿਮੰਡ-ਲੀਨ ਹੋ ਚੁਕੀ ਸੀ.. ਦੂਰ-ਦਰਾਡੇ... ਪਰਾਂ-ਪਰੇਰੇ, ਸਾਡੇ ਸਾਰਿਆਂ ਦੀ ਪਹੁੰਚ ਤੋਂ ਬਾਹਰ! ਹੁਣ ਤਾਂ ਸਾਡੀਆਂ ਦੁਆਵਾਂ ਹੀ ਸਤ ਅਸਮਾਨ ਪਾਰ ਕਰਕੇ ਉਹਦੇ ਤੀਕ ਪਹੁੰਚ ਸਕਦੀਆਂ ਹੋਣਗੀਆਂ!
''ਅੰਤ ਦਿਲਾਂ ਤੇ ਪੱਥਰ ਰੱਖ, ਜਿਹੜੀ ਚਿੱਟੀ ਚਾਦਰ ਅਸੀਂ ਉਸ ਬੇ-ਮਿਸਾਲੀ ਰਾਹ-ਦਸੇਰੇ ਦੇ ਸਰੀਰ ਨੂੰ ਲਪੇਟ ਕੇ ਨਾਲ ਲੈ ਜਾਣ ਲਈ ਲਿਆਏ ਸਾਂ, ਉਹਨੂੰ ਸਦਾ ਲਈ ਵਿਦਾ ਕਰਨੋ ਪਹਿਲਾਂ ਉਹਦੇ 'ਚ ਮ੍ਰਿਤਕ ਦੇਹ ਨੂੰ ਲਪੇਟਿਆ ਤੇ ਇੱਕ ਮਿੰਟ ਦੀ ਮੌਨ ਸ਼ਰਧਾਜਲੀ ਪਿਛੋਂ ਪੈਰ ਘੜੀਸਦੇ ਬੰਗਲੇ 'ਚ ਆ ਪਹੁੰਚੇ: ਉਥੇ ਪਹਿਲਾਂ ਹੀ ਛੈਲ ਬਿਹਾਰੀ ਨੇ ਵਾਪਸ ਜਾਕੇ ਸਭ ਕੁੱਝ ਦੱਸ ਹੀ ਦਿੱਤਾ ਹੋਇਆ ਸੀ। ਘਰ ਦੇ ਹਾਲ ਕਮਰੇ ਵਿੱਚ ਬੈਠੇ ਸਾਰੇ ਸਾਥੀ ਸਾਡੇ ਪਰਤਨ ਦੀ ਉਡੀਕ ਕਰ ਰਹੇ ਸਨ। ਉਹਨਾਂ ਦੀਆਂ ਖਾਮੋਸ਼ ਸਵਾਲੀਆ ਨਜ਼ਰਾਂ ਦਾ ਜਵਾਬ ਤਾਂ ਸਾਡੇ ਬੇ-ਜੁਬਾਨ ਲਟਕੇ ਹੋਏ ਚਿਹਰੇ ਦੇ ਹੀ ਰਹੇ ਸਨ...
''ਸਾਡੇ ਉਥੇ ਪਹੁੰਚਦਿਆਂ ਇੱਕ ਵਾਰੀ ਫਿਰ ਹੰਝੂਆਂ, ਸਿਸਕੀਆਂ...। 'ਭਾਬੀ' ਬੁਤ ਵਾਂਗ ਇੱਕ ਪਾਸੇ ਅੱਖਾਂ ਮੀਟ ਕੇ ਗੁੰਮ ਸੁੰਨ ਬੈਠੀ ਹੋਈ ਸੀ... ਉਹਦੇ ਕੋਲ ਹੀ ਆਜ਼ਾਦ ਵੀ ਹੰਝੂ ਕੇਰਦਾ ਦਿਸ ਰਿਹਾ ਸੀ, ਜੋ ਸ਼ਾਇਦ ਕਦੇ ਹੀ ਕਿਸੇ ਨੇ ਉਹਦੀਆਂ ਅੱਖਾਂ 'ਚ ਵੇਖੇ ਹੋਣਗੇ। ਧੰਨਵੰਤਰੀ, ਮਦਨ ਮੋਹਨ, ਛੈਲ ਬਿਹਾਰੀ ਵੀ ਇਸੇ ਤਰ੍ਹਾਂ ਗੁੰਮ-ਸੁੰਨ ਬੈਠੇ ਸਨ; ਸੁਖਦੇਵ ਰਾਜ ਜ਼ਖਮੀ ਹਾਲਤ 'ਚ ਇੱਕ ਪਾਸੇ ਲੇਟਿਆ ਹੋਇਆ ਸੀ।
''ਐਨੇ ਨੂੰ 'ਭਾਬੀ' ਇਕੋ-ਦੱਮ ਉਠੀ; ਉਸ ਨੂੰ ਹੌਸਲਾ ਦੇਣ ਦਾ ਉਪਰਾਲਾ ਕਰਦਿਆਂ ਮੈਂ (ਵੈਸ਼ਮਪਾਇਨ) ਅਤੇ ਆਜ਼ਾਦ ਨੇ ਉਹਨੂੰ ਬਿਸਤਰੇ ਤੇ ਲਿਟਾ ਦਿੱਤਾ। ਆਜ਼ਾਦ ਨੇ ਦਿਲਾਸਾ ਦੇਂਦੇ ਹੋਏ ਕਿਹਾ, ''ਤੁਸੀਂ ਆਪਣਾ ਸਭ ਕੁੱਝ ਪਾਰਟੀ ਤੇ ਨਿਛਾਵਰ ਕਰ ਦਿੱਤਾ ਹੈ... ਅਸੀਂ ਕਦੇ ਵੀ ਤੁਹਾਡੇ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਅਵੇਸਲੇ ਨਹੀਂ ਹੋ ਸਕਦੇ।''
ਧਨਵੰਤਰੀ ਤੇ ਸੁਸ਼ੀਲਾ ਦੀਦੀ ਸਾਰੀ ਰਾਤ 'ਭਾਬੀ' ਦੇ ਨਾਲ-ਨਾਲ ਹੀ ਰਹੇ। ਕੁਝ ਵੀ ਹੋਵੇ, ਅਸਾਂ ਵਿਛੜੇ ਸਾਥੀ ਨੂੰ ਅੰਤਮ ਵਿਦਾਈ ਤਾਂ ਦੇਣੀ ਹੀ ਸੀ। 'ਭਾਬੀ' ਅਤੇ 'ਦੀਦੀ' ਸੁਭਾਵਿਕ ਹੀ ਭਗਵਤੀ ਦੇ ਅੰਤਮ ਦਰਸ਼ਨ ਅਤੇ ਸੰਸਕਾਰ ਲਈ ਸਾਡੇ ਨਾਲ ਉਥੇ ਜਾਣ ਤੇ ਤੁਲੀਆਂ ਹੋਈਆਂ ਸਨ, ਪਰ ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਆਜ਼ਾਦ ਨੇ ਉਹਨਾਂ ਨੂੰ ਸਮਝਾ-ਬੁਝਾ ਕੇ ਅਜਿਹਾ ਕਰਨੋਂ ਇਹ ਕਹਿ ਕੇ ਵਰਜ ਦਿੱਤਾ ਕਿ ਸਵੇਰ ਵੇਲੇ ਹੀ ਉਸ ਘੜੀ ਇਸਤਰੀਆਂ ਦਾ ਉਸ ਜੰਗਲ ਵਿੱਚ ਜਾਣਾ ਖਤਰੇ ਤੋਂ ਖਾਲੀ ਨਹੀਂ ਹੋਵੇਗਾ।
ਧਨਵੰਤਰੀ ਨੇ ਗੈਂਤੀ-ਬੇਲਚੇ ਦਾ ਪ੍ਰਬੰਧ ਕੀਤਾ, ਉਹਦੇ ਨਾਲ ਆਜ਼ਾਦ ਅਤੇ ਮਦਨ ਗੋਪਾਲ ਤਿੰਨੋਂ ਸਵੇਰੇ ਘੁਪ-ਹਨੇਰੇ ਘਰੋਂ ਨਿਕਲ ਤੁਰੇ ਤੇ ਸੂਰਜ ਚੜ੍ਹਦੇ ਨੂੰ ਆਪਣੇ ਵਿਛੁੜੇ ਸਾਥੀ ਦੀ ਮ੍ਰਿਤਕ ਦੇਹ ਨੂੰ ਧਰਤੀ ਮਾਤਾ ਦੀ ਗੋਦ 'ਚ ਸੌਂਪ ਕੇ ਪਰਤ ਆਏ, ਕਿਉਂਕਿ ਸੰਸਕਾਰ ਕਰਨ ਦਾ ਤਾਂ ਮੌਕਾ ਹੀ ਨਹੀਂ ਸੀ ਅਤੇ ਨਦੀ ਵਿੱਚ ਪਾਣੀ ਨਾਮ-ਮਾਤਰ ਹੋਣ ਕਰਕੇ ਉਹਦੇ ਵਿੱਚ ਪ੍ਰਵਾਹ ਨਹੀਂ ਕਰ ਸਕਦੇ ਸੀ, ਸੋ ਇਸਦੇ ਸਿਵਾਏ ਹੋਰ ਕੋਈ ਚਾਰਾ ਨਹੀਂ ਸੀ...। ਪਰ, ਜਿਵੇਂ ਅੱਗੇ ਚੱਲ ਕੇ ਵੇਖਾਂਗੇ, ਇੱਥੇ ਵੀ ਉਹਨੂੰ, ਚੈਨ ਦੀ ਨੀਂਦਰ ਸੌਣ ਨਹੀਂ ਸੀ ਦਿੱਤਾ ਗਿਆ।

ਅਗਲੇ ਹਾਲਾਤ:

1 *ਜੂਨ 1930 ਦਾ ਘਟਨਾਕ੍ਰਮ*

ਜੇਲ੍ਹੀ ਸਾਥੀਆਂ ਨੂੰ ਛੁਡਾਉਣ ਵਾਲੀ ਕਾਰਵਾਈ ਤਾਂ ਟਾਲੀ ਜਾ ਹੀ ਨਹੀਂ ਸੀ ਸਕਦੀ, ਕਿਉਂਕਿ ਹੋਰ ਤਾਂ ਹੋਰ ਭਗਵਤੀ 'ਭਾਈ' ਦੀ ਵੀ ਇਹੋ 'ਵਸੀਅਤ' ਸੀ। ਆਜ਼ਾਦ ਵੱਲੋਂ ਦੋ ਸਾਥੀਆਂ (ਭਗਵਤੀ ਅਤੇ ਸੁਖਦੇਵ ਰਾਜ) ਦੀ ਥਾਂ ਤੇ ਦੋ ਹੋਰਨਾਂ ਦੀ ਚੋਣ ਕਰਨ ਬਾਰੇ ਵਿਚਾਰ-ਚਰਚਾ ਕਰਦਿਆਂ ਦੀ ਭਿਣਕ ਕਿਤੇ 'ਭਾਬੀ' ਦੇ ਕੰਨੀ ਪੈ ਗਈ ਤੇ ਉਹ ਉਸੇ ਵੇਲੇ ਆਜ਼ਾਦ ਕੋਲ ਆਕੇ ਕਹਿਣ ਲੱਗੀ, ''ਮੇਰੇ ਪਤੀ ਦੀ ਖਾਲੀ ਅਸਾਮੀ ਤੇ ਮੇਰਾ ਪਹਿਲਾ ਹੱਕ ਹੈ।''
''ਕੋਈ ਨਹੀਂ ਫਿਰ ਸੋਚ ਲਾਂਗੇ।''
''ਹੁਣ ਈ ਕਿਉਂ ਨਹੀਂ।''

ਆਜ਼ਾਦ ਨੇ ਡੁਲ੍ਹਦੇ ਹੰਝੂ ਪੂੰਝਦਿਆ ਕਿਹਾ, ''ਕੋਈ ਅਜੇਹਾ ਕਦਮ ਚੁਕਣੋ ਪਹਿਲਾਂ ਹਰ ਪਹਿਲੂ ਤੋਂ ਵਿਚਾਰਨਾ ਪਵੇਗਾ, ਇਹ ਨਨ੍ਹਾਂ ਮੁੰਨਾ ਵੀ ਤੁਹਾਡੇ ਆਸਰੇ ਈ ਹੈ।''

''ਇਹ ਬਾਲ ਹੁਣ ਤੁਹਾਡਾ ਹੈ, ਤੁਸੀਂ ਹੀ ਇਹਦੇ ਸਭ ਕੁਝ ਓ'', ਭਾਬੀ ਨੇ ਕਿਹਾ।

''ਭਾਬੀ ਮੇਰੀ ਬੇਨਤੀ ਮੰਨ ਲਓ'' ਆਜ਼ਾਦ ਨੇ ਤਰਲਾ ਮਾਰਿਆ।

ਐਨੇ ਨੂੰ ਇਹ ਕੁੱਝ ਕਿਤੇ ਸੁਸ਼ੀਲਾ ਦੀਦੀ ਦੇ ਕੰਨੀ ਜਾ ਪਿਆ ਤੇ ਉਹ ਭੱਜੀ-ਭੱਜੀ ਆਈ ਕਿ ਮੈਂ ਵੀ ਜਰੂਰ ਜਾਣਾ ਹੈ: ਆਜ਼ਾਦ ਨੇ ਮੁਸ਼ਕਿਲ ਨਾਲ ਉਹਨੂੰ ਵੀ ਨਾਲ ਜਾਣੋ ਵਰਜ ਦਿੱਤਾ।

ਦੁਰਗਾ 'ਭਾਬੀ' ਦੱਸਦੇ ਨੇ ''ਮੈਂ ਆਜ਼ਾਦ ਨੂੰ ਦਲੀਲ ਤੇ ਦਲੀਲ ਦੇ ਕੇ ਕਹਿੰਦੀ ਰਹੀ ਕਿ ਮੈਨੂੰ ਘੱਟੋ-ਘੱਟ ਹੁਣ ਤਾਂ ਪਾਰਟੀ ਦੇ ਬਾਕੀ ਸਾਥੀਆਂ ਵਾਂਗ ਸਮਝਿਆ ਜਾਏ।

ਆਜ਼ਾਦ ਦਾ ਜਵਾਬ ਸੀ, ''ਤੁਸੀਂ ਭਗਵਤੀ 'ਭਾਈ' ਦੇ ਸੈਕਟਰੀ ਤਾਂ ਸੀਗੇ ਹੀ ਅਤੇ ਪਾਰਟੀ ਦੇ ਦੋ ਵਿਭਾਗ ਸਨ _ ਸਾਧਾਰਨ ਤੇ ਫੌਜੀ, ਜਿਨ੍ਹਾਂ 'ਚੋਂ ਪਹਿਲਾ 'ਭਾਈ' ਕੋਲ ਸੀ ਅਤੇ ਦੂਜਾ ਤੁਹਾਡੇ ਕੋਲ।''

''ਇਹੋ ਜਿਹੀ ਜ਼ਿੰਮੇਵਾਰੀ ਨਹੀਂ ਬਲਕਿ ਸਾਨੂੰ ਵੀ ਬਾਕੀ ਸਾਥੀਆਂ ਵਾਂਗ ਹੀ ਕੰਮ ਕਿਉਂ ਨਹੀਂ ਸੌਂਪੇ ਜਾ ਸਕਦੇ?''

''ਆਜ਼ਾਦ ਨੇ ਇਹ ਕਹਿਕੇ ਗੱਲ ਟਾਲ ਦਿੱਤੀ, ''ਚਲੋ, ਅੱਗੇ ਚਲ ਕੇ ਵੇਖ ਲਾਂਗੇ।''

ਵੈਸ਼ਮਪਾਇਨ ਨੇ ਲਿਖਿਐ, ''ਸੋ ਪਹਿਲੀ ਜੂਨ ਮੈਂ ਭਗਤ ਸਿੰਘ ਅਤੇ ਦੱਤ ਨੂੰ ਬੋਰਸਟਲ ਜੇਲ੍ਹ ਵੱਲ ਨੂੰ ਲੈ ਜਾਂਦੇ ਵੇਖ ਦੋ ਵਜੇ ਪਰਤ ਆਇਆ। ਉਹਨਾਂ ਦੀ ਓਥੋਂ ਨਿਸ਼ਚਿਤ ਸਮੇਂ ਵਾਪਸ ਲੈ ਜਾਣ ਵੇਲੇ ਉਥੇ ਪਹੁੰਚਣ ਲਈ ਮੈਂ, ਧਨਵੰਤਰੀ, ਮਦਨ ਗੋਪਾਲ, ਆਜ਼ਾਦ ਤੇ ਕਾਰ ਡਰਾਈਵਰ ਟਹਿਲ ਸਿੰਘ ਘਰੋਂ ਚਲ ਪਏ; ਪਰ ਚੱਲਣ ਵੇਲੇ ਸਾਨੂੰ ਭਗਵਤੀ 'ਭਾਈ' ਦੀ ਅਣਹੋਂਦ ਰੜ੍ਹਕ ਰਹੀ ਸੀ ਤੇ ਅਸੀਂ ਆਪੋ ਆਪਣੀ ਥਾਈਂ ਕਿਆਫ਼ੇ ਲਾ ਰਹੇ ਸਾਂ ਕਿ ਵੇਖੀਏ, ਅੱਜ ਸ਼ਹਾਦਤ ਦਾ ਸਿਹਰਾ ਕਿਸ-ਕਿਸ ਦੇ ਸਿਰ 'ਤੇ ਬਝਦੈ? ਸਾਡੇ ਕਾਰ 'ਚ ਸਵਾਰ ਹੋਣੋਂ ਪਹਿਲਾਂ ਸੁਸ਼ੀਲਾ 'ਦੀਦੀ' ਨੇ ਸਾਡੇ ਸਾਰਿਆਂ ਦੇ ਮੱਥੇ ਤੇ ਆਪਣੇ ਲਹੂ ਦਾ ਟਿਕਾ ਲਾਕੇ ਵਿਦਾ ਕੀਤਾ।

''ਅਸੀਂ ਟਿਕਾਣੇ ਤੇ ਪਹੁੰਚੇ; ਭਗਤ ਸਿੰਘ ਅਤੇ ਦੱਤ ਨੂੰ ਸਾਹਮਣਿਉ ਗੱਡੀ 'ਚ ਬੈਠੇ ਲੰਘਦਿਆ ਦੇਖਿਆ। ਮੈਂ ਬੰਸਰੀ ਵਜਾ ਕੇ ਨਿਸਚਿਤ ਸੰਕੇਤ ਦਿੱਤਾ ਜੀਹਦੇ ਜਵਾਬ 'ਚ ਭਗਤ ਸਿੰਘ ਨੇ ਸਿਰ ਖੁਰਕਣਾ ਸੀ, ਜੋ ਉਸ ਨਾ ਕੀਤਾ; ਅਸੀਂ ਬੇਵਸੀ ਦੀ ਹਾਲਤ ਵਿੱਚ ਉਥੋਂ ਨਿਰਾਸ਼ ਹੋਕੇ ਵਾਪਸ ਆ ਗਏ।

''ਜਿਵੇਂ ਕਿ ਪਿਛੋਂ ਜਾਕੇ ਪਤਾ ਲੱਗਾ ਕਿ ਭਗਤ ਸਿੰਘ ਦੇ ਆਪਣੀ ਰਿਹਾਈ ਲਈ ਹਾਮੀ ਨਾ ਭਰਣ ਦੀ ਵਜ੍ਹਾ ਸੀ ਭਗਵਤੀ 'ਭਾਈ' ਦੀ ਸ਼ਹੀਦੀ, ਜਿਸ ਪਿਛੋਂ ਭਗਤ ਸਿੰਘ ਦਾ ਦਿਲ ਐਨਾ ਉਚਾਟ ਹੋ ਗਿਆ ਕਿ ਉਹਨੇ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦ ਹੋਣ ਦਾ ਮਨ ਬਣਾ ਲਿਆ ਹੋਇਆ ਸੀ।

''ਵਾਪਸੀ ਤੇ ਆਜ਼ਾਦ ਨੇ ਸਾਥੀਆਂ ਨਾਲ ਜੇਲ੍ਹੀ ਸਾਥੀਆਂ ਨੂੰ ਛੁਡਾਉਣ ਬਾਰੇ ਕਿਹਾ ਕਿ ਸਾਨੂੰ ਘੱਟੋ-ਘੱਟ ਇੱਕ ਵਾਰੀ ਹੋਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਹਨੇ ਕਿਹਾ ਕਿ ਭਗਤ ਸਿੰਘ ਅਤੇ ਦੱਤ ਨੂੰ ਹਰ ਕੀਮਤ 'ਤੇ ਛੁਡਾਉਣਾ ਏ ਕਿਉਂਕਿ ਮੈਂ ਭਗਵਤੀ ਅਤੇ ਭਗਤ ਸਿੰਘ ਦੋਹਾਂ ਬਿਨਾ, ਖੰਭ ਰਹਿਤ ਪੰਛੀ ਵਾਂਗ ਹਾਂ।

''ਗੱਲਬਾਤ ਕਰਦਿਆਂ ਅੱਧੀ ਰਾਤ ਤੋਂ ਵੀ ਜ਼ਿਆਦਾ ਬੀਤ ਚੁੱਕੀ ਸੀ, ਜਦਕਿ ਠੀਕ 4 ਵਜੇ ਅਲਮਾਰੀ 'ਚ ਰੱਖਿਆ ਇੱਕ ਬੰਬ ਫੱਟ ਗਿਆ ਤੇ ਅਜੇ ਸਾਰੇ ਸੰਭਲ ਹੀ ਰਹੇ ਸਨ ਤੇ ਦੂਜਾ ਬੰਬ ਵੀ ਫੱਟ ਗਿਆ।

''ਸਦਾ ਵਾਂਗ ਆਜ਼ਾਦ ਨੇ ਫੌਰਨ ਮੌਕਾ ਸੰਭਾਲਿਆ। ਸਾਨੂੰ ਸਾਰਿਆਂ ਨੂੰ ਹਥਿਆਰ ਲੈ ਕੇ ਚੌਕਸ ਰਹਿਣ ਲਈ ਕਿਹਾ। ਸਾਨੂੰ ਤੌਖਲਾ ਸੀ ਕਿ ਗਵਾਂਢੀ ਇਨਜੀਨੀਅਰ ਸ੍ਰੀਪਾਲ ਇੱਕ ਦਮ ਪੁਲਿਸ ਨੂੰ ਫੋਨ ਖੜਕਾਏਗਾ ਤੇ ਪੁਲਿਸ ਘੜੀ-ਪਲ 'ਚ ਆ ਧਮਕੇਗੀ। ਸੋ ਆਜ਼ਾਦ ਫ਼ਟਾ-ਫ਼ਟ ਦੌੜ ਕੇ ਉਹਦੇ ਕੋਲ ਗਿਆ ਤੇ ਸਾਰੀ ਗੱਲ ਖੋਲ੍ਹ ਕੇ ਦੱਸ ਦਿੱਤੀ ਤੇ ਕਿਹਾ, ''ਬੰਬ ਇਤਫਾਕ ਨਾਲ ਚੱਲ ਗਏ ਨੇ, ਤੇ ਜੇ ਤੁਸੀਂ ਪੁਲਿਸ ਨੂੰ ਠੀਕ ਅੱਧਾ ਘੰਟਾ ਠਹਿਰ ਕੇ ਫੋਨ ਕਰੋ ਤਾਂ ਐਨੇ 'ਚ ਅਸੀਂ ਇੱਥੋਂ ਸਾਰੇ ਪੂਰੇ ਸਾਮਾਨ ਸਮੇਤ ਨਿਕਲ ਜਾਵਾਂਗੇ, ਤੇ ਇਸ ਤਰ੍ਹਾਂ ਤੁਹਾਡੀ ਜ਼ਿੰਮੇਵਾਰੀ ਵੀ ਨਿਭ ਜਾਏਗੀ ਅਤੇ ਸਾਡੇ ਸਾਰਿਆਂ ਦਾ ਬਚਾਅ ਵੀ ਹੋ ਜਾਏਗਾ।''

''ਉਹ 'ਭਲਾ ਲੋਕ' ਅਜਿਹਾ ਕਰਨ ਲਈ ਰਾਜ਼ੀ ਹੋ ਗਿਆ। 'ਦੀਦੀ' ਅਤੇ 'ਭਾਬੀ' ਨੂੰ ਵੈਸ਼ਮਪਾਇਨ ਨਾਲ ਇੱਕ ਸੁਰੱਖਿਅਤ ਟਿਕਾਣੇ ਤੇ ਭੇਜ ਦਿੱਤਾ ਗਿਆ। ਬਾਕੀ ਸਾਰੇ ਵੀ ਖਿੰਡ-ਪੁੰਡ ਗਏ। ਆਜ਼ਾਦ ਨੇ ਯਸ਼ਪਾਲ ਨੂੰ ਇਹ ਸੁਨਿਸਚਿਤ ਕਰਨ ਲਈ ਕਿਹਾ ਕਿ ਕੋਈ ਇਹੋ ਜਿਹੀ ਚੀਜ਼ ਜਾ ਕਾਗਜ਼-ਪੱਤਰ ਇੱਥੇ ਰਹਿ ਨਾ ਜਾਏ, ਜੀਹਦੇ ਤੋਂ ਪੁਲਿਸ ਨੂੰ ਸਾਡਾ ਸੁਰਾਗ਼ ਮਿਲ ਸਕੇ; ਫੁਟਕਲ ਸਾਮਾਨ ਇੰਦਰਪਾਲ ਦੇ ਘਰ ਭੇਜ ਦਿੱਤਾ ਗਿਆ।

ਅੱਧਾ ਘੰਟਾ ਪਿਛੋਂ ਇੰਜੀਨੀਅਰ ਗਵਾਂਢੀ ਨੇ ਫੋਨ ਕਰਨ ਤੇ ਪੁਲਿਸ ਹਰਲ-ਹਰਲ ਕਰਦੀ ਆ ਵੱਜੀ; ਵੈਸੇ ਉਸ ਤੋਂ ਪਹਿਲਾਂ ਹੀ ਉਤਸਕ ਗਵਾਂਢੀ ਅਤੇ ਤਮਾਸ਼ਬੀਨ ਘਰ ਦੁਆਲੇ ਪਹੁੰਚੇ ਹੋਏ ਸਨ ਤੇ ਇੱਕ ਪੁਲਿਸ ਵਾਲਾ ਵੀ ਮੌਜੂਦ ਸੀ ਜੋ ਅੰਦਰ ਜਾਨ ਦਾ ਹੌਸਲਾ ਨਹੀਂ ਸੀ ਕਰ ਪਾ ਰਿਆ।

ਅਖੀਰ ਜਦੋਂ ਪੁਲਿਸ ਘਰ ਅੰਦਰ ਵੜੀ ਤਾਂ ਉਸ ਵੇਲੇ ਘਰ ਸੁੰਨਸਾਨ ਹੋ ਚੁਕਾ ਸੀ। ਤਲਾਸ਼ੀ ਦੌਰਾਨ ਪੁਲਿਸ ਦੇ ਚੰਗੇ ਭਾਗਾਂ ਨੂੰ ਤੇ ਯਸ਼ਪਾਲ ਦੀ ਅਣਗਹਿਲੀ ਸਦਕਾ, ਦੋ ਕਿਤਾਬਾਂ ਅਤੇ ਯਸ਼ਪਾਲ ਦੇ ਪ੍ਰਕਾਸ਼ਵੱਤੀ ਨੂੰ ਲਿਖੇ ਹੋਏ 'ਪ੍ਰੇਮ-ਪੱਤਰ' ਦੇ ਕੁੱਝ ਟੁਕੜੇ, ਜੋ ਉਹਨੂੰ ਦਿੱਲੀ ਡਾਕ ਰਾਹੀਂ ਭੇਜਿਆ ਜਾਣਾ ਸੀ, ਪਰ ਭੇਜਿਆ ਨਹੀਂ ਸੀ ਗਿਆ, ਪੁਲਿਸ ਦੇ ਹੱਥ ਆ ਗਏ। ਉਹਨਾਂ ਕਿਤਾਬਾਂ 'ਚੋ ਇੱਕ ਦਵਾਰਕਾਦਾਸ ਲਾਇਬ੍ਰੇਰੀ ਤੋਂ ਸੁਖਦੇਵ ਰਾਜ ਦੇ ਨਾਂ ਤੇ ਕਢਾਈ ਗਈ ਹੋਈ ਸੀ। ਯਸ਼ਪਾਲ ਦੀ ਚਿੱਠੀ ਦੇ ਟੁਕੜਿਆਂ ਦਾ ਜੋੜ-ਮੇਲ ਕਰਕੇ ਦਿੱਲੀ ਵਾਲੇ ਅੱਡੇ ਦਾ ਪਤਾ ਵੀ ਪੁਲਿਸ ਨੂੰ ਮਿਲ ਗਿਆ, ਜਿਨ੍ਹਾਂ ਕੋਲ ਪ੍ਰਕਾਸ਼ਵੱਤੀ ਠਹਿਰੀ ਹੋਈ ਸੀ।

ਪੁਲਿਸ ਨੇ ਬਿਨਾ ਦੇਰੀ ਹਵਾਈ ਜਹਾਜ਼ ਕਰਕੇ, ਉਹਦੇ ਵਿੱਚ ਇਨਜੀਨੀਅਰ ਨੂੰ ਸ਼ਕੀ ਵਿਅਕਤੀਆਂ ਦੀ ਸ਼ਨਾਖਤ ਲਈ ਨਾਲ ਬਿਠਾ ਲਿਆ ਤੇ ਜਾ ਛਾਪਾ ਮਾਰਿਆ। ਪਰ ਚੰਗੇ ਭਾਗੀਂ ਪ੍ਰਕਾਸ਼ਵੱਤੀ ਉਦੋਂ ਤੱਕ ਉਥੋਂ ਖਿਸਕ ਚੁਕੀ ਸੀ।
ਪਿਛੋਂ ਜਾਕੇ ਇੰਦਰਪਾਲ ਜਦੋਂ ਵਾਦਾ-ਮਾਫ਼ ਗਵਾਹ ਬਣ ਗਿਆ ਤਾਂ ਉਸਨੇ ਹੋਰਨਾਂ ਤੋਂ ਇਲਾਵਾ ਉਸ ਭਲੇ-ਪੁਰਸ਼ ਇਨਜੀਨੀਅਰ ਦਾ ਭੇਤ ਵੀ ਖੋਲ੍ਹ ਦਿੱਤਾ, ਜਿਸ ਕਰਕੇ ਵਿਚਾਰੇ ਨੂੰ ਸਰਕਾਰੀ ਨੌਕਰੀ ਤੋਂ ਹੱਥ ਧੋਣੇ ਪਏ।

''*ਦਿ ਟ੍ਰਿਬਿਊਨ" _ ਮਿਤੀ 4 ਜੂਨ 1930:*

ਬੰਗਲੇ ਵਿੱਚ ਬੰਬ ਧਮਾਕਾ
ਮਕਾਨ ਵਿਚਲੇ ਵਿਅਕਤੀਆਂ ਦੀ ਕੋਈ ਉਘ-ਸੁਘ ਨਹੀਂ
ਪੁਲਿਸ ਜਹਾਜ਼ ਰਾਹੀਂ ਦਿੱਲੀ ਰਵਾਨਾ

ਬਹਾਵਲਪੁਰ ਰੋੜ ਤੇ ਪੈਂਦੇ ਇੱਕ ਬੰਗਲੇ 'ਚ ਚਾਰ ਬੰਬਾਂ ਦਾ ਸਵੇਰੇ ਸਾਢੇ ਚਾਰ ਵਜੇ ਫੱਟ ਜਾਣਾ ਇੰਕ ਬੁਝਾਰਤ ਬਣੀ ਹੋਈ ਹੈ। ਕਿਹਾ ਜਾਂਦਾ ਹੈ ਕਿ ਕਿਸੇ ਅਣਪਛਾਤੇ ਵਿਅਕਤੀ ਨੇ ਲਾਹੌਰ ਆਕੇ ਅੱਧਾ ਬੰਗਲਾ ਕਿਰਾਏ 'ਤੇ ਲਿਆ ਸੀ।

ਅੱਜ ਸਵੇਰੇ ਧਮਾਕੇ ਪਿਛੋਂ ਜਦੋਂ ਆਂਢੀ-ਗਵਾਂਢੀ ਮੌਕੇ ਤੇ ਪਹੁੰਚੇ ਤਾਂ ਉਸ ਵੇਲੇ ਤੱਕ ਉਹ ਵਿਅਕਤੀ ਰਫੂ-ਚੱਕਰ ਹੋ ਚੁਕਿਆ ਸੀ ਅਤੇ ਘਰ ਅੰਦਰਲਾ ਫ਼ਰਨੀਚਰ ਉਘੜ-ਦੁਘੜ ਖਿਲਰਿਆ ਪਿਆ ਸੀ। ਧਮਾਕੇ ਨਾਲ ਘਰ ਦੀਆਂ ਕੰਧਾ 'ਚ ਤਰੇੜਾ ਆਈਆ ਹੋਈਆਂ ਸਨ, ਤੇ ਦੀਵਾਰਾਂ-ਖਿੜਕੀਆਂ ਦੇ ਤਖ਼ਤੇ ਤਿੜਕੇ ਹੋਏ ਸੀ ਅਤੇ ਸ਼ੀਸ਼ੇ ਚੂਰ-ਚੂਰ ਹੋਏ ਪਏ ਸਨ। ਘਟਨਾ ਦੀ ਇਤਲਾਹ ਪੁਲਿਸ ਨੂੰ ਮਿਲਦਿਆਂ ਹੀ ਅੱਧੇ ਘੰਟੇ ਅੰਦਰ ਉਹ ਉਥੇ ਪਹੁੰਚ ਗਈ ਅਤੇ ਘਰ ਦੁਆਲ਼ੇ ਘੇਰਾ ਘੱਤ ਲਿਆ।
ਪਤਾ ਲੱਗਾ ਹੈ ਕਿ ਪੁਲਿਸ ਨੇ ਵੱਡੀ ਮਾਤਰਾ ਵਿੱਚ ਕਲੋਰਾਈਡ ਪਿਕਰਿਕ ਤੇਜ਼ਾਬ ਅਤੇ ਹੋਰ ਵਿਸਫੋਟਕ ਸਮਗਰੀ, ਜੋ ਬੰਬਸਾਜ਼ੀ ਦੇ ਕੰਮ ਆਉਂਦੀ ਹੈ, ਬਰਾਮਦ ਕੀਤੀ ਹੈ।
ਕੁੱਝ ਪੁਲਿਸ ਅਧਿਕਾਰੀ ਬੰਗਲੇ ਦੇ ਦੂਸਰੇ ਅੱਧ 'ਚ ਰਹਿੰਦੇ ਕੁੱਝ ਵਸਨੀਕਾਂ ਨੂੰ ਨਾਲ ਲੈ ਕੇ ਦਿੱਲੀ ਲਈ ਰਵਾਨਾ ਹੋ ਗਏ ਹਨ।
ਅਗਲੀ ਤਫ਼ਤੀਸ਼ ਜਾਰੀ ਹੈ। ਕਿਹਾ ਜਾਂਦਾ ਹੈ ਕਿ ਮਕਾਨ ਕਿਰਾਏ ਤੇ ਲੈਣ ਵਾਲੇ ਵਿਅਕਤੀ ਨੇ ਆਪਣੇ-ਆਪ ਨੂੰ ਦਿੱਲੀ ਦਾ ਇੱਕ ਠੇਕੇਦਾਰ ਦੱਸਿਆ ਸੀ।

*ਕੁੱਝ ਹੋਰ ਵੇਰਵੇ*

ਹੋਰ ਪੁੱਛ-ਤਾਛ ਤੋਂ ਪਤਾ ਲੱਗਾ ਹੈ ਕਿ ਦੋ ਨੌਜਵਾਨਾਂ ਨੇ, ਜਿਨ੍ਹਾਂ 'ਚੋਂ ਇੱਕ ਬੰਗਾਲੀ ਤੇ ਦੂਸਰਾ ਯੂ.ਪੀ. ਦਾ ਲੱਗਦਾ ਸੀ, ਇਹ ਮਕਾਨ 21 ਮਈ ਨੂੰ ਕਿਰਾਏ ਤੇ ਲਿਆ ਸੀ, ਜਿਨ੍ਹਾਂ ਨਾਲ ਇੱਕ ਬਜ਼ੁਰਗ ਇਸਤਰੀ ਵੀ ਰਹਿ ਰਹੀ ਸੀ।

*ਦੂਸਰਾ ਲਾਹੌਰ ਸਾਜਿਸ਼ ਕੇਸ*

ਪਹਿਲੀ ਜੂਨ ਵਾਲੇ ਜੇਲ੍ਹ ਐਕਸ਼ਨ ਪਿਛੋਂ ਪਾਰਟੀ ਦੇ ਕੁੱਝ ਗਰਮ ਖ਼ਿਆਲੀ ਨੌਜਵਾਨਾਂ ਨੇ ''ਆਤਸ਼ੀ ਚੱਕਰ ਪਾਰਟੀ'' ''ਐਚ.ਐਸ.ਆਰ.ਏ. ਦੀ ਪੁਲਿਸ ਵਿਰੋਧੀ ਸ਼ਾਖ਼ਾ ਕਾਇਮ ਕੀਤੀ, ਜਿਸ ਦਾ ਮਕਸਦ ਪੁਲਿਸ ਵਲੋਂ ਪੁਰ-ਅਮਨ ਸਤਿਆਗ੍ਰਹੀਆਂ ਨਾਲ ਕੀਤੇ ਜਾਂਦੇ ਵਹਿਸ਼ੀਆਨਾ ਸਲੂਕ ਨੂੰ ਵੰਗਾਰਨਾ ਤੇ ਠੱਲ੍ਹ ਪਾਉਣਾ ਸੀ। ਉਹਨਾਂ ਇੱਕ ਪਰਚੇ ਰਾਹੀਂ ਨਸ਼ਰ ਕੀਤਾ ਕਿ ''ਸਾਨੂੰ ਇੱਕ ਸ਼ਕਤੀਸ਼ਾਲੀ ਫ਼ੌਜ ਵਾਗ ਮੈਦਾਨ ਵਿੱਚ ਨਿਤਰਨਾ ਪਵੇਗਾ। ਇਹ ਲੜਾਈ ਫੈਸਲਾਕੁਨ ਹੋਵੇਗੀ... ਆਜ਼ਾਦੀ ਜਾਂ ਮੌਤ!''
ਇਹਨਾਂ ਨੇ ਆਪਣਾ ਪਹਿਲਾ ਜੋ ਐਕਸ਼ਨ ਵਿਉਂਤਿਆ, ਉਹ ਸੀ ਇੱਕੋ ਵੇਲੇ ਵੱਖੋ-ਵੱਖ ਸ਼ਹਿਰਾਂ-ਕਸਬਿਆਂ ਵਿੱਚ 19 ਜੂਨ 1930 ਨੂੰ ਸਾਧਾਰਨ ਚੀਜ਼ਾਂ ਵਿੱਚ ਲੁਕੋ ਕੇ ਥੋੜ੍ਹੀ ਮਾਰ ਕਰਨ ਵਾਲੇ 'ਬੰਬ' ਐਸੀਆਂ ਥਾਵਾਂ ਤੇ ਰੱਖ ਦਿੱਤੇ ਜਾਣ ਜਿਥੇ ਉਹਨਾਂ ਦੇ ਪੁਲਿਸ ਦੇ ਹੱਥੀ ਆਉਣ ਦੀ ਹੀ ਜ਼ਿਆਦਾ ਤੋਂ ਜ਼ਿਆਦਾ ਸੰਭਾਵਨਾ ਹੋਵੇ। ਇਹ ਧਮਾਕੇ ਹੋਏ ਸੀ ਲਾਹੌਰ, ਅੰਮ੍ਰਿਤਸਰ, ਗੁਜਰਾਂਵਾਲੇ, ਸ਼ੇਖੂਪੁਰੇ, ਲਾਇਲਪੁਰ, ਪਰ ਕੋਈ ਬਹੁਤਾ ਨੁਕਸਾਨ ਨਹੀਂ ਸੀ ਪਹੁੰਚਾ ਸਕੇ।
ਸਰਕਾਰ ਨੇ ਪਹਿਲੀ ਜੂਨ ਵਾਲੇ ਜੇਲ੍ਹ ਐਕਸ਼ਨ ਦੀ ਤਿਆਰੀ ਵਿੱਚ ਸ਼ਾਮਿਲ ਵਿਅਕਤੀਆਂ ਅਤੇ 'ਆਤਸੀ ਚੱਕਰ ਪਾਰਟੀ' ਵਾਲਿਆਂ ਤੇ ਪਹਿਲੇ ਸਾਜਿਸ਼ ਕੇਸ ਵਾਂਗ 'ਬਾਦਸ਼ਾਹ ਵਿਰੁੱਧ ਜੰਗ ਵਿਢਣਾ' ਤੇ ਕੁੱਝ ਹੋਰ ਦੋਸ਼ਾਂ ਅਧੀਨ ਦੂਸਰੇ ਸਪੈਸ਼ਲ ਟ੍ਰਿਬਿਊਨਲ ਮੂਹਰੇ 5 ਦਸੰਬਰ 1930 ਨੂੰ ਮੁਕਦਮੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।
ਇਸ ਵਿੱਚ 13 ਦੋਸ਼ੀਆਂ ਨੂੰ ਭਗੋੜੇ ਕਰਾਰ ਦਿੱਤਾ ਗਿਆ ਜਿਨ੍ਹਾਂ 'ਚ ਤਿੰਨ ਇਸਤਰੀਆਂ, ਦੁਰਗਾ ਦੇਵੀ, ਸੁਸ਼ੀਲਾ ਅਤੇ ਪ੍ਰਕਾਸ਼ੋ (ਪ੍ਰਕਾਸ਼ਵੱਤੀ) ਤੋਂ ਇਲਾਵਾ ਸੁਖਦੇਵ ਰਾਜ, ਪੰਡਤ (ਵੈਦ) ਲੇਖ ਰਾਜ (ਰੋਹਤਕ), ਆਜ਼ਾਦ, ਵੈਸ਼ਮਪਾਇਨ, ਯਸ਼ਪਾਲ, (ਪ੍ਰਿੰਸੀਪਲ) ਛਬੀਲ ਦਾਸ ਪ੍ਰਮੁੱਖ ਸਨ।

''*ਮਰਕੇ ਵੀ ਚੈਨ ਨਹੀਂ*''

ਸਾਥੀਆਂ ਵਲੋਂ ਆਪਣੇ ਵਿਛੁੜੇ ਰਹਿਨੁਮਾ ਭਗਵਤੀ ਚਰਨ ਦੀ ਮ੍ਰਿਤਕ ਦੇਹ, ਧਰਤੀ-ਮਾਤਾ ਨੂੰ ਸੌਂਪਣ ਵੇਲੇ ਉਹ ਕਦੇ ਸੁਪਨੇ ਵਿੱਚ ਵੀ ਕਿਆਸ ਨਹੀਂ ਕਰ ਸਕਦੇ ਹੋਣਗੇ ਕਿ ਕੋਈ ਵਿਅਕਤੀ ਇਹਨੂੰ ਫਰੋਲਣ ਦੀ ਘਿਨਾਉਣੀ ਹਰਕਤ ਕਰੇਗਾ ਅਤੇ ਇਸ ਤਰ੍ਹਾਂ ਸ਼ਹੀਦੀ ਉਪਰੰਤ ਵੀ ਉਸ ਨੂੰ

ਚੈਨ ਨਾਲ ਸੌਣ ਨਹੀਂ ਦਿੱਤਾ ਜਾਏਗਾ? ਇੱਥੇ ਹੀ ਬਸ ਨਹੀਂ, ਧਰਤੀ ਦੀ ਗੋਦ 'ਚੋਂ ਕੱਢੇ ਗਏ ਰਹਿੰਦ-ਖੂੰਦ ਨੂੰ ਛਾਣ-ਪੁਣ ਕੇ ਅਦਾਲਤ ਵਿੱਚ 'ਸਬੂਤ' ਵਜੋਂ ਪੇਸ਼ ਕੀਤਾ ਗਿਆ! ਬਾਕੀ ਦੀਆਂ ਸਾਰੀਆਂ ਹੱਡੀਆਂ ਤਾਂ ਚੂਰਾ-ਚੂਰਾ ਹੋ ਚੁਕੀਆਂ ਸਨ, ਸਿਰਫ਼ ਜਬਾੜਾ ਹੀ ਕੁਝ ਬਚਿਆ ਸੀ, ਜਿਸਨੂੰ ਭਗਵਤੀ ਦੇ ਦੰਦਾ ਦੇ ਡਾਕਟਰ (ਡੈਂਟਿਸਟ) ਨੂੰ ਉਹਦੀ ਸ਼ਨਾਖਤ ਕਰਨ ਲਈ ਬੁਲਾਇਆ ਗਿਆ ਸੀ।
ਪੁਲਿਸ ਨੇ ਇਹ ਖੁਦਾਈ ਇੰਦਰ ਪਾਲ (ਵਾਦਾ-ਮਾਫ਼ ਗਵਾਹ) ਦੀ ਨਿਸ਼ਾਨਦੇਹੀ ਤੇ ਕੀਤੀ ਸੀ।

*ਸ਼ਹੀਦੀ ਨਸ਼ਰ ਹੋਈ 4 ਜਨਵਰੀ 1931 ਨੂੰ*

ਦੂਜੇ ਸਾਜਿਸ਼ ਕੇਸ ਦੀ ਬਾਕਾਇਦਾ ਸੁਣਵਾਈ ਹੋਈ ਸੀ 2 ਜਨਵਰੀ 1931 ਨੂੰ, ਜਿਸ ਦਿਨ ਸਰਕਾਰੀ ਵਕੀਲ ਨੇ ਪੂਰੀ ਸਾਜਿਸ਼ ਦੀ ਸ਼ੁਰੂਆਤ ਤੇ ਵਿਕਾਸ ਦੀ ਵਿਆਖਿਆ ਕੀਤੀ। ਜੋ 4 ਜਨਵਰੀ 1931 ਨੂੰ 'ਦਿ ਟ੍ਰਿਬਿਊਨ' ਵਿੱਚ ਛਪੀ, ਇਸ ਪ੍ਰਕਾਰ ਹੈ:_

''ਦੋਸ਼ੀਆਂ ਨੇ ਲਾਹੌਰ ਵਿੱਚ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਕੈਦੀਆਂ ਨੂੰ ਅਦਾਲਤ ਵਿੱਚ ਉਹਨਾਂ ਦੀ ਪੇਸ਼ੀ ਦੌਰਾਨ, ਕੋਈ ਬੇਹੋਸ਼ ਕਰ ਦੇਣ ਵਾਲੀ ਗੈਸ ਛੱਡ ਕੇ, ਛੁਡਾਉਣ ਦੀ ਸਾਜਿਸ਼ ਰੱਚੀ, ਪਰ ਜਿਹੜੀ ਹੰਸ ਰਾਜ 'ਵਾਇਰਲੈਸ' ਦੀ ਲੋੜੀਂਦੀ ਗੈਸ ਤਿਆਰ ਕਰਨ 'ਚ ਨਾਕਾਮਯਾਬ ਹੋਣ ਤੇ ਤਿਆਗ ਦਿੱਤੀ ਗਈ। ਫਿਰ ਬਾਵਲਪੁਰ ਰੋਡ ਤੇ ਇੱਕ ਬੰਗਲਾ ਕਿਰਾਏ ਤੇ ਲੈ ਕੇ ਉਥੇ ਕੁੱਝ ਬੰਬ ਤਿਆਰ ਕੀਤੇ ਗਏ, ਜਿਨ੍ਹਾਂ ਨੂੰ ਪਹਿਲੇ ਸਾਜਿਸ਼ ਕੇਸ ਦੇ ਸਾਥੀਆਂ ਨੂੰ ਲੈ ਜਾਣ ਵਾਲੀ ਪੁਲਿਸ ਲਾਰੀ 'ਤੇ ਸੁਟਿਆ ਜਾਣਾ ਸੀ।

''ਭਗਵਤੀ ਚਰਨ ਨੇ ਇਹਨਾਂ 'ਚੋ ਇੱਕ ਬੰਬ ਨੂੰ ਲਾਹੌਰ ਦੇ ਆਸ-ਪਾਸ ਰੁਖਾਂ ਦੇ ਝੰਡ ਵਿੱਚ ਅਜ਼ਮਾਉਣਾ ਚਾਹਿਆ ਜਿਸ ਨਾਲ ਉਹ ਘਾਇਲ ਹੋਕੇ ਚਲ ਵਸਿਆ ਸੀ।''

*ਵਾਦਾ ਮਾਫ਼ ਇੰਦਰਪਾਲ:*

ਇੰਦਰਪਾਲ ਵੱਲੋਂ 10 ਫ਼ਰਵਰੀ 1931 ਨੂੰ ਦਿੱਤੇ ਇਕਬਾਲੀਆ ਬਿਆਨ ਦੌਰਾਨ ਉਹਨੇ ਦਸਿਐ:_

''ਇੱਕ ਪਦ ਖਾਲੀ''

''...31 ਮਈ 1930 ਵਾਲੇ ਦਿਨ ਯਸ਼ਪਾਲ ਮੈਨੂੰ ਫਿਰ ਮਿਲਣ ਤੇ ਦੱਸਿਆ ਕਿ ਜੇਲ੍ਹ ਐਕਸ਼ਨ ਪਹਿਲੀ ਜੂਨ ਨੂੰ ਕੀਤਾ ਜਾਏਗਾ ਤੇ ਨਾਲ ਇਹ ਵੀ ਕਿਹਾ ਕਿ ਭਗਵਤੀ ਚਰਨ ਦੀ ਮੌਤ ਤੇ ਕਾਰਨ ਇੱਕ ਪਦ ਖਾਲੀ ਹੋਇਆ ਹੈ, ਤੇ ਜੇ ਇੱਕ ਪਾਰਟੀ ਮੈਂਬਰ ਜੀਹਦੇ ਪਹੁੰਚੇ ਜਾਣ ਦੀ ਉਡੀਕ ਹੈ, ਨਾ ਆਇਆ ਤਾਂ ਉਹ (ਯਸ਼ਪਾਲ) ਮੈਨੂੰ ਪਹਿਲੀ ਜੂਨ ਵਾਲੇ ਐਕਸ਼ਨ ਲਈ ਨਾਲ ਲੈ ਜਾਏਗਾ। _ ''ਦੀ ਟ੍ਰਿਬਿਊਨ, 12 ਫਰਵਰੀ 1931

[illegible]

8

# ਅਜਿੱਤ ਦੁਰਗਾ

ਲਾਹੌਰ ਤੋਂ ਦਿੱਲੀ

2 ਜੂਨ ਵਾਲੇ ਬੰਬ ਧਮਾਕੇ ਨਾਲ ਪਾਰਟੀ ਨੂੰ ਬਹੁਤ ਵੱਡਾ ਝੱਟਕਾ ਲੱਗਾ ਤੇ ਸਾਰੀ ਖੇਡ ਹੀ ਵਿਗੜ ਗਈ ਸੀ। ਸਾਥੀਆਂ ਲਈ ਸਿਵਾਏ ਦਿੱਲੀ ਦੇ ਹੋਰ ਕੋਈ ਥਾਂ-ਠਿਕਾਣਾ ਹੀ ਨਹੀਂ ਸੀ। ਪਰ ਦੁਰਗਾ ਜਿਹਾ ਦਾ ਲਾਹੌਰ ਤੋਂ ਬਚ ਕੇ ਨਿਕਲਣਾ ਵੀ ਸੌਖਾ ਨਹੀਂ ਸੀ, ਕਿਉਂਕਿ ਹੁਣ ਤੱਕ ਤਾਂ ਉਹਦੇ ਵਾਰੰਟ ਵੀ ਨਿਕਲ ਚੁੱਕੇ ਸਨ। ਪੰਦਰਾ ਦਿਨ ਤਾਂ ਉਹ ਲਾਹੌਰ ਕਿਸੇ ਵਾਕਫ਼ਕਾਰ ਕੋਲ ਠਹਿਰੀ, ਜਿੱਥੇ ਉਹਦਾ ਰਹਿਣਾ ਖਤਰੇ ਤੋਂ ਖਾਲੀ ਨਹੀਂ ਸੀ, ਕਿਉਂਕਿ ਲਾਹੌਰ ਸਾਜਿਸ਼ ਕੇਸ ਦੀ ਪੈਰਵੀ ਦੌਰਾਨ ਲੱਗਭਗ ਲਾਹੌਰ ਦੀ ਸਾਰੀ ਪੁਲਿਸ ਨੇ ਉਹਨੂੰ ਵੇਖਿਆ ਹੋਇਆ ਸੀ; ਅਖੀਰ ਉਹ ਬੁਰਕਾ ਪਾਕੇ ਕਿਸੇ ਨਾ ਕਿਸੇ ਢੰਗ ਨਾਲ ਲਾਹੌਰ ਤੋਂ ਦਿੱਲੀ ਪਹੁੰਚਣ ’ਚ ਸਫ਼ਲ ਹੋਈ।

‘ਭਾਬੀ’ ਇੱਕ ਮਹੀਨਾ ਪਾਰਟੀ ਦੇ ਇੱਕ ਸਹਿਯੋਗੀ ਦੌਲਤ ਰਾਮ ਪੁਰੀ ਦੇ ਘਰ ਠਹਿਰੀ ਜੋ ਰੇਲਵੇ ਕਰਮਚਾਰੀ ਸੀ ਅਤੇ ਦਿੱਲੀ ਦੇ ਪਹਾੜਗੰਜ ਮੁਹੱਲੇ ਵਿੱਚ ਰਹਿੰਦਾ ਸੀ। ਆਜ਼ਾਦ ਨਾਲ ਉਹਦੀ ਮੁਲਾਕਾਤ ਤਾਂ ਹੁੰਦੀ ਰਹਿੰਦੀ, ਪਰ ਠਿਕਾਣੇ ਵਖਰੋ-ਵੱਖਰੀ ਥਾਂਈ ਸਨ। ਧਨਵੰਤਰੀ, ਪ੍ਰੋਫੈਸਰ ਐਨ.ਕੇ. ਨਿਗਮ, ਵੈਸ਼ਮਪਾਇਨ ਤੇ ਕੁੱਝ ਹੋਰ ਸਾਥੀ ਵੀ ਉਨ੍ਹੀਂ ਦਿਨੀਂ ਦਿੱਲੀ ਹੀ ਸਨ। ਉਸ ਵੇਲੇ ਤੱਕ ‘ਸੈਂਟ੍ਰਲ ਕਮੇਟੀ’ ਤਾਂ ਭਗਵਤੀ ਦੀ ਸ਼ਹੀਦੀ ਤੇ ਬਾਕੀਆਂ ਦੇ ਗ੍ਰਿਫਤਾਰ ਹੋ ਜਾਣ ਤੇ ਬੇਮਾਅਨੀ ਹੋ ਚੁਕੀ ਸੀ ਤਾਂ ਫਿਰ ਕਮੇਟੀ ਦੀ ਮੀਟਿੰਗ ਦਾ ਸਵਾਲ ਹੀ ਨਹੀਂ ਸੀ। ਸੋ ਪਾਰਟੀ ਦੇ ਤਿੰਨ ਚਾਰ ਗ੍ਰਿਫ਼ਤਾਰਿਓਂ ਬਚੇ ਸਰਗਰਮ ਸਾਥੀ ਹੀ ਮੌਕੇ-ਮੌਕੇ ਸਲਾਹ-ਮਸਵਰਾ ਕਰ ਲੈਂਦੇ ਤੇ ਚੂੰਕਿ, ‘ਐਕਸ਼ਨ’ ਦੀ ਤੇ ਉਦੋਂ ਕੋਈ ਸੰਭਾਵਨਾ ਹੀ ਨਹੀਂ ਸੀ, ਇਸ ਲਈ ਇਸ ਤਰ੍ਹਾਂ ਹੀ ਕੰਮ ਚਲੀ ਜਾਂਦਾ ਸੀ। ਉਨ੍ਹੀਂ ਦਿਨੀਂ ‘ਭਾਬੀ’ ਨੂੰ ਹਥਿਆਰ ਆਦਿ ਇਧਰ-ਉਧਰ ਲਿਜਾਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜੋ ਉਹ ਬਾਖ਼ੂਬੀ ਨਿਭਾਂਉਂਦੀ ਰਹੀ।

ਭਗਤ ਸਿੰਘ ਅਤੇ ਦੱਤ ਨੂੰ ਛੁਡਾਉਣ ’ਚ ਨਾਕਾਮੀ, ਆਜ਼ਾਦ ਲਈ ਇੱਕ ਬਹੁਤ ਵੱਡਾ ਝੱਟਕਾ ਸੀ, ਤੇ ਖਾਸ ਕਰਕੇ ਭਗਵਤੀ ‘ਭਾਈ’ ਦੇ ਵਿਜੋਗ ਨਾਲ ਉਹਨੂੰ ਇੰਜ ਲੱਗ ਰਿਹਾ ਸੀ, ਜਿਵੇਂ ਉਹਦੀ ਸੱਜੀ ਬਾਹ ਕਟੀ ਗਈ ਹੋਵੇ। ਇਹ ਉਹਦੇ ਲਈ ਇੱਕ ਤਰ੍ਹਾਂ ਭਗਤ ਸਿੰਘ ਦੇ ਅਸੈਂਬਲੀ ਐਕਸ਼ਨ ਲਈ ਚਲੇ ਜਾਣ ਦਾ ਹੀ ਦੁਹਰਾਉ ਸੀ; ਪਰ ਆਜ਼ਾਦ ਕੀ ਜੋ ਉਹ ਚੈਣ ਨਾਲ ਬੈਠ ਜਾਏ, ਤੇ ਜਦੋਂ ਫਿਰ ਹਰ ਹਾਲਤ ’ਚ ‘ਭਾਬੀ’ ਅਤੇ ਸ਼ਚੀ ਦੀ ਸਾਂਭ-ਸੰਭਾਲ ਉਹਦਾ ‘ਪਰਮੋ ਧਰਮ’ ਸੀ।

ਹੋਰ ਤਾਂ ਹੋਰ ਭਗਵਤੀ ਦੇ ਹੁੰਦਿਆਂ ਪੈਸੇ ਦੀ ਚਿੰਤਾ ‘ਭਾਈ’ ਅਤੇ ਭਾਬੀ ਦੇ ਜ਼ਿਮੇ ਹੁੰਦੀ ਸੀ, ਪਰ ਹੁਣ ਇਕਲੀ ‘ਭਾਬੀ’ ਭਲਾ ਕਰ ਕੀ ਸਕਦੀ ਸੀ। ਕੁਝ ਵੀ ਹੋਵੇ, ਇੱਕ ਦਿਨ ‘ਭਾਬੀ’ ਨੇ ਲਾਹੌਰ ਛੱਡ ਦਿੱਲੀ ਆਉਣ ਪਿਛੋਂ ਆਜ਼ਾਦ ਨੂੰ ਡੂੰਘੀ-ਸੋਚੀਂ ਪਿਆ ਵੇਖ ਕੇ ਕਿਆਫ਼ਾ ਲਾਇਆ ਕਿ ‘ਭਈਆ’ ਪੈਸੇ ਦੀ ਤੰਗੀ ਤੋਂ ਪਰੇਸ਼ਾਨ ਹੈ, ਤਾਂ ਉਹਨੇ ਆਜ਼ਾਦ ਅੱਗੇ ਆਪਣੇ ਸਾਰੇ ਗਹਿਣੇ-ਗੱਟੇ ਰੱਖਦਿਆਂ ਕਿਹਾ, ‘‘ਕਿਉਂ ਐਨੀ ਚਿੰਤਾ ਕਰਦੇ ਓ, ਆਹ ਲੋ ਇਹ ਸਭ ਕੁੱਝ, ਜੇ ਇਹ ਹੁਣ ਕੰਮ ਨਾ ਆਏ ਤਾਂ ਹੋਰ ਕਦੋਂ ਆਉਣਗੇ?’’

ਆਜ਼ਾਦ ਨੇ ਉਹਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਕਿਹਾ, ‘‘ਤੁਸੀਂ ਘਬਰਾਓ ਨਾ, ਲੋੜ ਪੈਣ ਤੇ ਮੈਂ ਇਹ ਵੀ ਲੈ ਲਵਾਂਗਾ। ਉਨੀਂ ਦੇਰ ਇਹਨੂੰ ਪਾਰਟੀ ਦੀ ਅਮਾਨਤ ਸਮਝ ਕੇ ਸੰਭਾਲੀ ਰੱਖੋ।’’

ਭਾਵੇਂ ਕਿ ਹੁਣ ਤੋਂ ਪਹਿਲਾਂ ਆਜ਼ਾਦ ਨੇ ‘ਭਾਬੀ’ ਨੂੰ ਭਗਤ ਸਿੰਘ ਅਤੇ ਦੱਤ ਵਾਲੇ ਐਕਸ਼ਨ ਵੇਲੇ ਨਾਲ ਚਲਣੋ ਵਰਜ ਦਿੱਤਾ ਸੀ, ਪਰ ‘ਭਾਬੀ’ ਦੀਆਂ ਅਜੇਹੀਆਂ ਭਾਵਨਾਵਾਂ ਨੂੰ ਸਮਝਣਾ ਹੋਵੇਗਾ। ਭਗਵਤੀ ਨੇ ਵਿਦਾ ਹੋਣ ਵੇਲੇ ਪੱਕੀ ਕੀਤੀ ਸੀ ਕਿ ਉਹਦੇ ਵਿਛੋੜੇ ਦੀ ਸਾਥੀਆਂ ਨੂੰ ਛੁਡਾਉਣ ਦੇ ਉਪਰਾਲਿਆਂ ਤੇ ਕੋਈ ਆਂਚ ਨਾ ਆਵੇ। ਉਸ ਗਹਿਰ-ਗੰਭੀਰ ਸੁਝਵਾਨ ਦੇ ਸਿਰ ਤੇ ਭਗਤ ਸਿੰਘ ਨੂੰ ਜੇਲ੍ਹੋਂ ਰਿਹਾਅ ਹੁੰਦੇ ਵੇਖਣ ਦਾ ਭੂਤ ਇੱਥੋਂ ਤੱਕ ਸਵਾਰ ਸੀ ਕਿ ਮੰਦਭਾਗੇ ਹਾਦਸੇ ਤੋਂ ਪਹਿਲਾਂ ਉਹਦੇ ਦੋਹਾਂ ਸਾਥੀਆਂ ਵਲੋਂ ਉਹਦੇ ਅੱਗੇ ਬੰਬ ਅਜਮਾਇਸ਼ ਨੂੰ ਅੱਠ ਪਹਿਰ ਅੱਗੇ ਪਾਉਣ ਲਈ ਕਢੇ ਤਰਲਿਆਂ ਅਤੇ ਦਲੀਲਾਂ ਦੀ ਅਣਦੇਖੀ ਕਰਦਿਆਂ ਮੌਤ ਗਲੇ ਲਗਾ ਲਈ ਸੀ, ਜਦਕਿ ਬੰਬ ਦੀ ਪਿੰਨ ਢਿੱਲੀ ਹੋਣ ਕਰਕੇ ਇਸ ਖਤਰੇ ਦਾ ਉਹਨੂੰ ਪਹਿਲਾਂ ਹੀ ਪਤਾ ਸੀ, ਤਾਂ ਹੀ ਤਾਂ ਉਸਨੇ ਬੰਬ ਦੂਜਿਆਂ ਸਾਥੀਆਂ ਨੂੰ ਕਿਸੇ ਕੀਮਤ ਤੇ ਵੀ ਚਲਾਉਣ ਨੂੰ ਨਹੀਂ ਦਿੱਤਾ। ਧੁਰ ਅੰਦਰੋਂ, ਉਹ ਕਿਸੇ ਕੀਮਤ ਤੇ ਵੀ 1 ਜੂਨ 1930 ਵਾਲੀ ਨਿਸ਼ਚਿਤ ਤਾਰੀਸ਼ ਨੂੰ ਅੱਗੇ ਪਾਉਣ ਲਈ ਰਾਜ਼ੀ ਨਹੀਂ ਸੀ, ਹਾਲਾਂਕਿ ਕੋਈ ਇਹੋ ਜਿਹੇ ਹਾਲਤ ਵੀ ਨਹੀਂ ਸਨ ਕਿ ਇੱਕ-ਅੱਧਾ ਹਫ਼ਤਾ ਠਹਿਰ ਜਾਣਾ ਕੋਈ ਵੱਡੀ ਸਮੱਸਿਆ ਸੀ। ਪਰ ਭਗਵਤੀ ਲਈ ਤਾਂ ਉਹ ਪਹਿਲਾਂ ਹੀ ਸੱਤ-ਅੱਠ ਮਹੀਨੇ ਲੇਟ ਹੋ ਚੁਕਿਆ ਸੀ, ਕਿਉਂਕਿ ਉਹ ਅਕਤੂਬਰ-ਨਵੰਬਰ 1929 ’ਚ ਭਗਤ ਸਿੰਘ ਅਤੇ ਦੱਤ ਨੂੰ ਛੁਡਾਉਣ ਦੇ ਉਪਰਾਲੇ ਵਿਉਂਤ ਰਿਹਾ ਸੀ। ਬੇਸ਼ਕ ਜੇ ਉਹ ਉਸ ਦਿਨ ਸ਼ਹੀਦ ਨਾ ਹੋਇਆ ਹੁੰਦਾ ਤਾਂ ਉਹਨੇ ਉਸ ਐਕਸ਼ਨ ’ਚ ਸਭ ਤੋਂ ਅਗੇ ਹੋਣਾ ਸੀ।

ਉਧਰ ‘ਭਾਬੀ’ ਦਾ ਭਗਤ ਸਿੰਘ ਨਾਲ ਲਗਾਉ ਇਸ ਤਰ੍ਹਾਂ ਦਾ ਸੀ ਕਿ ਉਸਦਾ ਆਪਣੀ ਇਸ ਧਾਰਨਾ ਤੋਂ ਵਿਸ਼ਵਾਸ ਉਮਰ ਭਰ ਨਹੀਂ ਡੋਲਿਆ ਕਿ ਭਗਤ ਸਿੰਘ ਦੀ ਸ਼ਹੀਦੀ ਵੇਲੇ ਮਾਤਰਭੂਮੀ ਨੇ ਇੱਕ ਹੋਰ ‘‘ਭਗਤ ਸਿੰਘ’’ ਜਣਿਆ ਹੈ ਅਤੇ ਇੱਕ ਦਿਨ ਜ਼ਰੂਰ ਆਏਗਾ ਜਦੋਂ ਘਰ-ਘਰ ਭਗਤ ਸਿੰਘ ਦੀਆਂ ਲੋਰੀਆਂ ਗਾਈਆਂ ਜਾਣਗੀਆਂ।

ਸੋ ਜਦੋਂ ਲਾਹੌਰ ਛਡਣੋਂ ਤਿੰਨ-ਚਾਰ ਮਹੀਨੇ ਪਿਛੋਂ 7 ਅਕਤੂਬਰ 1930 ਨੂੰ ਸਪੈਸ਼ਲ ਟ੍ਰਿਬਿਊਨਲ ਨੇ ਭਗਤ ਸਿੰਘ ਦੇ ਨਾਲ ਰਾਜ ਗੁਰੂ ਤੇ ਸੁਖ ਦੇਵ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਜਿਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਵੀ ਨਹੀਂ ਸੀ, ਤਾਂ ‘ਭਾਬੀ’ ‘ਕੁਝ ਨਾ ਕੁਝ ਕਰਨ ਲਈ’ ਵਿਆਕੁਲ ਹੋ ਉਠੀ,

ਤੇ ਉਹਦੇ ਕੋਲ ਉਸ ਵੇਲੇ ਮੌਜੂਦ ਸੁਖਦੇਵ ਰਾਜ ਨੂੰ ਉਹਨੇ ਪੈਂਦੀ ਸੱਟੇ ਕਿਹਾ ਕਿ ਅਸੀਂ ਹੁਣ ਮੂਕ-ਦਰਸ਼ ਬਣਕੇ ਹੱਥ ਤੇ ਹੱਥ ਧਰ ਕੇ ਨਹੀਂ ਬੈਠਾਂਗੇ।''

ਇਸ ਤੋਂ ਕੁਝ ਚਿਰ ਪਹਿਲਾਂ ਹੀ ਆਜ਼ਾਦ ਦਾ ਸੰਪਰਕ ਪ੍ਰਮੁੱਖ ਗ਼ਦਰੀ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਨਾਲ ਵੀ ਹੋ ਚੁਕਾ ਸੀ। ਜੀਹਦੀ ਉਸ ਪੜਾਅ ਤੇ ਉਹਨੂੰ ਬਹੁਤ ਭਾਲ ਸੀ। ਉਨ੍ਹੀ ਦਿਨੀਂ ਹੀ ਆਜ਼ਾਦ ਉਤਰੀ ਭਾਰਤ ਛੱਡ ਕੇ ਦੱਖਣ ਵੱਲ ਨੂੰ ਚਲੇ ਜਾਣ ਦਾ ਮਨ ਬਣਾ ਰਿਹਾ ਸੀ। ਧਨਵੰਤਰੀ, ਸੁਖਦੇਵ ਰਾਜ ਅਤੇ ਸੁਸ਼ੀਲਾ 'ਦੀਦੀ' ਨੂੰ ਪੰਜਾਬ ਭੇਜ ਕੇ ਵੈਸ਼ਮਪਾਇਨ ਦੇ ਨਾਲ 'ਭਾਬੀ' ਨੂੰ ਬੰਬਈ ਭੇਜ ਦਿੱਤਾ ਸੀ। ਬਾਬਾ ਪ੍ਰਿਥਵੀ ਸਿੰਘ ਵੀ ਉਦੋਂ ਬੰਬਈ 'ਚ ਹੀ ਸੀ, ਤੇ ਉਹ ਵੀ ਆਪਣਾ ਇੱਕ ਛੋਟਾ ਜਿਹਾ ਦਲ ਚਲਾ ਰਿਹਾ ਸੀ, ਇਸ ਬਾਰੇ ਉਸ ਨੇ ਆਪਣੀ 'ਆਤਮ ਕਥਾ' 'ਚ ਲਿਖਿਆ ਹੈ:-

''ਭਗਤ ਸਿੰਘ ਦੇ ਪਾਰਟੀ ਦੇ ਕੁੱਝ ਸਾਥੀ ਉਸ ਵੇਲੇ ਐਸਾ ਕੁੱਝ ਕਰ ਵਿਖਾਉਣ ਦੇ ਆਹਰ ਵਿੱਚ ਸਨ, ਜਿਸ ਦਾ ਪ੍ਰਭਾਵ ਪ੍ਰਸਿੱਧ ਅਸੈਂਬਲੀ ਵਾਲੇ ਬੰਬ ਧਮਾਕੇ ਵਰਗਾ ਹੋਵੇ। ਉਹਦੇ ਲਈ ਬੰਬਈ ਦੇ ਲੈਮਿੰਗਟਨ ਰੋਡ ਥਾਣੇ ਤੇ ਗੋਲੀਆਂ ਦੀ ਬੁਛਾੜ ਕਰਨਾ ਨਿਸ਼ਚਿਤ ਕੀਤਾ ਗਿਆ, ਜਿੱਥੇ ਸਾਰੀ ਦੀ ਸਾਰੀ ਪੁਲਿਸ ਫ਼ੋਰਸ ਗੋਰੇ ਸਾਰਜੈਂਟਾਂ ਦੀ ਸੀ। ਉਹਦੇ ਲਈ ਅਸਾਂ ਇੱਕ ਕਿਰਾਏ ਦੀ ਕਾਰ ਲੈ ਲਈ, ਜਿਸ ਵਿੱਚ ਮੈਂ, ਦੁਰਗਾ, ਸੁਖਦੇਵ ਰਾਜ ਅਤੇ ਡਰਾਈਵਰ ਸਵਾਰ ਹੋਕੇ ਥਾਨੇ ਵੱਲ ਨੂੰ ਚਲ ਪਏ। ਇਸ ਐਕਸ਼ਨ ਰਾਹੀਂ ਅਸੀਂ ਸਰਕਾਰ ਨੂੰ ਇਹ ਦਸ ਦੇਣਾ ਚਾਹੁੰਦੇ ਸੀ ਕਿ ਭਗਤ ਸਿੰਘ ਇਕਲਾ ਨਹੀਂ ਹੈ, ਬਲਕਿ ਹਰੇਕ ਨੌਜਵਾਨ ਦੇ ਹਿਰਦੇ ਅੰਦਰ ਵਿਦਰੋਹ ਦੀ ਜਵਾਲਾ ਮਘ ਰਹੀ ਹੈ।

''ਰਾਤ ਦੇ ਕੋਈ ਗਿਆਰ੍ਹਾ ਵਜੇ ਹੋਣਗੇ, ਸਿਨੇਮਾਂ ਘਰਾਂ ਚੋਂ ਲੋਕੀ ਫਿਲਮ ਦੇਖ ਕੇ ਵਾਪਸ ਪਰਤ ਰਹੇ ਸੀ, ਚੰਨ ਦੀ ਚਾਂਦਨੀ ਪਸਰੀ ਹੋਈ ਸੀ; ਅਸੀਂ ਥਾਨੇ ਸਾਹਮਣੇ ਗੱਡੀ ਰੋਕੀ, ਚਾਰ ਗੋਰੇ ਸਾਰਜੈਂਟ ਬਾਹਰ ਆਉਂਦੇ ਵੇਖ ਅਸਾਂ ਉਨ੍ਹਾਂ ਤੇ ਗੋਲੀ ਚਲਾ ਦਿੱਤੀ; ਉਹ ਇੱਕ ਦੱਮ ਜ਼ਮੀਨ ਤੇ ਲੇਟ ਗਏ, ਤੇ ਅਸੀਂ ਫਾਇਰ ਕਰਦੇ ਰਹੇ, ਐਨੇ ਨੂੰ ਇੱਕ ਕਾਰ ਉਥੇ ਆ ਕੇ ਰੁਕੀ ਜਿਹਦੇ ਵਿੱਚ ਸਵਾਰ ਵਿਅਕਤੀਆਂ ਨੂੰ ਕੁਝ ਸੁਝ ਨਹੀਂ ਸੀ ਰਿਹਾ, ਤੇ ਉਸ ਕਾਰ 'ਚੋਂ ਬਾਹਰ ਨਿਕਲ ਰਹੇ ਇੱਕ ਮਰਦ ਤੇ ਇੱਕ ਔਰਤ ਵੱਲ ਨੂੰ ਅਸਾਂ ਬਿਨਾ ਸੋਚੇ-ਸਮਝੇ ਗੋਲੀ ਚਲਾ ਦਿੱਤੀ; ਔਰਤ ਨੂੰ ਗੋਲੀ ਲਗਣ ਨਾਲ ਉਹ ਹੇਠਾਂ ਸੜਕ ਤੇ ਡਿਗ ਗਈ। ਉਸ ਨੂੰ ਨਾਲ ਵਾਲਾ ਮਰਦ ਕਾਰ 'ਚ ਪਾਕੇ ਕਾਰ ਚਲਾ ਕੇ ਉਥੋਂ ਚਲਿਆ ਹੀ ਸੀ ਕਿ ਅਸਾਂ ਆਪਣੇ ਬਚਾਅ ਲਈ ਉਸ ਕਾਰ ਦੇ ਟਾਇਰਾਂ 'ਤੇ ਫਾਇਰ ਕਰਕੇ ਉਹ ਪੈਂਚਰ ਕਰ ਦਿੱਤੇ, ਤਾਕਿ ਸਾਡਾ ਪਿਛਾ ਨਾ ਕਰ ਸਕਣ।

''ਇਹ ਸਾਰਾ ਕੁਝ ਵਾਪਰਦਿਆਂ ਪੰਜ ਕੁ ਮਿੰਟ ਹੀ ਲਗੇ ਹੋਣਗੇ, ਪਰ ਸਾਨੂੰ ਇਸ ਨਾਲ ਬਹੁਤ ਠੀਸ ਪਹੁੰਚੀ ਕਿ ਅਸਾਂ ਇੱਕ ਨਾਰੀ ਨੂੰ ਫਟੜ ਕਰ ਦਿੱਤਾ ਹੈ; ਤੇ ਅਸਾਂ ਉਦੋਂ ਭਜਣ ਦੀ ਕੀਤੀ, ਤੇ ਚੂੰਕਿ ਸੜਕਾਂ ਸੁੰਨਸਾਨ ਸਨ, ਸਾਨੂੰ ਅਜਿਹਾ ਕਰਨ 'ਚ ਕੋਈ ਦਿਕੱਤ ਨਹੀਂ ਆਈ; ਅਸੀਂ ਕਾਰ ਮਾਲਿਕ ਦੇ ਘਰ ਪਹੁੰਚੇ ਅਤੇ ਉਹਨੂੰ ਸਭ ਕੁੱਝ ਦੱਸ ਦਿੱਤਾ।

''ਭਾਵੇਂ ਕਿ ਅਸੀਂ ਮੌਕੇ ਦੇ ਫੜੇ ਜਾਣ ਤੋਂ ਤਾਂ ਬਚ ਨਿਕਲੇ ਸਾਂ? ਪਰ ਪੁਲਿਸ ਦੀ ਤਫ਼ਤੀਸ਼ੀ ਪੈਰਵਾਈ ਤੋਂ ਅਵੇਸਲੇ ਨਹੀਂ ਰਹਿ ਸਕਦੇ ਸਾਂ, ਇਸ ਲਈ ਚੇਤੰਨ ਸਾਂ। ਅਸੀਂ ਕਿਸੇ ਹਾਲਤ ਵਿੱਚ ਵੀ ਪੁਲਿਸ ਨਾਲ ਦੋ ਹੱਥ ਕੀਤਿਆਂ ਬਗੈਰ ਕਿਸੇ ਸੂਰਤ 'ਚ ਵੀ ਫੜੇ ਜਾਣਾ ਨਹੀਂ ਚਾਹੁੰਦੇ ਸੀ, ਕਿਉਂਕਿ ਲੜ-ਮਰਨ ਲਈ ਤਾਂ ਅਸੀਂ ਉਤਾਵਲੇ ਸਾਂ ਹੀ।

''ਪੁਲਿਸ ਨੇ ਗੱਡੀ ਦਾ ਨੰਬਰ, ਰੰਗ ਆਦਿ ਤਾਂ ਨੋਟ ਕਰ ਹੀ ਲਿਆ ਸੀ। ਡਰਾਈਵਰ ਨੇ ਨੰਬਰ ਪਲੇਟ ਨਹੀਂ ਬਦਲੀ, ਹਾਲਾਂਕਿ ਸਾਨੂੰ ਉਹਨੇ ਕਹਿ ਦਿੱਤਾ ਕਿ ਬਦਲ ਦਿੱਤੀ ਗਈ ਹੈ। ਉਹ ਕਾਰ ਛੱਡ ਕੇ ਚਲਾ ਗਿਆ ਹੋਇਆ ਸੀ। ਕਾਰਤੂਸਾਂ ਦੇ ਖ਼ੋਲ ਵੀ ਗੱਡੀ ਵਿੱਚ ਹੀ ਪਏ ਹੋਏ ਸਨ। ਕਾਰ ਦੇ ਨੰਬਰ ਤੋਂ ਪੁਲਿਸ ਕਾਰ ਮਾਲਕ ਤੱਕ ਪਹੁੰਚੀ, ਜਿਸਨੂੰ ਮਜ਼ਬੂਰੀ ਵੱਸ ਡਰਾਈਵਰ ਅਤੇ ਜਿਨ੍ਹਾਂ ਦੇ ਕਹਿਣ ਤੇ ਉਹਨੇ ਗੱਡੀ ਦਿੱਤੀ ਸੀ, ਦੇ ਨਾਂ ਦੱਸਣੇ ਪਏ। ਉਹ ਸੀ ਤਿੰਨੇ ਬੰਬਈ ਤੋਂ ਵੈਸਮਪਾਇਨ, ਮਹੋਰੇ ਅਤੇ ਬਾਪਤ (ਡਰਾਈਵਰ), ਜਿਨ੍ਹਾਂ ਨੂੰ ਛੇਤੀ ਹੀ ਫੜ ਲਿਆ ਗਿਆ। ਪੁਲਿਸ ਪੂਰੀ ਵਾਹ ਲਾਕੇ ਵੀ ਉਹਨਾਂ ਕੋਲੋਂ ਸਾਡੇ ਤਿੰਨਾਂ 'ਚੋਂ ਕਿਸੇ ਇੱਕ ਦਾ ਅਸਲੀ ਨਾਂ ਆਦਿ ਨਾ ਹਾਸਲ ਕਰ ਸਕੀ।''

'ਭਾਬੀ' ਦਾ ਬੰਬਈਓਂ ਬਚ ਨਿਕਲਣਾ

ਸੁਖਦੇਵ ਰਾਜ ਅਨੁਸਾਰ, ''ਜਿਉਂ ਹੀ 'ਭਾਬੀ' ਨੂੰ ਆਪਣੇ ਦਿਲ ਦੀ ਭੜਾਸ ਕਢ ਲੈਣ ਪਿਛੋਂ ਸਾਹ ਵਿੱਚ ਸਾਹ ਆਇਆ ਤਾਂ ਮਾਂ ਦੀ ਮਮਤਾ ਉਹਦੇ ਤੇ ਭਾਰੂ ਹੋ ਖਲੋਤੀ, ਤੇ ਉਹ ਸ਼ਚੀ ਦੀ ਭਾਲ ਵਿੱਚ ਉਥੇ ਦੇ ਸਾਥੀ ਵੈਸ਼ਮਪਾਈਨ ਦੇ ਘਰ ਪਹੁੰਚੀ, ਜਿਹਦੇ ਬਾਰੇ ਪਤਾ ਲੱਗਾ ਕਿ ਉਹ ਤਾਂ ਫੜਿਆ ਗਿਆ ਹੈ, ਕਿਉਂਕਿ ਕਾਰ ਲਿਆਉਣ ਵਾਲਿਆਂ 'ਚੋਂ ਉਹਨਾਂ ਦਾ ਵੀ ਪੁਲਿਸ ਦੇ ਹੱਥ ਆਇਆ ਸੀ, ਤੇ ਪੁਲਿਸ ਉਸ ਵੇਲੇ ਉਹਦੇ ਘਰ ਦੀ ਤਲਾਸ਼ੀ ਲੈ ਰਹੀ ਸੀ: ਉਥੇ ਸਾਨੂੰ ਕਿਸੇ ਗਵਾਂਢਣ ਨੇ ਦੱਸਿਆ ਕਿ ਸ਼ਚੀ ਮਹੋਰੇ ਦੇ ਘਰ ਹੋਵੇਗਾ। ਅਸੀਂ ਮਹੋਰੇ ਦੇ ਘਰ ਪਹੁੰਚੇ, ਉਹ ਵੀ ਫੜਿਆ ਜਾ ਚੁਕਾ ਸੀ। ਸਾਨੂੰ ਦੱਸਿਆ ਗਿਆ ਕਿ ਬੱਚਾ ਬਾਪਤ ਡਰਾਈਵਰ ਦੇ ਘਰ ਹੈ। ਬਾਪਤ ਵੀ ਫੜ੍ਹਿਆ ਜਾ ਚੁਕਾ ਸੀ, ਪਰ ਚੰਗੇ ਭਾਗਾਂ ਨੂੰ ਅਸੀਂ ਸ਼ਚੀ ਨੂੰ ਉਹਦੇ ਘਰ ਦੇ ਨੇੜੇ ਹੀ ਬੱਚਿਆ ਨਾਲ ਖੇਡਦੇ ਨੂੰ ਵੇਖ ਲਿਆ। ਮੈਂ ਉਹਨੂੰ ਗੋਦ 'ਚ ਲੈਕੇ ਫੌਰਨ ਟੈਕਸੀ ਕਰਕੇ ਉਹਨੂੰ ਬੰਬਈ ਦੇ ਕਲਿਆਨ ਸਟੇਸ਼ਨ ਤੇ ਚਲਣ ਲਈ ਕਹਿ ਦਿੱਤਾ; ਉਥੋਂ ਮੈਂ ਝਾਂਸੀ ਦੀਆਂ ਢਾਈ ਟਿਕਟਾ ਖਰੀਦ ਕੇ ਗੱਡੀ ਫੜਣ ਦੀ ਕੀਤੀ।

''ਗੱਡੀ ਅਜੇ ਬੰਬਈ ਸ਼ਹਿਰ ਦੇ ਚਾਲੀਸਗਾਉਂ ਸਟੇਸ਼ਨ ਤੇ ਜਾ ਕੇ ਰੁਕੀ ਹੀ ਸੀ ਕਿ ਵੱਡੀ ਗਿਣਤੀ ਵਿੱਚ ਪੁਲਿਸ, ਤੇ ਕੁਝ ਰੇਲ ਸਟਾਫ਼, ਦਗੜ-ਦਗੜ ਕਰਦੇ ਸਾਡੇ ਡੱਬੇ 'ਚ ਆ ਵੜੇ; ਮੇਰੀ ਕੰਨੀ 'ਢਾਈ ਟਿਕਟਾਂ ਕਲਿਆਣ ਤੋਂ ਝਾਂਸੀ' ਦੀ ਭਿਣਕ ਪੈ ਗਈ ਤੇ ਮੈਨੂੰ ਇਸ ਵਿੱਚ ਕੋਈ ਸ਼ਕ ਨਹੀਂ ਸੀ ਰਹਿ ਗਿਆ ਕਿ ਇਹ ਸਾਡੀ ਭਾਲ ਵਿੱਚ ਹੀ ਭੱਜ-ਨੱਸ ਕਰ ਰਹੇ ਨੇ। ਮੈਂ ਫ਼ੌਰਨ ਆਪਣੀ ਟਿਕਟ ਭਾਬੀ ਤੋਂ ਲੈ ਕੇ ਨਾਲ ਦੇ ਡੱਬੇ 'ਚ ਜਾ ਵੜਿਆ; ਸਾਫ਼ ਦਿਸ ਰਿਹਾ ਸੀ ਕਿ ਪੁਲਿਸ ਨੂੰ ਸਾਡੇ ਬਾਰੇ 'ਢਾਈ ਟਿਕਟਾਂ ਕਲਿਆਣ ਤੋਂ ਝਾਂਸੀ' ਦੇ ਬਗੈਰ ਹੋਰ ਕੋਈ ਥਹੁ-ਪਤਾ ਨਹੀਂ ਸੀ।

ਵਾਰੀ-ਵਾਰੀ ਹਰੇਕ ਡੱਬੇ ਦੀ ਚੈਕਿੰਗ ਕੀਤੀ ਜਾ ਰਹੀ ਸੀ। ਸੋ ਮੈਂ ਆਪਣੇ ਵਾਲੀ ਟਿਕਟ ਤਾਂ ਜੇਬ 'ਚ ਸੰਭਾਲ ਲਈ ਤੇ ਟਿਕਟਾਂ ਚੈਕ ਕਰ ਰਹੇ ਬਾਬੂ ਨੂੰ ਕਹਿ ਦਿੱਤਾ ਕਿ ਮੈਂ ਕਾਹਲੀ ਵਿੱਚ ਟਿਕਟ ਨਹੀਂ ਲੈ ਸਕਿਆ, ਇਸ ਲਈ ਮੇਰੀ ਟਿਕਟ ਕੱਟ ਦੇ।

''ਉਹਨੇ ਪੁਛਿਆ, 'ਕਿਥੋਂ ਆ ਰਿਹਾ ਹੈ?'

'ਨਾਸਿਕ ਤੋਂ।'

'ਕਿਥੇ ਜਾਣਾ ਹੈ?'

'ਕਾਨਪੁਰ।'

''ਟਿਕਟ ਚੈਕਰ ਨੇ ਮੇਰੇ ਕੋਲੋਂ ਬਣਦਾ ਕਿਰਾਇਆ ਲੈਕੇ ਮੈਨੂੰ ਕਾਨਪੁਰ ਦੀ ਟਿਕਟ ਦੇ ਦਿੱਤੀ; ਝਾਂਸੀ ਸਟੇਸ਼ਨ ਤਕ ਕੁਝ ਨਹੀਂ ਹੋਇਆ। ਸੋ ਅਸੀਂ ਤਿੰਨੇ ਬਚਦੇ-ਬਚਾਉਂਦੇ ਕਾਨਪੁਰ ਆਜ਼ਾਦ ਕੋਲ ਜਾ ਪਹੁੰਚੇ, ਜਿਹਨੂੰ ਸਾਰੀ ਘਟਨਾ ਦੀ ਜਾਣਕਾਰੀ ਅਖ਼ਬਾਰੀ ਖਬਰਾਂ ਤੋਂ ਮਿਲ ਚੁਕੀ ਹੋਈ ਸੀ। ਸਾਡੇ ਕੋਲੋ ਘਟਨਾ ਦਾ ਵੇਰਵਾ ਤੇ ਪੁਲਿਸ ਵਲੋਂ ਸਾਡੇ ਪਿਛਾ ਕਰਨ ਦੀ ਵਿਥਿਆ ਸੁਣ ਕੇ ਆਜ਼ਾਦ ਨੇ 'ਭਾਬੀ' ਨੂੰ ਐਸਾ ਡਾਟਿਆ ਕਿ ਉਹ ਕਈ ਦਿਨ ਘੋਰ ਨਿਰਾਸ਼ਾ 'ਚ ਰਹੀ ਸੀ।''

'ਭਾਬੀ' ਦੇ ਸ਼ਬਦਾਂ 'ਚ:

ਬੰਬਈਓ ਚਲਣ ਵੇਲੇ ਅਸੀਂ ਐਨੇ ਭੈਅ-ਭੀਤ ਸਾਂ ਕਿ ਭਈਆ ਕੋਲ ਜਾਣ ਦੀ ਹਿੰਮਤ ਨਹੀਂ ਸੀ ਪੈ ਰਹੀ। ਜਿਵੇਂ ਕਿਵੇਂ ਅਸੀਂ ਕਾਨਪੁਰ ਆ ਪਹੁੰਚੇ। ਭਈਆ ਗੁੱਸੇ ਨਾਲ ਭਰੇ-ਭੀਤੇ ਥਰ-ਥਰ ਕੰਬ ਰਹੇ ਸਾਨੂੰ ਡਾਟ-ਡਪਟ ਰਹੇ ਸੀ, ਤੇ ਅਸੀਂ ਦੋਵੇ ਸਾਹ ਰੋਕੀ ਬੁਤ ਬਣੇ ਬੈਠੇ ਸਾਂ। ਜੇ ਮੈਂ ਚਾਹੁੰਦੀ ਤਾਂ ਆਪਣੀ ਸਫਾਈ ਵਿੱਚ, 7 ਅਕਤੂਬਰ ਦੇ ਫਾਂਸੀ ਦੇ ਹੁਕਮ ਕਾਰਨ, ਇਸਨੂੰ 'ਬਦਲਾ-ਲਓ ਕਾਰਵਾਈ' ਵਜੋਂ ਪੇਸ਼ ਕਰ ਸਕਦੀ ਸਾਂ। ਪਰ ਇਸ ਤਰ੍ਹਾਂ ਸਾਇਦ ਮੈਨੂੰ ਉਹ ਕੁਝ ਕਹਿਣਾ ਪੈ ਸਕਦਾ, ਜੋ ਮੈਂ ਕਿਸੇ ਕੀਮਤ ਤੇ ਵੀ ਕਹਿਣ ਨੂੰ ਤਿਆਰ ਨਹੀਂ ਸਾਂ, ਇਸ ਕਰਕੇ 'ਚੁਪ ਵਿੱਚ ਹੀ ਸੁਖ' ਸਮਝਿਆ।''

''ਬੰਬਈ ਸੂਟਿੰਗ ਕੇਸ'' _ ਸਰਕਾਰੀ ਰਿਪੋਰਟ

"9 ਅਕਤੂਬਰ 1930 ਨੂੰ ਜਿਉਂ ਹੀ ਬੰਬਈ ਪੁਲਿਸ ਦਾ ਸਾਰਜੈਂਟ ਟੇਅਲਰ, ਉਹਦੀ ਬੀਵੀ ਤੇ ਦੋ ਦੋਸਤ ਅੱਧੀ ਕੁ ਰਾਤ ਵੇਲੇ ਲੈਮਿੰਗਟਨ ਰੋਡ ਥਾਣੇ ਸਾਹਮਣੇ ਰੁਕੇ, ਤਾਂ ਦੋਸ਼ੀਆਂ ਨੇ ਉਹਨਾਂ 'ਤੇ ਗੋਲੀਆਂ ਚਲਾਈਆਂ ਜੋ ਸੜਕ ਦੇ ਦੂਜੇ ਪਾਸੇ ਖੜੀ ਕੀਤੀ ਕਾਰ ਕੋਲ ਖੜੇ ਸਨ। ਸਾਰਜੈਂਟ ਟੇਅਲਰ ਤੇ ਉਹਦੀ ਬੀਵੀ ਦੋਵੇਂ ਜ਼ਖ਼ਮੀ ਹੋਏ। ਦੋਸ਼ੀ ਕਾਰ 'ਤੇ ਸਵਾਰ ਹੋਕੇ ਖਿਸਕ ਗਏ, ਪਰ ਕਾਰ ਅੰਧੇਰੀ ਕੋਲ ਖੜੀ ਹੋਈ ਪਾਈ ਗਈ। ਡਰਾਈਵਰ ਫੜ ਲਿਆ ਗਿਆ ਤੇ ਉਸਨੇ ਸਵਾਮੀ ਅਤੇ ਵੈਸ਼ਮਪਾਇਨ, ਦੋ ਕ੍ਰਾਂਤੀਕਾਰੀਆਂ ਦੇ ਨਾਂ ਦੱਸੇ, ਤੇ ਇਸ ਵਾਕੇ ਨੂੰ ਆਤੰਕੀ ਸਾਜਿਸ਼ ਵਜੋਂ ਕਬੂਲਿਆ। ਉਸ ਨੂੰ ਵਾਦਾ ਮਾਫ਼ ਬਣਾ ਲਿਆ ਗਿਆ, ਪਰ ਲੰਮੀ ਸਮਾਇਤ ਪਿਛੋਂ ਕੇਸ ਠੁਸ ਹੋ ਗਿਆ।

ਸ਼ਚੀ 'ਮੋਟੇ' ਚਾਚਾ ਨਾਲ

ਆਜ਼ਾਦ ਤੇ 'ਭਾਬੀ' ਬਹਾਵਲਪੁਰ ਮਕਾਨ ਵਿੱਚ ਸ਼ਾਇਦ ਪਹਿਲੀ ਵਾਰ ਇਕੱਠੇ ਰਹੇ ਹੋਣਗੇ, ਪਰ ਉਸ ਮੌਕੇ ਸ਼ਚੀ ਨੂੰ ਉਥੇ ਰੱਖਣਾ ਸੰਭਵ ਨਹੀਂ ਸੀ। ਸੋ ਜਦੋਂ 'ਭਾਬੀ' ਜੂਨ 'ਚ ਦਿੱਲੀ ਪਹੁੰਚੀ, ਉਦੋਂ ਸ਼ਚੀ ਦੇ ਉਹਦੇ ਨਾਲ ਹੀ ਹੋਣ ਕਰਕੇ ਪਹਿਲੀ ਵਾਰੀ ਸ਼ਚੀ ਦਾ ਆਜ਼ਾਦ ਨਾਲ ਰਹਿਣ ਦਾ ਸਬੱਬ ਬਣਿਆ ਸੀ। ਉਧਰ 'ਭਾਬੀ' ਵੀ ਹੁਣ ਪਹਿਲਾਂ ਵਾਲੀ ਘਰੇਲੂ ਨਾਰੀ ਤੋਂ ਇਕੋ-ਦੱਮ ਸਰਗਰਮ ਇਨਕਲਾਬੀ ਧਿਰ ਬਣ ਗਈ ਸੀ, ਜਿਵੇਂ ਕਿ ਭਗਵਤੀ ਦੇ ਚਲਾਣੇ ਪਿਛੋਂ ਉਸ ਨੇ ਜੇਲ੍ਹ ਐਕਸ਼ਨ 'ਚ ਉਹਦੀ ਥਾਂ ਪੁਰ ਕਰਨ ਲਈ ਪੂਰਾ ਜ਼ੋਰ ਲਾਉਣ ਤੋਂ ਜ਼ਾਹਿਰ ਹੁੰਦਾ ਹੈ। ਉਦੋਂ ਉਸ ਨੂੰ ਵਰਜਣ ਲਈ ਆਜ਼ਾਦ ਵੱਲੋਂ ਸ਼ਚੀ ਦਾ ਵਾਸਤਾ ਪਾਇਆ ਗਿਆ ਤਾਂ 'ਭਾਬੀ' ਦਾ ਜਵਾਬ ਸੀ, ''ਇਹ ਹੁਣ ਤੁਹਾਡਾ ਸਾਰਿਆਂ ਦਾ ਹੈ,'' ਪਰ ਮਾਂ, ਮਾਂ ਵਾਲੀ ਭੂਮਿਕਾ ਤੋਂ ਉਹ ਜੀਉਂਦੇ ਜੀ ਪਿੱਠ ਕਿਵੇਂ ਮੋੜ ਸਕਦੀ ਸੀ।

ਪਰ 'ਦਿਲ ਦਰਿਆ ਸਮੁੰਦਰੋਂ ਡੂੰਘਾ ਕੌਣ ਦਿਲਾਂ ਦੀਆਂ ਜਾਣੇ'... ਆਜ਼ਾਦ ਜਿਸਨੇ ਸ਼ਾਇਦ ਹੀ ਕਦੇ ਕਿਸੇ ਬਾਲ ਨੂੰ ਲਾਡ ਲਡਾਇਆ ਹੋਵੇਗਾ, ਸ਼ਚੀ ਤੇ ਲਟੂ ਹੋ ਗਿਆ। 'ਭਾਬੀ' ਨੇ ਦਸਿਐ, ''ਪਾਰਟੀ ਲਈ ਪੈਸੇ ਦੀ ਹਮੇਸਾ ਬਣੀ ਰਹਿੰਦੀ ਤੰਗੀ ਦੇ ਬਾਵਜੂਦ ਉਨ੍ਹੀਂ ਦਿਨੀਂ ਆਜ਼ਾਦ ਹਰ ਰੋਜ਼ ਸਵੇਰੇ ਸ਼ਚੀ ਨੂੰ ਇੱਕ ਜਲੇਬੀ ਦੇਣੋ ਨਹੀਂ ਸੀ ਖੁੰਝਦਾ, ਜੋ ਉਸ ਵੇਲੇ ਇੱਕ ਪੈਸੇ ਦੀ ਆਉਂਦੀ ਸੀ। ਉਨ੍ਹੀਂ ਅਠਾਂ ਪਹਿਰਾਂ ਦੇ ਖਾਣ-ਪੀਣ ਲਈ ਚਾਰ ਆਨੇ (25 ਪੈਸੇ) ਖਰਚਣ ਨੂੰ ਮਿਲਦੇ ਹੁੰਦੇ ਸੀ: ਇਥੋਂ ਤੱਕ ਕਿ ਜਿਵੇਂ ਜੈਦੇਵ ਕਪੂਰ ਨੇ ਅਸੈਂਬਲੀ ਬੰਬ ਧਮਾਕੇ ਤੋਂ ਪਹਿਲਾਂ ਵਾਲੇ ਦਿਨਾਂ ਵਿੱਚ ਜੇਬ ਖਾਲੀ ਹੋਣ ਕਰਕੇ ਕਿਵੇਂ ਉਹ ਹੋਟਲ ਆਦਿ ਤੇ ਜਾਣ ਦੀ ਬਜਾਏ ਹਲਵਾਈ ਦੀ ਦੁਕਾਨ ਤੇ ਜਾਂਦੇ ਸਨ, ਜਿਥੇ ਮਹੀਨੇ ਪਿਛੋਂ ਹਿਸਾਬ ਚੁਕਾਉਣ ਦੀ ਗੁੰਜਾਇਸ ਹੁੰਦੀ, ਜਦੋਂ ਕਿ ਹੋਟਲ ਆਦਿ ਤੋਂ ਖਾ-ਪੀ ਕੇ ਉਸੇ ਵੇਲੇ ਬਿਲ ਦੇ ਪੈਸੇ ਚੁਕਾਉਣੇ ਹੁੰਦੇ ਸੀ।

ਪਿਛੋਂ ਜਾਕੇ ਜਦੋਂ 'ਭਾਬੀ' ਅਤੇ ਆਜ਼ਾਦ ਕਾਨਪੁਰ 'ਚ ਰਾਮ ਲਾਲ ਦੇ ਘਰ ਰਹੇ ਸੀ, ਤਾਂ ਆਜ਼ਾਦ ਸੌਣ ਵੇਲੇ ਸ਼ਚੀ ਨੂੰ ਆਪਣੀ ਛਾਤੀ ਉਪਰ ਲਿਟਾਈ ਰੱਖਦਾ ਤੇ ਅੰਦਰ-ਖਾਤੇ ਉਹਦੇ ਭਵਿਖ ਬਾਰੇ ਸੋਚਦਾ ਰਹਿੰਦਾ। ਆਜ਼ਾਦ ਅਕਸਰ ਆਪ ਮੁਹਾਰੇ ਦਬੀ-ਘੁਟੀ ਜਿਹੀ ਆਵਾਜ਼ 'ਚ ਕਿਹਾ ਕਰਦਾ, ''ਬੇਟਾ, ਤੂੰ ਸਾਡਾ ਸਭ ਤੋਂ ਕੀਮਤੀ ਵਿਰਸਾ ਏ; ਮੈਨੂੰ ਤੇਰੇ ਲਈ ਕੀ ਕੁੱਝ ਕਰ ਗੁਜ਼ਰਨਾ ਹੋਵੇਗਾ?''

ਕਦੇ-ਕਦਾਈਂ ਦਿਨ ਵੇਲੇ ਸ਼ਚੀ ਦਾ ਜੀ ਪਰਚਾਉਣ ਲਈ ਉਹਦੇ ਸਾਹਮਣੇ ਕੁਝ ਪਿਸਤੌਲ-ਰਿਵਾਲਵਰ ਰੱਖ ਦੇਣੇ ਤੇ ਕਹਿਣਾ, ''ਬੇਟੇ, ਜਿਹੜਾ ਤੈਨੂੰ ਚੰਗਾ ਲਗਦਾ ਹੈ, ਚੁੱਕ ਲੈ।''

ਪੂਰੀ ਗੱਲ ਨੂੰ ਸਮੇਟਦਿਆਂ 'ਭਾਬੀ' ਨੇ ਦਸਿਐ, ''ਉਹਨੀਂ ਦਿਨੀਂ ਕਦੇ-ਕਦੇ ਕਾਲੀ-ਬੋਲ਼ੀ ਰਾਤ ਵੇਲੇ, ਆਜ਼ਾਦ ਨੇ ਸ਼ਚੀ ਨੂੰ ਬਾਹਰ ਦਾ ਦਰਵਾਜ਼ਾ ਬੰਦ ਕਰਨ ਨੂੰ ਕਹਿਣਾ, ਤਾਕਿ ਉਹਦਾ ਮਨ ਡਰ-ਭੌਅ ਤੋਂ ਬਚਿਆ ਰਹੇ।

ਘਾਤਕ ਵਾਰ: ਆਜ਼ਾਦ ਦੀ ਸ਼ਹੀਦੀ

ਆਜ਼ਾਦ ਅਖੀਰਲੇ ਦਿਨੀਂ ਇੱਕ ਤੋਂ ਬਾਅਦ ਇੱਕ ਸਾਥੀ ਦੀ ਗ੍ਰਿਫਤਾਰੀ ਕਰਕੇ ਪਾਰਟੀ ਅੰਦਰਲੇ ਮਾਹੌਲ ਤੇ ਬਹੁਤ ਪਰੇਸ਼ਾਨ ਸੀ। ਆਜ਼ਾਦ ਹੁਣ ਤੱਕ ਗ੍ਰਿਫਤਾਰੀ ਤੋਂ ਇਸ ਲਈ ਬਚਿਆ ਹੋਇਆ ਸੀ ਕਿ ਉਹ ਆਪਣੇ ਅਲਾਹਾਬਾਦ ਵਾਲੇ ਠਿਕਾਣੇ ਬਦਲਦਾ ਰਹਿੰਦਾ ਤੇ ਕਿਸੇ ਸਾਥੀ ਨੂੰ ਵੀ ਉਥੇ ਨਹੀਂ ਮਿਲਦਾ ਸੀ। ਉਹਨੇ 27 ਫਰਵਰੀ 1931 ਨੂੰ 10 ਵਜੇ ਸੁਖਦੇਵ ਰਾਜ ਨੂੰ ਮਿਲਣ ਲਈ ਅਲਫਰਡ ਪਾਰਕ 'ਚ ਸਦਿਆ ਹੋਇਆ ਸੀ। ਪੁਲਿਸ ਨੂੰ ਵੀ ਇਹਦੀ ਕਿਤੋਂ ਸੂਹ ਲੱਗ ਗਈ ਤੇ ਇਹ ਕਰਤੂਤ ਵੀਰਭਦਰ ਤਿਵਾਰੀ ਦੀ ਹੀ ਸੀ, ਜੋ ਕਿ ਉਸ ਮੌਕੇ ਪਾਰਕ ਦੁਆਲੇ ਹੀ ਫਿਰਦਾ ਵੇਖਿਆ ਗਿਆ ਸੀ।

ਇਸ ਪੁਲਿਸ ਮੁਕਾਬਲੇ ਦੇ ਵੇਰਵੇ ਸੁਖਦੇਵ ਰਾਜ ਨੇ ਵੀ ਲਿਖੇ ਹੋਏ ਨੇ ਅਤੇ ਮੌਕੇ ਦੇ ਅੰਗ੍ਰੇਜ਼ ਪੁਲਿਸ ਨਾਟ ਬਾਵਰ ਨੇ ਵੀ ਬਿਆਨ ਕੀਤੇ ਸੀ, ਜੋ ਉਦੋਂ ਦੀਆਂ ਅਖਬਾਰਾਂ ਵਿੱਚ ਛਪੇ ਸਨ; ਜਿਨ੍ਹਾਂ ਵਿੱਚ ਖ਼ਾਸ ਫ਼ਰਕ ਨਹੀਂ ਹੈ। ਇਸ ਮੁਕਾਬਲੇ ਵੇਲੇ ਥੋੜ੍ਹੀ ਦੂਰੋਂ ਹੀ ਇੱਕ ਦੂਜੇ ਤੇ ਖੜੇ ਖੜਾਇਆਂ ਗੋਲੀਆਂ ਚਲਾਈਆਂ ਗਈਆਂ ਤੇ ਆਜ਼ਾਦ ਨੂੰ ਪਹਿਲੀ ਗੋਲੀ ਪਟ ਤੇ ਲੱਗੀ ਤੇ ਉਹਨੇ ਹੇਠਾਂ ਲੇਟ ਕੇ ਮੁਕਾਬਲਾ ਜਾਰੀ ਰੱਖਿਆ। ਐਨੇ ਨੂੰ ਦੂਜੀ ਗੋਲੀ ਉਹਦੇ ਸਜੇ ਮੋਢੇ 'ਤੇ ਲਗੀ ਜਿਹੜੀ ਉਹਦੇ ਫਿਫੜਿਆਂ ਵੱਲ ਨੂੰ ਗਈ, ਜਿਸ ਨਾਲ ਉਹਦੀ ਸਜੀ ਬਾਂਹ ਨਾਕਾਰਾ ਹੋ ਗਈ। ਤਦ ਉਹਨੇ ਸੁਖਦੇਵ ਰਾਜ ਨੂੰ ਉਥੋਂ ਖਿਸਕ ਜਾਣ ਲਈ ਕਿਹਾ, ਜੋ ਉਥੋਂ ਚਲਾ ਗਿਆ। ਪਿਛੋਂ ਪੁਲਿਸ ਦੀ ਤੀਜੀ ਗੋਲੀ ਉਹਦੀ ਸੱਜੀ ਪੁੜਪੁੜੀ 'ਤੇ ਲਗੀ, ਜੋ ਘਾਤਕ ਸਿੱਧ ਹੋਈ। ਇਸ ਚੋਟ ਨੂੰ ਹੀ ਆਧਾਰ ਬਣਾਕੇ ਇਹ ਦੰਦ-ਕਥਾ ਪ੍ਰਚਲਤ ਹੋ ਗਈ, *ਚੂੰਕਿ ਆਜ਼ਾਦ ਨੇ ਜਿਉਂਦੇ ਜੀ ਪੁਲਿਸ ਦੇ ਹੱਥ ਨਾ ਆਉਣ ਦਾ ਪ੍ਰਣ ਕੀਤਾ ਹੋਇਆ ਸੀ, ਸੋ ਜਦੋਂ ਉਹਦੇ ਕੋਲ ਇੱਕੋ ਹੀ ਕਾਰਤੂਸ ਰਹਿ ਗਿਆ ਸੀ, ਤਾਂ ਉਹਨੇ ਆਪਣੀ ਸੱਜੀ ਪੁੜਪੁੜੀ ਤੇ ਗੋਲੀ ਮਾਰਕੇ 'ਆਤਮ ਹੱਤਿਆ' ਕਰ ਲਈ ਸੀ।*

ਇਹ ਸਰਾਸਰ ਝੂਠ ਹੈ, ਜਿਸਨੂੰ ਰੱਦ ਕਰਨ ਲਈ ਸਭ ਤੋਂ ਪਹਿਲਾਂ ਉਹਦੀ ਪੋਸਟ ਮਾਰਟਮ ਰਿਪੋਰਟ ਹੀ ਕਾਫ਼ੀ ਹੈ, ਜੀਹਦੇ ਵਿੱਚ ਦਰਸਾਇਆ ਗਿਆ ਹੈ ਕਿ ਸੱਜੀ ਪੁੜਪੁੜੀ ਵਾਲਾ ਜ਼ਖਮ ਦੂਰੋ ਗੋਲੀ ਲਗਣ ਨਾਲ ਹੀ ਹੋਇਆ ਸੀ, ਕਿਉਂਕਿ ਜੇ ਆਪਣੇ ਹੱਥੀ ਗੋਲੀ ਮਾਰੀ ਹੁੰਦੀ ਤਾਂ ਉਥੋਂ ਦੇ ਵਾਲ ਸੜਕੇ ਸੁਆਹ ਹੋ ਜਾਣੇ ਸੀ, ਪਰ ਇੰਜ ਬਿਲਕੁਲ ਨਹੀਂ ਪਾਇਆ ਗਿਆ।

ਇਸੇ ਤਰ੍ਹਾਂ ਹੀ ਨਾਟ-ਬਾਵਰ ਦੇ ਸੰਖੇਪ ਬਿਆਨ ਤੋਂ ਵੀ ਜ਼ਾਹਿਰ ਹੁੰਦਾ ਹੈ ਕਿ ਆਜ਼ਾਦ ਦੀ ਮੌਤ ਪੁਲਿਸ ਫਾਇਰੰਗ ਨਾਲ ਹੋਈ ਸੀ, ਤੇ ਜਿੱਥੋਂ ਤੱਕ ਉਹਦੇ ਕੋਲ ਕਾਰਤੂਸ ਖ਼ਤਮ ਹੋ ਜਾਣ ਦਾ ਮੁੱਦਾ ਹੈ, ਆਜ਼ਾਦ ਕੋਲ 16 ਅਣਚੱਲੇ ਕਾਰਤੂਸ ਪਾਏ ਗਏ ਸਨ।

'ਭਾਬੀ': 'ਮੇਰੇ ਆਜ਼ਾਦ ਭਈਆ'

''ਮੈਂ ਜਦੋਂ ਪਹਿਲੀ ਵਾਰ ਸੁਸ਼ੀਲਾ 'ਦੀਦੀ' ਨਾਲ 'ਭਈਆ' ਨੂੰ 1930 ਵਿੱਚ ਮਿਲੀ ਸਾਂ, ਉਸਤੋਂ ਪਹਿਲਾਂ ਪਾਰਟੀ ਵਿੱਚ ਔਰਤਾਂ ਦੀ ਕੋਈ ਸਿੱਧੀ ਭੂਮਿਕਾ ਨਹੀਂ ਹੁੰਦੀ ਸੀ, ਤਾਂ ਕਿ ਉਹਨਾਂ ਦੇ ਅਜੇਹਾ ਕਰਦਿਆਂ ਕਿਸੇ ਕਿਸਮ ਦੀ ਗ਼ਲਤ-ਫਹਿਮੀ ਨਾ ਪੈਦਾ ਹੋ ਜਾਏ, ਇਸ ਲਈ ਉਹਨਾਂ ਨੂੰ ਪਾਰਟੀ ਸਰਗਰਮੀਆਂ ਤੋਂ ਦੂਰ ਰੱਖਿਆ ਗਿਆ ਜਾਂਦਾ ਸੀ; ਇਉਂ ਤਾਂ ਨਹੀਂ ਸੀ ਕਿ ਔਰਤਾਂ ਅੰਦਰ ਇਨਕਲਾਬੀ ਭਾਵਨਾ ਨਹੀਂ ਸੀ ਜਾਂ ਉਹ ਪਾਰਟੀ ਦੇ ਕੰਮ ਲਈ ਅੱਗੇ ਆਉਣ ਨੂੰ ਤਿਆਰ ਨਹੀਂ ਸਨ, ਪਰ ਇਸ ਬਾਰੇ ਕੜੇ ਨਿਯਮ ਸਨ, ਜਿਨ੍ਹਾਂ ਦੀ ਸਖਤੀ ਨਾਲ ਪਾਲਣਾ ਵੀ ਕੀਤੀ ਜਾਂਦੀ ਸੀ।

''ਠੀਕ ਉਦੋਂ ਹੀ ਮੈਨੂੰ ਤੇ ਸੁਸ਼ੀਲਾ 'ਦੀਦੀ' ਦੋਹਾਂ ਨੂੰ ਇਸ ਸਿਰਕੱਢ ਵਿਦਰੋਹੀ ਦੀ ਸ਼ਖ਼ਸੀਅਤ 'ਚੋ ਸੂਖ਼ਮ ਮਨੁੱਖੀ ਭਾਵਨਾਵਾਂ ਦੀ ਝਲਕ ਨਜ਼ਰ ਆਈ ਸੀ ਤਾਂ ਅਸੀਂ ਉਹਦੇ ਪ੍ਰਤੀ ਪਿਆਰ-ਸਤਿਕਾਰ ਨਾਲ ਗੱਦ-ਗੱਦ ਹੋ ਗਈਆਂ ਸਾਂ; ਅਤੇ ਜਦੋਂ ਕੁੱਝ ਹੀ ਚਿਰ ਪਿਛੋਂ ਮੇਰੇ ਪਤੀ ਦੇ ਵਿਛੋੜੇ ਨੇ ਸਾਡੇ ਤੇ ਮੁਸੀਬਤਾਂ ਦਾ ਹੜ੍ਹ ਲੈ ਆਂਦਾ ਸੀ ਤਾਂ ਸਾਨੂੰ ਉਸਨੂੰ ਹੋਰ ਨੇੜਿਉਂ ਵੇਖਣ-ਜਾਂਚਣ ਦਾ ਮੌਕਾ ਮਿਲਦਾ ਰਿਹਾ। ਭਈਆ ਦੇ ਅੰਦਰ ਮੈਂ ਦੋ 'ਆਪਾ-ਵਿਰੋਧੀ' ਬਿਰਤੀਆਂ ਇੱਕੋ ਵੇਲੇ ਭਾਰੂ ਹੁੰਦੀਆਂ ਵੇਖੀਆਂ ਸੀ: ਮੈਨੂੰ ਇੱਕੋ ਵੇਲੇ ਉਹ ਦੇ ਅੰਦਰ 'ਭਾਵਨਾ ਰਹਿਤ' ਤੇ 'ਅਤਿ-ਭਾਵੁਕ' ਦਿਲ ਧੜਕਦਾ-ਫਰਕਦਾ ਨਜ਼ਰ ਆਇਆ ਕਰਦਾ ਸੀ ਤੇ ਹੁਣ ਮੈਂ ਪਿਛਲ ਝਾਤ ਮਾਰਦਿਆਂ ਉਸਨੂੰ ਸੁਪਨੇ ਲੈਣ ਵਾਲੇ ਕਲਾਕਾਰ ਦੇ ਤੌਰ ਤੇ ਪਛਾਣਿਆ ਹੈ, ਜਿਹੜਾ ਅੰਦਰ-ਬਾਹਰ, ਦੋਹੀ ਪਾਸੀਂ ਸਰਬ-ਨਿਪੁੰਨ ਸੀ, ਜਿਹੜਾ ਧੁਰ ਅੰਦਰੋ ਮਲਾਈ ਵਾਂਗ ਨਰਮ ਤੇ ਫਰਜ਼ਾਂ ਦੇ ਮਾਮਲੇ 'ਚ ਫੌਲਾਦ ਤੋਂ ਵੀ ਸਖ਼ਤ ਸੀ।

''ਆਪਣੀ ਮਾਮੂਲੀ ਪੜ੍ਹਾਈ-ਲਿਖਾਈ ਦੇ ਬਾਵਜੂਦ ਉਹ ਗਹਿਰੀ ਸੂਝ-ਬੂਝ ਵਾਲਾ ਆਗੂ ਸੀ, ਜਿਹੜਾ ਫ਼ੌਰਨ ਮੌਕੇ ਦੀ ਨਜ਼ਾਕਤ ਭਾਪ ਕੇ ਇੱਕ ਦਮ ਸਾਥੀਆਂ ਨੂੰ ਕਹਿ ਦੇਂਦਾ 'ਵਾਪਸ ਚਲੋ' ਜਿਵੇਂ ਕਿ ਉਸ ਨੇ ਲਾਹੌਰ ਬੈਂਕ ਡਕੈਤੀ ਐਕਸ਼ਨ ਅਤੇ ਜੋਗੇਸ਼ ਚੈਟਰਜੀ ਨੂੰ ਛੁਡਾਉਣ ਵੇਲੇ ਕਾਨਪੁਰ 'ਚ ਕੀਤਾ ਸੀ।

''ਮੈਨੂੰ ਆਪਣੀ ਜਿੰਦਗੀ 'ਚ ਕਿੰਨੇ ਹੀ ਇਨਕਲਾਬੀਆਂ ਨੂੰ ਨੇੜੀਓ ਵੇਖਣ ਦਾ ਮੌਕਾ ਮਿਲਿਆ ਹੈ ਜਿਸ ਤੋਂ ਮੈਨੂੰ ਇਹ ਮਹਿਸੂਸ ਹੋਇਆ ਹੈ ਕਿ ਇਨਕਲਾਬੀ ਉਹੀ ਹੋ ਸਕਦਾ ਹੈ ਜਿਹੜਾ ਆਪਣੇ ਅੰਦਰ ਮਨੁੱਖ-ਮਾਤਰ ਦੀ ਪੀੜਾ ਨੂੰ ਸਮੋਈ ਰੱਖਦਾ ਹੈ ਤੇ ਦੂਸਰਿਆਂ ਦੇ ਦੁਖ ਨੂੰ ਸੱਚ-ਮੁੱਚ ਹੀ ਆਪਣਾ ਦੁੱਖ ਜਾਣਦਾ ਹੈ। ਆਜ਼ਾਦ ਉਹਨਾਂ ਗੁਣਾਂ ਦਾ ਨਿਪੁੰਨ ਧਾਰਨੀ ਸੀ ਜੋ ਜੀਵਨ ਦੀ 'ਵਾਲੋਂ ਨਿੱਕੀ ਖਨਿਓਂ ਤਿਖੀ' ਧਾਰ ਤੇ ਜੀਵਨ ਭਰ ਅਡੋਲ ਸ਼ਾਂਤ ਚਿਤ ਚਲਦਾ ਰਿਹਾ ਸੀ। ਇਉਂ ਨਹੀਂ ਸੀ ਕਿ ਉਹਨੂੰ ਆਪਣੇ ਇਨਕਲਾਬੀ ਜੀਵਨ ਵਿੱਚ ਕਦੇ ਨਿਰਾਸ਼ ਨਹੀਂ ਸੀ ਹੋਣਾ ਪਿਆ ਜਾਂ ਉਹ ਹਮੇਸ਼ਾ

ਚੜ੍ਹਦੀ ਕਲਾ ਵਿੱਚ ਹੀ ਰਿਹਾ ਹੋਵੇਗਾ, ਪਰ ਢਹਿੰਦੀ ਕਲਾ 'ਚੋਂ ਉਹ ਐਨੀਂ ਛੇਤੀ ਤੇ ਐਨੇ ਉਤਸ਼ਾਹ ਨਾਲ ਫਿਰ ਚੜ੍ਹਦੀ ਕਲਾ 'ਚ ਆ ਜਾਂਦਾ ਕਿ ਦੇਖਣ ਵਾਲਾ ਬੇ-ਭਰੋਸਗੀ ਜਿਹੀ ਨਾਲ ਉਹਦੇ ਮੂੰਹ ਵੱਲ ਵੇਖਦਾ ਹੀ ਰਹਿ ਜਾਂਦਾ।

ਉਹਨੇ ਜੀਉਂਦੇ ਜੀ ਦੁਸ਼ਮਣ ਦੇ ਹੱਥ ਨਾ ਆਉਣ ਦਾ ਅਹਿਦ ਨਿਭਾਇਆ, ਤੇ ਜਿਵੇਂ ਉਹ ਅਕਸਰ ਗੁਣਗੁਣਾਇਆ ਕਰਦਾ ਸੀ:

''ਦੁਸ਼ਮਣ ਕੀ ਗੋਲੀਓਂ ਕਾ ਹਮ ਸਾਮਨਾ ਕਰੇਂਗੇ,
ਆਜ਼ਾਦ ਹੀ ਰਹੇ ਹੈਂ ਆਜ਼ਾਦ ਹੀ ਰਹੇਂਗੇ।''

---

¶ í੧ੳ੨¶º ਲ਼¶❀¶ ਙ½î êð੨੧ੳ☬é। é±̤ ¾ਵ¯º-êð¯ਵ¶ ð¾ਵä ☬ਙ̤é ੨ ਙ¯☬੪੪ ਙ ਲ਼੧ੳ੨¶, êð¹❀ ੧¯ਙ îé। ☬੨¾ඃ ☬ਙ¶ é੧ੳ ☬ਙ¶, ☬ਙ੨¶º é੧ੳ ☬ਙ੨¶º ੨੧ਉ¶ ❀ ð❀¶ é¶ ¶ ੨¾੧ਉ¶ ❀ ð☬❀ä×¶ —

''ਜ਼ਾਲਿਮ ਫ਼ਲਕ ਨੇ ਲਾਖ ਮਿਟਾਣੇ ਕੀ ਕੋਸ਼ਿਸ਼ ਕੀ,
ਹਰ ਦਿਲ ਮੇਂ ਅਕਸ ਰਹਿ ਗਿਆ, ਤਸਵੀਰ ਰਹਿ ਗਈ,
ਹੇ ਅਮਰ ਬਲੀਦਾਨੀ, ਤੁਝੇ ਸ਼ੱਤ ਸ਼ੱਤ ਪ੍ਰਣਾਮ।''

9

# ਫ਼ਰਾਰੀ ਤੇ ਗ੍ਰਿਫ਼ਤਾਰੀ

ਦੁਰਗਾ ਪਹੁੰਚੀ ਦੇਹਰਾਦੂਨ

ਉਦੈ ਵੀਰ ਸ਼ਾਸਤਰੀ ਜੀ ਨੇ ਲਿਖਐ, ''ਮੈਂ ਅਪ੍ਰੈਲ 1930 ਵੇਲੇ ਤੋਂ ਦੇਹਰਾਦੂਨ ਦੇ ਇੱਕ ਕੰਨਿਆ ਸਕੂਲ 'ਚ ਲੈਕਚਰਾਰ ਸਾਂ, ਜਿੱਥੇ ਮੈਂ ਇੱਕ ਹੋਰ ਸੱਜਣ ਡਾਕਟਰ ਧਰਮਾਨੰਦ ਕੇਸਰਵਾਨੀ ਨਾਲ ਕਿਰਾਏ ਦੇ ਇੱਕ ਮਕਾਨ ਵਿੱਚ ਰਹਿ ਰਿਹਾ ਸਾਂ। ਉਸਨੂੰ ਮੈਂ ਕਾਫ਼ੀ ਪਹਿਲਾਂ ਤੋਂ ਜਾਣਦਾ ਸਾਂ। ਇਸ ਮਕਾਨ ਦਾ ਮਾਲਕ ਸੀ ਕਸ਼ਮੀਰੀ ਪੰਡਤ ਮਨਮੋਹਨ ਨਾਥ ਤਨਖ਼ਾ, ਜਿਹੜਾ ਨਾਲ ਦੇ ਮਕਾਨ ਵਿੱਚ ਰਹਿੰਦਾ ਸੀ; ਸਾਡੇ ਵਾਲਾ ਮਕਾਨ ਕਾਫ਼ੀ ਖੁਲ੍ਹਾ _ ਰਸੋਈ ਵਿਤੇ ਸਮੇਤ ਪੰਜ-ਛੇ ਕਮਰੇ ਸਨ।

''ਪੰਜ-ਛੇ ਕੁ ਮਹੀਨੇ ਪਿਛੋਂ ਜਦੋਂ ਮੇਰੀ ਬੀਵੀ ਆਪਣੇ ਪੇਕੀਂ ਹਰੀਪੁਰ ਗਈ ਹੋਈ ਸੀ, ਮੈਂ ਨਈ ਸੜਕ ਬਾਜ਼ਾਰ ਵਿੱਚ ਦੀ ਲੰਘ ਰਿਹਾ ਸਾਂ ਕਿ ਇੱਕ ਤਾਂਗਾ ਮੇਰੇ ਕੋਲ ਦੀ ਅੱਗੇ ਨੂੰ ਲੰਘਿਆ ਜਿਸ 'ਤੇ ਦੁਰਗਾ 'ਭਾਬੀ' ਬੈਠੀ ਹੋਈ ਸੀ ਮੈਂ ਅਵਾਜ਼ ਮਾਰਨ ਹੀ ਲੱਗਾ ਸਾਂ ਕਿ ਉਹਦੇ ਮੈਨੂੰ ਚੁਪ ਰਹਿਣ ਦਾ ਇਸ਼ਾਰਾ ਕਰਨ ਤੇ ਮੈਂ ਦੜ ਵੱਟ ਲਈ। ਮੇਰੇ ਟਾਂਗੇ ਨੂੰ ਰੋਕਣ ਦਾ ਇਸ਼ਾਰਾ ਕਰਨ ਤੇ ਤਾਂਗਾ ਰੁਕ ਗਿਆ ਤੇ ਮੈਂ ਹੌਲੀ ਜਿਹੀ ਉਹਨਾਂ ਦੇ ਥਾਂ-ਟਿਕਾਣੇ ਬਾਰੇ ਪੁਛਿਆ; ਉਹਦੇ ਦੱਸਣ ਤੇ ਮੈਂ ਅਗਲੇ ਦਿਨ ਦਾਲਾਂਵਾਲੇ ਮੁਹੱਲੇ 'ਚ ਡਾ. ਚੰਦਰ ਦੀ ਕੋਠੀ ਤੇ ਉਹਨੂੰ ਮਿਲਣ ਲਈ ਗਿਆ। ਮੈਨੂੰ ਉਹਨੇ ਦੱਸਿਆ ਕਿ ਪਾਰਟੀ ਦਾ ਤਾਂ ਭੋਗ ਪੈ ਚੁਕਿਐ ਤੇ ਤਿੰਨਾਂ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਸੁਨਾਈ ਜਾ ਚੁੱਕੀ ਹੈ; ਉਹਦੇ ਆਪਣੇ ਵਾਰੰਟ ਨਿਕਲੇ ਹੋਏ ਨੇ ਅਤੇ ਉਹ ਇਸ ਵੇਲੇ ਰੂਪੋਸ਼ ਹੈ।

''ਅੱਜ ਤੋਂ ਪਹਿਲਾਂ ਤਾਂ ਦੇਹਰਾਦੂਨ ਉਹਨਾਂ ਦੀ ਵਾਕਫੀਅਤ ਡਾਕਟਰ ਧਰਮਾਨੰਦ ਨਾਲ ਹੀ ਸੀ; ਹੁਣ ਦੂਸਰੀ ਥਾਂਵੇ ਮੈਂ ਸਾਂ; ਡਾਕਟਰ ਨੂੰ ਮੈਂ 'ਭਾਬੀ' ਨਾਲ ਆਪਣੇ ਪਿਛਲੀ ਸਾਂਝ ਬਾਰੇ ਕੁਝ ਨਹੀਂ ਸੀ ਦੱਸਿਆ ਹੋਇਆ ਅਤੇ 'ਭਾਬੀ' ਨੂੰ ਵੀ ਅਜੇਹਾ ਕਰਨ ਲਈ ਕਹਿ ਦਿੱਤਾ।

ਪੰਜਾਬ ਪੁਲਿਸ ਦੂਸਰੇ ਲਾਹੌਰ ਸਾਜਿਸ਼ ਕੇਸ ਦੇ ਫ਼ਰਾਰ ਦੋਸੀਆਂ ਦੀ ਭਾਲ 'ਚ ਥਾਈਂ-ਥਾਂਈ ਛਾਪੇ ਮਾਰ ਰਹੀ ਸੀ; 'ਭਾਬੀ' ਦੇ ਨਾਲ ਦੂਜਾ ਸਾਥੀ ਸੀ, ਪ੍ਰੋ. ਸੰਪੂਰਣ ਸਿੰਘ ਟੰਡਨ; ਇਹ ਦੋਵੇਂ ਮੇਰੇ ਸਹਿ-ਕਿਰਾਏਦਾਰ ਡਾਕਟਰ ਦੀ ਦੁਕਾਨ 'ਤੇ ਦਵਾਈ ਦਾਰੂ ਲੈਣ ਜਾਇਆ ਕਰਦੇ ਸਨ; ਇਸੇ ਸਿਲਸਿਲੇ 'ਚ ਇੱਕ ਦਿਨ ਉਹ ਬਾਜ਼ਾਰ 'ਚੋਂ ਦੀ ਲੰਘ ਰਹੇ ਸਨ ਕਿ ਅਲਾਹਾਬਾਦ ਬੈਂਕ ਦੇ ਸਾਹਮਣੇ 'ਭਾਬੀ' ਨੇ ਪੰਜਾਬ ਸੀ.ਆਈ.ਡੀ. ਦੇ ਇੱਕ ਸਬ-ਇਨਸਪੈਕਟਰ ਨੰਦ ਲਾਲ ਨੂੰ ਘੰਟਾ ਘਰ ਨੇੜੇ ਤਾਂਗੇ 'ਚ ਲੰਘਦੇ ਵੇਖਿਆ, ਜਿਸ ਨਾਲ ਇੱਕ ਇਨਸਪੈਕਟਰ ਤੇ ਦੋ ਤਿੰਨ ਸਿਪਾਹੀ ਵੀ ਸੀ। ਨੰਦ ਲਾਲ ਭਾਬੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਦੋਹਾਂ ਨੇ ਇੱਕ-ਦੂਜੇ ਨੂੰ ਪਛਾਣ ਵੀ ਲਿਆ ਸੀ, ਪਰ 'ਭਾਬੀ' ਨੇ ਜਿਵੇਂ ਕਿਵੇਂ ਨੰਦ ਲਾਲ ਨੂੰ ਇਹ ਜ਼ਾਹਿਰ ਨਹੀਂ ਹੋਣ ਦਿੱਤਾ ਕਿ ਉਹਨੂੰ ਕਿਸੇ ਪਹਿਚਾਣ ਵਾਲੇ ਵਿਅਕਤੀ ਨੇ ਦੇਖ ਲਿਆ ਹੋਵੇ।

'ਭਾਬੀ' ਅਤੇ ਸੰਪੂਰਨ ਸਿੰਘ ਨਿਝੱਕ ਜਿਹੇ ਹੋਕੇ ਬੈਂਕ ਵਾਲੇ ਮੋੜ ਤੋਂ ਪਲਟਨ ਬਾਜ਼ਾਰ ਵੱਲ ਨੂੰ ਚਲ ਪਏ ਤੇ ਨੰਦ ਲਾਲ ਵੀ ਤਾਂਗਾ ਛੱਡ ਕੇ ਪੈਦਲ ਉਹਨਾਂ ਪਿਛੇ ਹੋ ਤੁਰਿਆ; ਭਾਬੀ ਨੂੰ ਹੁਣ ਕੋਈ ਭੁਲੇਖਾ ਨਹੀਂ ਸੀ ਰਹਿ ਗਿਆ ਕਿ ਉਹ ਉਹਨਾਂ ਦਾ ਪਿੱਛਾ ਕਰ ਰਿਹਾ ਹੈ। ਉਹ ਦੋਵੇਂ ਪਰਮਾਨੰਦ ਦੇ ਦਵਾਖਾਨੇ ਅੰਦਰ ਚਲੇ ਗਏ, ਜਿਸਨੇ ਉਹਨਾਂ ਨੂੰ ਇਸ਼ਾਰੇ ਨਾਲ ਅੰਦਰਲੇ ਕਮਰੇ 'ਚ ਬੈਠਣ ਨੂੰ ਕਿਹਾ ਜਿੱਥੇ ਮਰੀਜ਼ਾਂ ਦਾ ਮੁਲਾਹਜ਼ਾ ਕੀਤਾ ਜਾਂਦਾ ਸੀ। ਉਸ ਵੇਲੇ ਤੱਕ ਨੰਦ ਲਾਲ ਨੇ ਵੀ ਨੇੜੇ-ਤੇੜੇ ਪਹੁੰਚ ਕੇ ਡਾਕਟਰ ਦਾ ਬੋਰਡ ਪੜ੍ਹ ਲਿਆ ਸੀ ਅਤੇ ਉਹ ਵੀ ਮਗਰੋਂ ਮਗਰ ਡਾਕਟਰ ਦੇ ਦਵਾਖਾਨੇ ਅੰਦਰ ਚਲਾ ਗਿਆ ਤੇ ਉਹਦੇ ਡਾਕਟਰ ਨੂੰ ਗਲੇ ਦੀ ਸੋਜ਼ਸ਼ ਦੱਸਣ ਤੇ ਡਾਕਟਰ ਨੇ ਗਲੇ ਦਾ ਮੁਲਾਹਜ਼ਾ ਕਰਕੇ ਦਵਾਈ ਦੇ ਦਿੱਤੀ। ਡਾਕਟਰ ਵੀ ਛੇਤੀ ਹੀ ਸਮਝ ਗਿਆ ਕਿ ਗਲੇ ਦੀ ਬੀਮਾਰੀ ਤਾਂ ਇੱਕ ਢੋਂਗ ਹੀ ਸੀ, ਤੇ ਅਸਲ ਵਿੱਚ ਇਹ 'ਭਾਬੀ' ਦਾ ਪਿਛਾ ਕਰ ਰਿਹਾ ਹੈ।

ਡਾਕਟਰ ਨੇ ਬਾਹਰ ਨਿਕਲ ਕੇ ਵੇਖਿਆ ਕਿ ਨੰਦ ਲਾਲ ਦਵਾਖਾਨੇ ਤੋਂ ਨਿਕਲ ਕੇ ਘੰਟਾ ਘਰ ਵੱਲ ਨੂੰ ਗਿਆ ਹੈ; ਉਥੇ ਪਹੁੰਚ ਕੇ ਉਹ ਉਥੇ ਖੜੇ ਕੀਤੇ ਹੋਏ ਆਪਣੇ ਤਾਂਗੇ ਤੇ ਬੈਠ ਗਿਆ, ਜਿਸ ਵਿੱਚ ਪਹਿਲਾਂ ਵੀ ਇੱਕ ਹੋਰ ਵਿਅਕਤੀ ਬੈਠਾ ਹੋਇਆ ਸੀ। ਤਾਂਗਾ ਅਲਾਹਾਬਾਦ ਬੈਂਕ ਵੱਲ ਨੂੰ ਹੋ ਲਿਆ, ਤੇ ਡਾਕਟਰ ਨੇ ਇਹ ਕੁੱਝ 'ਭਾਬੀ' ਨੂੰ ਦੱਸ ਦਿੱਤਾ। ਡਾਕਟਰ ਨੇ ਆਪਣਾ ਦਵਾਖਾਨਾ ਆਪਣੇ ਸਾਧਾਰਨ ਵਕਤ, ਭਾਵ ਇੱਕ ਵਜੇ ਤੋਂ ਪਹਿਲਾਂ ਹੀ ਬੰਦ ਕਰ ਤਾਂਗਾ ਲੈ ਕੇ 'ਭਾਬੀ' ਅਤੇ ਸੰਪੂਰਨ ਸਿੰਘ ਨੂੰ ਨਾਲ ਬਿਠਾਕੇ ਆਪਣੇ ਘਰ ਜਾ ਪਹੁੰਚਿਆ। ਜਦੋਂ ਮੈਂ ਸਕੂਲ ਤੋਂ ਵਿਹਲਾ ਹੋ ਕੇ ਰੋਜ਼ ਵਾਂਗ 2 ਵਜੇ ਘਰ ਪਹੁੰਚਿਆ ਅਤੇ ਇਹਨਾਂ ਦੋਹਾਂ ਪਰਾਹੁਣਿਆਂ ਨੂੰ ਉਥੇ ਬੈਠੇ ਵੇਖ ਕੇ ਸਮਝ ਗਿਆ ਕਿ ਕੁੱਝ ਨਾ ਕੁੱਝ ਗੜਬੜ ਹੈ।

''ਮਾਮਲਾ ਕੀ ਹੈ?'' ਮੈਂ 'ਭਾਬੀ' ਨੂੰ ਪੁਛਿਆ।

''ਆਉ ਦਸਦੀ ਆਂ।''

ਮੈਂ ਆਪਣਾ ਕਮਰਾ ਖੋਲ ਉਹਨਾਂ ਦੋਹਾਂ ਨੂੰ ਅੰਦਰ ਬਿਠਾਇਆ; 'ਭਾਬੀ' ਨੇ ਨੰਦ ਲਾਲ ਵਾਲਾ ਸਾਰਾ ਕਿੱਸਾ ਮੈਨੂੰ ਕਹਿ ਸੁਨਾਇਆ।

ਸੋ ਅਸਾਂ ਮਿਲ ਬੈਠ ਕੇ ਉਹਨਾਂ ਦੇ ਉਥੋਂ ਬਚ ਨਿਕਲਣ ਦੀ ਸਕੀਮ ਤਿਆਰ ਕੀਤੀ ਤਾਂ ਕਿ ਅਸੀਂ ਅਗਲੀ ਸਵੇਰ ਤੜਕਸਾਰ ਦੋ ਸਾਈਕਲਾਂ ਲੈ ਕੇ ਟੁਟੀਆਂ-ਫੁਟੀਆਂ ਸੜਕਾ ਤੋਂ ਲੰਘਦੇ-ਲੰਘਾਦੇ ਸ਼ਾਮ ਤੱਕ ਹਰੀਦੁਆਰ ਪਹੁੰਚ ਜਾਈਏ। ਸਾਡਾ ਅੰਦਾਜ਼ਾ ਸੀ ਕਿ ਨੰਦ ਲਾਲ ਲਾਹੌਰ ਤੋਂ ਆਪਣੇ ਨਾਲ ਪੁਲਸੀਆਂ ਨੂੰ ਲੈ ਕੇ ਲਾਹੌਰ ਨੂੰ ਪਰਤਣ ਲਈ, ਜੇਕਰ ਇਥੋਂ ਸਾਢੇ ਤਿੰਨ ਵਜੇ ਸ਼ਾਮ ਦੀ ਗੱਡੀ 'ਤੇ ਜਾਂਦਾ ਹੈ ਤਾਂ ਉਹ ਕਲ 9-10 ਵਜੇ ਲਾਹੌਰ ਪਹੁੰਚੇਗਾ; ਤੇ ਜੇ ਉਥੋਂ ਉਹ ਪੁਲਿਸ ਪਾਰਟੀ ਸਮੇਤ ਓਥੋਂ ਉਸੇ ਦਿਨ ਸਾਮੀਂ ਵੀ ਚਲ ਪਵੇ ਤਾਂ ਵੀ ਪਰਸੋ ਸਵੇਰ ਤੋਂ ਪਹਿਲਾਂ ਇਥੇ ਵਾਪਸ ਨਹੀਂ ਆ ਸਕੇਗਾ। ਸੋ ਸਾਨੂੰ ਹਰ ਹਾਲਤ 'ਚ ਉਸ ਤੋਂ ਪਹਿਲਾਂ ਇਥੋਂ ਨਿਕਲ ਜਾਣਾ ਹੋਵੇਗਾ। ਸਾਡਾ ਇਹ ਵੀ ਅਨੁਮਾਨ ਸੀ ਕਿ ਜੇ ਨੰਦ ਲਾਲ ਚਾਹੁੰਦਾ ਤਾਂ

ਯੂ.ਪੀ. ਪੁਲਿਸ ਦੀ ਮਦਦ ਨਾਲ ਇਹਨਾਂ ਦੋਹਾਂ ਨੂੰ ਤੁਰੰਤ ਗ੍ਰਿਫਤਾਰ ਕਰਾ ਸਕਦਾ ਸੀ, ਜਿਸ ਤੋਂ ਜ਼ਾਹਿਰ ਹੈ ਕਿ ਪੰਜਾਬ ਪੁਲਿਸ ਇਸ ਗ੍ਰਿਫਤਾਰੀ ਦਾ ਲਾਹਾ ਕਿਸੇ ਸੂਰਤ 'ਚ ਵੀ ਯੂ.ਪੀ. ਪੁਲਿਸ ਨੂੰ ਨਹੀਂ ਲੈਣ ਦੇਣਾ ਚਾਹੇਗੀ।

ਹਰੀਦੁਆਰ ਪਹੁੰਚ ਅਸਾਂ ਹਰਿ ਕੀ ਪੌੜੀ ਨੇੜੇ ਇੱਕ ਮੇਰੇ ਦੋਸਤ ਪੰਡਤ ਚਰਨ ਦਾਸ ਟੰਡਨ ਕੋਲ ਟਿਕਾਣੇ ਲਈ ਪਹੁੰਚ ਕੀਤੀ। ਉਸ ਨੇ ਮੇਰੇ ਸਾਲੇ ਸ਼ੇਰ ਜੰਗ ਨੂੰ ਵੀ ਉਹਦੀ ਰੂਪੋਸੀ ਦੌਰਾਨ ਇੱਥੇ ਕਿਤੇ ਰੱਖਿਆ ਸੀ। ਉਹਦੇ ਵਲੋਂ ਦਿਖਾਇਆ ਟਿਕਾਣਾ 'ਭਾਬੀ' ਅਤੇ ਸੰਪੂਰਨ ਸਿੰਘ ਦੋਹਾਂ ਨੂੰ ਬਹੁਤ ਪਸੰਦ ਆਇਆ। ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਅੱਜ ਸ਼ਾਮੀਂ ਗੱਡੀ ਰਾਹੀਂ ਡੇਹਰਾਦੂਨ ਵਾਪਸ ਪਹੁੰਚਣਾ ਹੈ। ਸੁਣਦਿਆਂ ਹੀ ਭਾਬੀ ਨੇ ਕਿਹਾ, ''ਮੈਨੂੰ ਵਿਦਿਆ (ਮੇਰੀ ਬੀਵੀ) ਨੂੰ ਮਿਲਿਆ ਬੜਾ ਚਿਰ ਹੋ ਗਿਆ ਹੈ, ਜੇ ਕਿਤੇ ਵਾਪਸੀ ਤੇ ਉਹਨੂੰ ਵੀ ਲੈਂਦੇ ਆਉਣ ਤਾਂ ਮਜ਼ਾ ਆ ਜਾਏ।'' ਮੈਂ ਕਿਹਾ, ''ਫਿਰ ਕਿਊਂ ਨਾ ਤੁਸੀਂ ਵੀ ਸ਼ਚੀ ਨੂੰ ਵੀ ਏਥੇ ਬੁਲਾ ਲੋ, ਮੇਰਾ ਉਹਨੂੰ ਵੇਖਣ ਨੂੰ ਬਹੁਤ ਜੀਅ ਕਰਦਾ ਹੈ। ਭਾਬੀ ਨੇ ਕਿਹਾ, ''ਮੈਂ ਕੋਸ਼ਿਸ਼ ਕਰ ਦੇਖਦੀ ਹਾਂ।''

ਆਪਣੇ ਮੇਜ਼ਬਾਨ ਚਰਨ ਦਾਸ ਟੰਡਨ ਨੂੰ ਇਹ ਦੱਸ ਕੇ ਕਿ ਇਹ ਇਥੇ ਦੋ ਕੁ ਦਿਨ ਰਹਿਣਗੇ, ਮੈਂ ਵਾਪਸ ਪਰਤ ਆਇਆ।

### ਪਰਿਵਾਰਿਕ ਮਿਲਣ

ਮੈਂ ਸਿੱਧਾ ਆਪਣੇ ਸਹੁਰੇ ਪਿੰਡ ਪਹੁੰਚ, ਵਿੱਦਿਆ ਨੂੰ ਨਾਲ ਲੈ ਕੇ ਵਾਪਸ ਹਰੀਦੁਆਰ ਆ ਪਹੁੰਚਿਆ ਤੇ ਸ਼ਚੀ ਨੂੰ ਉਥੇ ਵੇਖ ਕੇ ਸਾਨੂੰ ਬਹੁਤ ਖੁਸ਼ੀ ਹੋਈ; 'ਭਾਬੀ' ਨੇ ਤਾਂ ਭੱਜ ਕੇ ਵਿੱਦਿਆ ਨੂੰ ਗਲਵੱਕੜੀ 'ਚ ਲੈ ਲਿਆ ਅਤੇ ਮੈਂ ਸ਼ਚੀ ਨੂੰ ਗੋਦੀ ਚੁਕ ਲਿਆ; ਅਸੀਂ ਕੋਈ ਅੱਠ ਪਹਿਰ ਇਕੱਠਿਆ ਗੁਜ਼ਾਰੇ।

ਮੈਂ ਅੱਜ (1988 'ਚ) ਸੋਚਦਾ ਹਾਂ ਕਿ 'ਭਾਬੀ' ਨੂੰ ਸ਼ਚੀ ਨਾਲ ਲਈ ਫਿਰਨਾ, ਤਾਂ ਖ਼ਤਰਾ ਸਹੇੜਣਾ ਸੀ ਤੇ ਕਿਸੇ ਪਰਾਏ ਲਈ ਬੱਚੇ ਨੂੰ ਸੰਭਾਲਣਾ ਵੀ ਹਾਰੀ-ਸਾਰੀ ਦਾ ਕੰਮ ਨਹੀਂ ਸੀ।

ਸ਼ਚੀ ਨੂੰ ਦੁਰਗਾ 'ਭਾਬੀ' ਨੇ ਮੁਰਾਦਾਬਾਦ ਤੋਂ ਮੰਗਵਾਇਆ ਸੀ। ਦੁਰਗਾ 'ਭਾਬੀ', ਸੰਪੂਰਨ ਸਿੰਘ ਅਤੇ ਸ਼ਚੀ ਨੂੰ ਉਸੇ ਸ਼ਾਮੀਂ ਉਥੋਂ ਕਲਕੱਤੇ ਜਾਣ ਵਾਲੀ ਹਾਵੜਾ ਐਕਸਪ੍ਰੈਸ ਚੜ੍ਹਾ ਦਿੱਤਾ ਗਿਆ ਸੀ।

### 'ਭਾਬੀ' ਪੁਲਿਸ ਅੱਗੇ ਪੇਸ਼

'ਭਾਬੀ' ਅਨੁਸਾਰ, ''ਮੇਰੀ ਰੂਪੋਸ਼ੀ ਦੌਰਾਨ ਜਿਨ੍ਹੀ ਥਾਂਈਂ ਮੈਨੂੰ ਰਹਿਣਾ ਪਿਆ ਸੀ, ਉਹਨਾਂ 'ਚੋਂ ਸਭ ਤੋਂ ਜ਼ਿਆਦਾ ਵਾਰੀ ਮੈਂ ਅਲਾਹਾਬਾਦ 'ਚ ਟੰਡਨ ਜੀ ਦੇ ਘਰ ਰਹਿੰਦੀ ਰਹੀ ਸਾਂ। ਹੁਣ ਆਜ਼ਾਦ 'ਭਈਆ' ਦੀ ਸ਼ਹੀਦੀ ਪਿਛੋ ਪਾਰਟੀ ਦੀ ਹੋਂਦ ਤਾਂ ਰਹੀ ਨਾ ਸੀ, ਸੋ ਮੈਨੂੰ ਲੈ ਦੇ ਕੇ ਦਿੱਲੀ ਜਾਣਾ ਹੀ ਸੁਝਿਆ। ਹੁਣ ਅਸੀਂ ਕੁਝ ਕਰ ਤਾਂ ਸਕਦੇ ਨਹੀਂ ਸਾਂ, ਪਰ ਪੁਲਿਸ ਉਸੇ ਤਰ੍ਹਾਂ ਸਾਡੇ ਪਿਛੇ ਪਈ ਹੋਈ ਸੀ; ਬਲਕਿ ਹੁਣ ਪੁਲਿਸ ਨਾ ਤਾਂ ਮੈਨੂੰ ਫੜੇ ਤੇ ਨਾ ਹੀ ਮੇਰਾ ਪਿਛਾ ਛੱਡੇ; ਸ਼ਾਇਦ ਇਹ ਸੋਚ ਕੇ ਕਿ ਮੈਂ ਕਦੇ ਨਾਂ ਕਦੇ ਤਾਂ ਕਿਸੇ ਗ੍ਰਿਫਤਾਰੀਉ ਬਚੇ ਸਾਥੀ ਕੋਲ ਜਾਵਾਂਗੀ ਹੀ, ਤੇ ਪੁਲਿਸ ਨੂੰ ਉਹਦਾ ਥਹੁ-ਪਤਾ ਲਗ ਹੀ ਜਾਏਗਾ, ਤੇ ਫਿਰ ਉਹ ਗ੍ਰਿਫਤਾਰੀਓਂ ਬਚ ਨਹੀਂ ਸਕੇਗਾ। ਜਿਹੜੇ ਵੀ ਦਿੱਲੀ ਦੇ ਹੋਟਲ 'ਚ ਅਸੀਂ ਦੋਵੇਂ ਠਹਿਰੀਏ, ਉਥੇ ਚਿੱਟ ਕਪੜੀਏ ਸਾਡੇ ਤੇ ਕੜੀ ਨਿਗਰਾਨੀ ਰੱਖਦੇ।

ਤੰਗ ਆਕੇ ਅਖੀਰ ਮੈਂ ਇੱਕ ਦਿਨ ਮਨ ਬਣਾ ਲਿਆ ਕਿ ਸ਼ਰੇਆਮ ਲਾਹੌਰ ਪਹੁੰਚ ਕੇ ਗ੍ਰਿਫਤਾਰ ਹੋ ਜਾਵਾਂ; ਅਤੇ ਮੈਂ ਲਾਹੌਰ ਪਹੁੰਚ ਕੇ ਸਿੱਧੀ 'ਫ੍ਰੀ ਪ੍ਰੈਸ ਔਫ ਇੰਡੀਆ' ਦੇ ਦਫ਼ਤਰ ਜਾਕੇ ਇਹ ਸਭ ਕੁੱਝ ਦਸਦਿਆਂ ਕਿਹਾ ਕਿ ਮੈਂ ਹੁਣ ਆਪਣੇ ਘਰ ਪਹੁੰਚ ਰਹੀ ਹਾਂ, ਤੇ 10-11 ਵਜੇ ਸਵੇਰੇ ਘਰ ਜਾ ਪਹੁੰਚੀ; ਉਸੇ ਵੇਲੇ ਦੋ ਲਾਰੀਆਂ ਵਿੱਚ ਸਵਾਰ ਪੁਲਿਸ ਉਥੇ ਆ ਧਮਕੀ; ਜਿਹੜੇ ਪੁਲਸੀਏ ਘਰ ਅੰਦਰ ਆਏ ਉਹਨਾਂ ਰਾਈਫ਼ਲਾਂ ਅਤੇ ਸੰਗੀਨਾਂ ਵੀ ਚੜ੍ਹਾ ਰੱਖੀਆਂ ਹੋਈਆਂ ਸਨ: ਮੈਨੂੰ ਫੜ ਕੇ ਲਾਹੌਰ ਦੇ ਕਿਲ੍ਹੇ 'ਚ ਲੈ ਗਏ, ਜਿੱਥੇ ਮੈਨੂੰ 1818 ਐਕਟ ਅਧੀਨ ਛੇ ਮਹੀਨੇ ਦੀ ਕੈਦ ਅਤੇ ਪਿਛੋਂ ਤਿੰਨ ਸਾਲ ਮੇਰੇ ਲਈ ਪੰਜਾਬ ਅਤੇ ਦਿੱਲੀ ਅੰਦਰ ਦਾਖ਼ਿਲ ਹੋਣਾ ਵਰਜਿਤ ਕਰ ਦਿੱਤਾ।

### ਅਖ਼ਬਾਰੀ ਰਿਪੋਰਟ _ ''ਦੀ ਟ੍ਰਿਬਿਊਨ'', 16 ਸਤੰਬਰ 1932:

ਸ਼੍ਰੀਮਤੀ ਭਗਵਤੀ ਚਰਨ ਅਤੇ ਪ੍ਰੋਫੈਸਰ ਟੰਡਨ ਗ੍ਰਿਫਤਾਰ

ਅਚਾਨਕ ਫ੍ਰੀ ਪ੍ਰੈਸ, ਲਾਹੌਰ ਦੇ ਦਫ਼ਤਰ ਪਹੁੰਚ ਕੇ, ਪੁਲਿਸ ਨੂੰ ਆਪਣੇ ਪਹੁੰਚਣ ਦੀ ਇਤਲਾਹ ਦੇ ਦਿੱਤੀ_

ਲਾਹੌਰ ਸਤੰਬਰ 14:

ਭਗਵਤੀ ਚਰਨ ਦੀ ਪਤਨੀ ਦੁਰਗਾ ਦੇਵੀ ਅਤੇ ਪ੍ਰੋ: ਸੰਪੂਰਨ ਸਿੰਘ ਟੰਡਨ ਨੂੰ ਗਵਾਲਮੰਡੀ ਥਾਨੇ ਦੀ ਪੁਲਿਸ ਨੇ ਸ਼੍ਰੀਮਤੀ ਦੁਰਗਾ ਦੇਵੀ ਦੇ ਮਿਲਖੀ ਰਾਮ ਗਲੀ ਸਥਿਤ ਮਕਾਨ ਤੋਂ ਗ੍ਰਿਫ਼ਤਾਰ ਕੀਤਾ ਹੈ।

ਉਹਨਾਂ ਦੋਹਾਂ ਨੂੰ ਲਾਹੌਰ ਤੇ ਦਿੱਲੀ ਸਾਜਿਸ਼ ਕੇਸਾਂ 'ਚ ਭਗੌੜੇ ਕਰਾਰ ਦਿੱਤਾ ਗਿਆ ਸੀ ਤੇ ਉਹਨਾਂ ਦੀ ਗ੍ਰਿਫਤਾਰੀ ਲਈ, ਕ੍ਰਮਵਾਰ 500 ਰੁਪੈ ਅਤੇ 200 ਰੁਪੈ ਇਨਾਮ ਵੀ ਐਲਾਨੇ ਹੋਏ ਸੀ।

ਇਹ ਦੋਵੇ ਮਫ਼ਰੂਰ ਸਵੇਰੇ ਫ੍ਰੀ ਪ੍ਰੈਸ ਦੇ ਦਫ਼ਤਰ ਆਏ ਤੇ ਉਥੇ ਉਹ ਪੁਲਿਸ ਲਈ ਲਿਖਤੀ ਸੂਚਨਾ ਛੱਡ ਗਏ ਕਿ ਉਹ ਸ੍ਰੀਮਤੀ ਦੁਰਗਾ ਦੇਵੀ ਦੇ ਮਕਾਨ ਤੇ 24 ਘੰਟੇ ਰਹਿਣਗੇ ਅਤੇ ਪੁਲਿਸ ਜਦੋਂ ਚਾਹੇ ਉਹਨਾਂ ਨੂੰ ਉਥੋਂ ਗ੍ਰਿਫ਼ਤਾਰ ਕਰ ਸਕਦੀ ਹੈ।

### ਪ੍ਰੈਸ ਲਈ ਬਿਆਨ

ਜਿਹੜਾ ਬਿਆਨ ਕਥਿਤ ਮਫਰੂਰ ਵਿਅਕਤੀਆਂ ਵਲੋਂ ਫ੍ਰੀ ਪ੍ਰੈਸ ਲਈ ਜਾਰੀ ਕੀਤਾ ਗਿਆ, ਉਹਦੇ ਵਿੱਚ ਦਰਜ ਹੈ ਕਿ ਪਿਛਲੇ ਹਫ਼ਤੇ ਉਹਨਾਂ ਨੂੰ ਦਿੱਲੀ ਪੁਲਿਸ ਨੇ ਘੇਰੀ ਰੱਖਿਆ ਸੀ, ਪਰ ਗ੍ਰਿਫ਼ਤਾਰ ਨਹੀਂ ਸੀ ਕੀਤਾ ਅਤੇ ਉਦੋਂ ਤੋਂ ਹੀ ਲਗਾਤਾਰ ਪੁਲਿਸ ਉਹਨਾਂ ਦਾ ਪਰਛਾਵੇਂ ਵਾਂਗ ਪਿਛਾ ਕਰ ਰਹੀ ਹੈ ਤੇ ਉਹਨਾਂ ਦੀ ਜਾਹਿਰਾ ਤੌਰ ਤੇ ਕੋਸ਼ਿਸ਼ ਸਾਡੇ ਉਹਨਾਂ ਦੋਸਤਾਂ ਦੀ ਪਛਾਣ ਕਰਨ ਦੀ ਹੈ ਜੋ ਸਾਡੀ ਇਸ ਮੁਸ਼ਿਕਲ ਵਿੱਚ ਸਾਡੀ ਸਹਾਇਤਾ ਕਰ ਰਹੇ ਹਨ, ਤਾਕਿ ਅਸੀਂ ਥੱਕ-ਹਾਰ ਕੇ ਉਹਨਾਂ ਦੋਸਤਾਂ ਕੋਲ ਸਹਾਇਤਾ ਲਈ ਪਹੁੰਚ ਕਰੀਏ। ਪਰ ਇਸ ਮਕਸਦ ਵਿੱਚ ਉਹਨਾਂ ਨੂੰ ਕੋਈ ਕਾਮਯਾਬੀ ਮਿਲ ਨਹੀਂ ਪਾਈ। ਇਹਨਾਂ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਗ੍ਰਿਫਤਾਰ ਹੋਣ ਦਾ ਫੈਸਲਾ ਕੀਤਾ ਹੈ।

ਉਹਨਾਂ ਇਹ ਵੀ ਦਾਅਵਾ ਕੀਤਾ ਕਿ ਉਹਨਾਂ ਬਾਰੇ ਸਰਕਾਰੀ ਐਲਾਨ ਸਚਾਈ ਤੋਂ ਕੋਹਾਂ ਦੂਰ ਹੈ।

ਹੁਣ ਪਤਾ ਲੱਗਾ ਹੈ ਕਿ ਪ੍ਰੋਫੈਸਰ ਸੰਪੂਰਨ ਸਿੰਘ ਨੂੰ ਲਾਹੌਰ ਕਿਲ੍ਹੇ ਅਤੇ ਸ੍ਰੀਮਤੀ ਵੋਹਰਾ ਨੂੰ ਜ਼ਨਾਨਾ ਜੇਲ੍ਹ ਲੈ ਜਾਇਆ ਗਿਆ ਹੈ।

### ਕੁੱਝ ਹੋਰ ਵੇਰਵੇ

ਦੱਸਿਆ ਜਾਂਦਾ ਹੈ ਕਿ ਦੋਵੇਂ ਮਫ਼ਰੂਰ ਮਕਾਨ ਤੇ 12 ਕੁ ਵਜੇ ਪਹੁੰਚੇ, ਜੋ ਕਿ ਆਂਢ-ਗਵਾਂਢ ਲਈ ਇੱਕ ਅਚੰਭਾ ਸੀ। ਡੀ.ਐੱਸ.ਪੀ., ਸੀ.ਆਈ.ਡੀ., ਦੋ ਪੁਲਿਸ ਇਨਸਪੈਕਟਰ, ਗਵਾਲ ਮੰਡੀ ਦਾ ਥਾਨੇਦਾਰ ਸਬ ਇਨਸਪੈਕਟਰ ਹਰਬੰਸ ਲਾਲ ਅਤੇ ਰਿਵਾਲਵਰਾਂ-ਰਾਈਫ਼ਲਾਂ ਨਾਲ ਲੈਸ ਕੋਈ ਦੋ ਦਰਜਨ ਪੁਲਿਸ ਕਾਨਸਟੇਬਲ, ਲੱਗਭਗ 6 ਵਜੇ ਮੋਟਰ ਗੱਡੀਆਂ ਰਾਹੀਂ ਮਕਾਨ ਤੇ ਪਹੁੰਚੇ ਸਨ।

ਇੱਕ ਸਬ-ਇਨਸਪੈਕਟਰ ਨੇ ਘਰ ਦਾ ਦਰਵਾਜ਼ਾ ਖੜਕਾਇਆ, ਜੋ ਅੰਦਰੋਂ ਬੰਦ ਸੀ। ਸ੍ਰੀਮਤੀ ਦੁਰਗਾ ਦੇਵੀ ਆਈ ਤੇ ਦਰਵਾਜ਼ਾ ਖੋਲ੍ਹ ਦਿੱਤਾ ਤੇ ਥਾਨੇਦਾਰ ਨੂੰ ਪੁਛਿਆ, ''ਉਹ ਕੀ ਚਾਹੁੰਦਾ ਹੈ?'' ਉਸਦਾ ਜਵਾਬ ਸੀ ਕਿ ਉਹ ਉਹਨੂੰ ਗ੍ਰਿਫਤਾਰ ਕਰਨਾ ਚਾਹੁੰਦਾ ਹੈ। ''ਮੈਂ ਤੋਂ ਸਵੇਰ ਦੀ ਤੁਹਾਡੀ ਉਡੀਕ ਕਰ ਰਹੀ ਹਾਂ'' ਦੁਰਗਾ ਦੇਵੀ ਨੇ ਕਿਹਾ।

ਉਹ ਬਾਹਰ ਆ ਗਈ ਤੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਰਿਵਾਲਵਰ ਫੜੀ ਪੁਲਿਸ ਘਰ ਦੇ ਅੰਦਰ ਵੜਣ ਹੀ ਲੱਗੀ ਸੀ ਕਿ ਪ੍ਰੋ: ਸੰਪੂਰਨ ਸਿੰਘ ਟੰਡਨ ਨੇ ਵੀ ਘਰੋਂ ਬਾਹਰ ਆਕੇ ਪੁਲਿਸ ਨੂੰ ਗ੍ਰਿਫ਼ਤਾਰੀ ਦੇ ਦਿੱਤੀ।

ਫਿਰ ਪੁਲਿਸ ਨੇ ਉਹਨਾਂ ਦੇ ਸਾਰੇ ਸਾਮਾਨ ਦੀ ਤਲਾਸ਼ੀ ਲਈ, ਪਰ ਕੋਈ ਇਤਰਾਜ਼ਯੋਗ ਚੀਜ਼ ਨਹੀਂ ਸੀ ਪਾਈ ਗਈ।

ਪਿਛੋਂ ਦੋਹਾਂ ਨੂੰ ਲਾਰੀ 'ਚ ਬਿਠਾਕੇ ਲਾਹੌਰ ਕਿਲ੍ਹੇ 'ਚ ਲੈ ਜਾਇਆ ਗਿਆ।

### ਗ੍ਰਿਫਤਾਰੀ ਪਿਛੋਂ

ਜਿਸ ਮੈਜਿਸਟ੍ਰੇਟ ਅੱਗੇ ਉਹਨਾਂ ਨੂੰ ਪੇਸ਼ ਕੀਤਾ ਗਿਆ ਉਹਨੇ ਦੋਹਾਂ ਨੂੰ ਕਾਨੂੰਨ ਅਨੁਸਾਰ 14 ਦਿਨ ਦੇ ਅਦਾਲਤੀ 'ਰਿਮਾਂਡ' ਤੇ ਜੇਲ੍ਹ ਭੇਜ ਦਿੱਤਾ, ਪਰ ਚੂੰਕਿ ਉਸ ਵੇਲੇ ਤੱਕ ਦਿੱਲੀ ਸਾਜਿਸ਼ ਕੇਸ਼ ਅਤੇ ਲਾਹੌਰ ਸਾਜਿਸ਼ ਕੇਸ, ਦੋਵੇਂ ਵੀ ਨਿਬੜ ਚੁੱਕੇ ਹੋਏ ਸਨ, ਉਹਨਾਂ ਨੂੰ ਛੱਡ ਦੇਣ ਦਾ ਹੁਕਮ ਜਾਰੀ ਕੀਤਾ ਗਿਆ। ਪਰ ਜੋ ਪੁਲਿਸ ਅਫਸਰ ਉਨ੍ਹਾਂ ਦੇ ਨਾਲ ਗਏ ਹੋਏ ਸਨ, ਉਹਨਾਂ ਇੱਕ ਨਵੇਂ ਵਾਰੰਟ ਰਾਹੀਂ ਦੁਰਗਾ ਦੇਵੀ ਨੂੰ ਨਵੇਂ ਸਿਰਿਓਂ ਗ੍ਰਿਫ਼ਤਾਰ ਕਰ ਲਿਆ ਅਤੇ ਛੇ ਮਹੀਨੇ ਲਈ 1818 ਐਕਟ ਅਧੀਨ ਜੇਲ੍ਹ ਭੇਜ ਦਿੱਤਾ ਤੇ ਰਿਹਾਈ ਤੇ ਤੁਰੰਤ ਪਿਛੋਂ ਤਿੰਨ ਸਾਲ ਲਈ ਪੰਜਾਬ, ਦਿੱਲੀ ਅਤੇ ਦਿੱਲੀ 'ਚ ਦਾਖਿਲ ਹੋਣ ਦੀ ਮਨਾਹੀ ਕਰ ਦਿੱਤੀ।

# ਯਾਦ ਪਟਾਰੀ ’ਚੋਂ

‘ਭਾਬੀ’ ਅਲਾਹਾਬਾਦ

ਪ੍ਰਸਿੱਧ ਕਾਂਗਰਸੀ ਆਗੂ ਪ੍ਰਸ਼ੋਤਮ ਦਾਸ ਟੰਡਨ ਨਾਲ ‘ਭਾਬੀ’ ਦੇ ਪਿਤਾ ਦੀ ਡੂੰਘੀ-ਸਾਂਝ ਸੀ; ਜਦੋਂ ‘ਭਾਬੀ’ ਜਾ ਕੇ ਉਹ ਨੂੰ ਮਿਲੀ ਤਾਂ ਉਹਨਾਂ ਕਿਹਾ, ‘‘ਬੇਟੀ, ਤੂੰ ਸਾਡੇ ਕੋਲ ਹੀ ਰਹਿ।’’ ‘ਭਾਬੀ’ ਉਹਨਾਂ ਦੇ ਕਹਿਣ ਤੇ ਉਹਨਾਂ ਕੋਲ ਹੀ ਰਹਿਣ ਲੱਗੀ, ਜਿਥੇ ਉਹਨਾਂ ਨੇ ਸੱਚ-ਮੁੱਚ ਉਸ ਨੂੰ ਬੜੇ ਆਦਰ-ਭਾਵ ਨਾਲ ਰੱਖਿਆ, ਧੀਆਂ ਨਾਲੋਂ ਵੀ ਵੱਧ ਕੇ; ‘ਭਾਬੀ’ ਉਥੇ ਲਗਭਗ ਛੇ ਮਹੀਨੇ ਰਹੀ।

ਅਲਾਹਾਬਾਦ ’ਚ ਹੀ ‘ਭਾਬੀ’ ਦਾ ਇੱਕ ਹੋਰ ਸੰਬੰਧੀ ਸੀ ਬਟੁਕ ਅਗਰਵਾਲ, ਜੋ ਉਦੋਂ ਅਲਾਹਾਬਾਦ ਯੂਨੀਵਰਸਿਟੀ ’ਚ ਬੀ.ਐਸਸੀ. ਦਾ ਵਿਦਿਆਰਥੀ ਸੀ ਤੇ ਹਿੰਦੂ ਬੋਰਡਿੰਗ ਹਾਉਣ ’ਚ ਰਹਿੰਦਾ ਸੀ। ਉਹ ਵੀ ਉਸੇ ਥਾਂ (ਭਾਵ ਅਲਾਹਾਬਾਦ ਜ਼ਿਲ੍ਹੇ ਦੇ ਸ਼ਾਹਜਹਾਨਪੁਰ ਪਿੰਡ) ਦਾ ਸੀ, ਜਿੱਥੇ ਕਿ ਭਾਬੀ ਦੇ ਪਿਤਾ ਜੀ ਰਿਟਾਇਰ ਹੋਣ ਪਿਛੋਂ ਰਹਿੰਦੇ ਸੀ। ਅਲਾਹਾਬਾਦ ਆਕੇ ‘ਭਾਬੀ’ ਨੇ ਬਟੁਕ ਨੂੰ ਉਥੇ ਬੁਲਾ ਕੇ ਮਿਲ ਲਿਆ ਸੀ। ਇਸ ਤੋਂ ਪਹਿਲਾਂ ਵੀ ਬੈਕੁੰਠ ਦਾ ਕ੍ਰਾਂਤੀਕਾਰੀਆਂ ਨਾਲ ਮੇਲ-ਜੋਲ ਸੀ: ਆਜ਼ਾਦ ਦੇ ਸ਼ਹੀਦ ਹੋਣੋ ਕੁਝ ਚਿਰ ਪਹਿਲਾਂ ਉਹਦੇ ਰਾਹੀਂ ਹੀ ‘ਭਾਬੀ’ ਆਪਣੇ ਪਿਤਾ ਨੂੰ ਮਿਲੀ ਸੀ।

ਟੰਡਨ ਤੋਂ ਇਲਾਵਾ ‘ਭਾਬੀ’ ਕਦੇ-ਕਦਾਈਂ ‘‘ਚਾਂਦ’’ ਰਸਾਲੇ ਦੇ ਸੰਪਾਦਕ ਰਾਮਰੱਖ ਸਿੰਘ ਸਹਿਗਲ ਦੇ ਘਰ ਵੀ ਰਹਿ ਲਿਆ ਕਰਦੀ ਸੀ, ਜਿਸ ਦੀ ਪਤਨੀ ਸੁਸ਼ੀਲਾ ‘ਦੀਦੀ’ ਦੀ, ਜਲੰਧਰ ਕੰਨਿਆਂ ਮਹਾਵਿਦਿਆਲਿਆ ਦੀ ਜਮਾਤਨ ਅਤੇ ਸਹੇਲੀ ਸੀ। ਉਹ ਵੀ ਬੜੇ ਚਾਅ ਨਾਲ ‘ਭਾਬੀ’ ਅਤੇ ‘ਦੀਦੀ’ ਨੂੰ ਜੀ ਆਇਆ ਕਹਿੰਦੇ ਸੀ। ਪਿਛੋਂ ਜਾਕੇ ਇਹ ਦੋਵੇਂ ਕਟਰਾ ਮੁਹੱਲੇ ਦੇ ਇੱਕ ਮਕਾਨ ’ਚ ਚਲੀਆਂ ਗਈਆਂ ਸਨ; ਅਤੇ ਆਜ਼ਾਦ ਨੂੰ ਸਹਿਗਲ ਦੇ ਮਕਾਨ ’ਤੇ ਮਿਲ ਲਿਆ ਕਰਦੀਆਂ।

ਨਵੰਬਰ 1928 ’ਚ ਕੱਢਿਆ ਗਿਆ ‘ਚਾਂਦ’ ਦਾ ਫਾਂਸੀ ਅੰਕ ਜਿਹਦੇ ਵਿੱਚ 51 ਸ਼ਹੀਦਾਂ ਦੀਆਂ ਸੰਖੇਪ ਜਿਹੀਆਂ ਜੀਵਨੀਆਂ ’ਤੇ ਕੁੱਝ ਦੁਰਲਭ ਤਸਵੀਰਾਂ ਸਨ, ਬੜੇ ਹੀ ਮਾਅਰਕੇ ਦੀ ਰਚਨਾ ਸੀ। ਇਹਨਾਂ 51 ਲੇਖਾਂ ’ਚੋਂ 41 ਲੇਖ ਭਗਤ ਸਿੰਘ ਦੇ ਸਨ। ਪ੍ਰਕਾਸ਼ਕ ਨੇ ਇਸਦਾ ਲਾਜ਼ਮੀ ਗ਼ੈਰ-ਕਾਨੂੰਨੀ ਕਰਾਰ ਦਿੱਤੇ ਜਾਣ ਦਾ ਖਿਆਲ ਕਰਦਿਆਂ, ਇਹਦੀਆਂ 10,000 ਕਾਪੀਆਂ ’ਚੋਂ ਕਾਫੀ ਸਾਰੀਆਂ ਰਾਤੋ-ਰਾਤ ਵੱਖੋ-ਵੱਖ ਥਾਂਈਂ ਪਹੁੰਚਾ ਦਿੱਤੀਆਂ, ਜੋ ਦੂਜੇ ਦਿਨ ਜਾਰੀ ਕੀਤੇ ਜ਼ਬਰੀ ਹੁਕਮ ਦੇ ਘੇਰੇ ’ਚ ਆ ਹੀ ਨਹੀਂ ਸਕਦੀਆਂ ਸਨ।

ਹਾਲਾਂਕਿ ਇਸ ਰਸਾਲੇ ’ਚ ਸਿਰਫ਼ ਤੇ ਸਿਰਫ਼ ਸ਼ਹੀਦਾਂ ਦੀਆਂ ਸੰਖੇਪ ਜੀਵਨੀਆਂ ਹੀ ਸਨ, ਸਰਕਾਰ ਨੇ ਨਾ ਸਿਰਫ਼ ਇਹਨੂੰ ਗੈਰ-ਕਾਨੂੰਨੀ ਕਰਾਰ ਹੀ ਕਰ ਦਿੱਤਾ ਸੀ ਬਲਕਿ ਇਹਦੇ ਸੰਪਾਦਕ, ਛੱਪਣ ਅਤੇ ਹੋਰ ਛੁਟ-ਪੁਟ ਮਾਮਲਿਆਂ ਬਾਰੇ ਸਾਰੇ ‘ਸਬੂਤ’, ਜਿਨ੍ਹਾਂ ਵਿਚ, ਸ਼ਿਵ ਵਰਮਾ (ਹਰ ਨਾਰਾਇਣ ਕਪੂਰ) ਨੂੰ ਮਿਹਨਤਾਨੇ ਵੱਜੋਂ ਭੇਜੇ ਗਏ ਮਨੀਆਡਰਾਂ ਦੀਆਂ ਰਸੀਦਾਂ ਵੀ ਸਨ, ਪੇਸ਼ ਕੀਤੀਆਂ ਗਈਆਂ। ਭਾਵ ਇਹਦੀ ਪ੍ਰਕਾਸ਼ਨਾ ਨੂੰ ਵੀ ਵੱਡੇਰੀ ਸਾਜਿਸ਼, ‘ਬਾਦਸ਼ਾਹ ਵਿਰੁੱਧ ਜੰਗ ਵਿਢਣ’, ਦੀ ਕੜੀ ਵਜੋਂ ਦਰਸਾਇਆ ਗਿਆ ਸੀ।

ਦੁਰਗਾ ‘ਭਾਬੀ’ ਵਲੋਂ 13 ਜਨਵਰੀ 1985 ਨੂੰ ‘‘ਚਾਂਦ’’ ਦੇ ਸਮਕਾਲੀ ਸੰਪਾਦਕ ਰਾਮਰਖ ਸਿੰਘ ਸਹਿਗਲ ਦੇ ਬੇਟੇ ਅਸ਼ੋਕ ਕੁਮਾਰ ਸਹਿਗਲ ਨੂੰ ਇਸ ਰਸਾਲੇ ਦੀ ਪ੍ਰਕਾਸ਼ਨਾ ਤੋਂ ਕੋਈ ਅੱਧੀ ਸਦੀ ਪਿਛੋਂ ਭੇਜੇ ਸਦਭਾਵਨਾ ਸੁਨੇਹੇ ਵਿੱਚ ਲਿਖਿਐ:_

‘‘ਜਿਸ ਵੇਲੇ ਤੁਹਾਡੇ ਰਸਾਲੇ ਨੇ ਵਿਦਰੋਹੀ ਚਿੰਗਾੜੀਆਂ ਵਰ੍ਹਾਈਆਂ ਸੀ, ਤਾਂ ਇਸ ਰਸਾਲੇ ਨੇ ਦੇਸ਼ ਭਰ ਵਿੱਚ ਆਜ਼ਾਦੀ ਦੀ ਜਵਾਲਾ ਮਘਾ ਦਿੱਤੀ ਸੀ, ਜਿਸਦਾ ਪ੍ਰਭਾਵ ਨਾ ਸਿਰਫ ਇਨਕਲਾਬੀਆਂ ’ਤੇ ਈ ਹੋਇਆ, ਬਲਕਿ ਜੋਸ਼ੀਲੇ ਕਾਂਗਰਸੀ ਵੀ ਇਹਦੇ ਤੋਂ ਅਣਛੋਹੇ ਨਹੀਂ ਰਹੇ ਸਨ।

‘‘ਅੰਗ੍ਰੇਜ਼ ਹਾਕਮਾਂ ਨੇ ਫੌਰਨ ਗੈਰ-ਕਾਨੂੰਨੀ ਕਰਾਰ ਦੇਕੇ ਇਹਦੀਆਂ ਸਾਰੀਆਂ ਕਾਪੀਆਂ ਜ਼ਬਤ ਕਰ ਲਈਆਂ ਸਨ; ਪੂਰਾ ਦੇਸ਼ ਉਤੇਜਿਤ ਹੋ ਉਠਿਆ ਤੇ ਲੋਕੀ ਹਰ ਹੀਲੇ ਇਹ ਨੂੰ ਪੜ੍ਹਨ ਲਈ ਉਤਾਵਲੇ ਹੋ ਰਹੇ ਸਨ। ਪਿਛੋਂ ਸਰਕਾਰ ਵਲੋਂ ਪਰਚੇ ਤੋਂ ਅਣਕਿਆਸੀ ਰਕਮ ਜ਼ਮਾਨਤ ਵਲੋਂ ਮੰਗੇ ਜਾਣਾ ਤੁਹਾਡੇ ਪਰਚੇ ਦੇ ਸੰਪਾਦਕ ਰਾਮਰਖ ਸਿੰਘ ਸਹਿਗਲ ਦੇ ਮਸਤਕ ਤੇ ਪਵਿੱਤਰ ਤਿਲਕ ਸਮਾਨ ਸੀ।

‘‘ਮੈਂ ਸੁਰਗਵਾਸੀ ਸਹਿਗਲ ਜੀ, ਜਿਨ੍ਹਾਂ ਨਾਲ ਮੇਰੀ ਫ਼ਰਾਰੀ ਦੇ ਦਿਨੀ ਬੜੀ ਡੂੰਘੀ ਸਾਂਝ ਸੀ, ਬਾਰੇ ਵੀ ਕੁੱਝ ਲਿਖਣਾ ਚਾਹਾਂਗੀ:

‘‘ਜੇ ਕਿਤੇ ਮੈਂ ਉਹਨਾਂ ਦੇ ਘਰੋ ਗ੍ਰਿਫਤਾਰ ਹੁੰਦੀ ਤਾਂ ਉਹਨਾਂ ਨੂੰ ਘੱਟੋ-ਘੱਟ ਸਤ ਸਾਲ ਸਖ਼ਤ ਕੈਦ ਸੁਨਾਈ ਜਾਣੀ ਨਿਸ਼ਚਿਤ ਸੀ: ਅਜੇਹੇ ਸਨ ਉਹ ਦਿਨ! ਉਹਨਾਂ ਦਾ ਦਫ਼ਤਰ, ਘਰ ਅਤੇ ਗੱਡੀ ਹਮੇਸ਼ਾ ਸਾਡੇ ਲਈ ਹਾਜ਼ਰ ਰਹੀ ਸੀ; ਇਨਕਲਾਬੀਆਂ ਨੂੰ ਸ਼ਰਨ ਦੇਣਾ ਉਹਨਾਂ ਦਾ ‘ਪਰਮੋ ਧਰਮ’ ਸੀ। ਉਸਤੋਂ ਵੀ ਅੱਗੇ ਜਾਕੇ ਉਹਨਾਂ ਨੇ ਇੱਕ ‘ਮਾਤਰੀ ਮੰਦਰ’ ਨਾਂ ਦੀ ਸੰਸਥਾ ਕਾਇਮ ਕੀਤੀ ਸੀ, ਜਿੱਥੇ ਮੇਰੇ ਅਤੇ ਸੁਸ਼ੀਲਾ ‘ਦੀਦੀ’ ਤੋਂ ਇਲਾਵਾ ਸੁਖਦੇਵ ਰਾਜ ਵੀ ਰਹਿੰਦਾ ਰਿਹਾ ਸੀ ਜੋ ਸਾਡੇ ਵਾਂਗ ਹੀ, ਮਫ਼ਰੂਰ ਸੀ। ਜੀਹਨੂੰ ਉਹਨਾਂ ਆਪਣੇ ਰਸਾਲੇ ਲਈ ‘ਪਰੂਫ ਰੀਡਰ’ ਵੱਜੋਂ 60 ਰੁਪੈ ਮਹੀਨਾ ਤੇ ਰੱਖਿਆ (ਜੋ ਉਨ੍ਹੀਂ ਦਿਨੀਂ ਬੜੀ ਵੱਡੀ ਰਕਮ ਸਮਝੀ ਜਾਂਦੀ ਸੀ) ਸੀ ਅਤੇ 27 ਫਰਵਰੀ 1931 ਨੂੰ ਆਜ਼ਾਦ ਦੀ ਸ਼ਹੀਦੀ ਵੇਲੇ ਵੀ ਉਹ ਉਥੇ ਹੀ ਨਿਯੁਕਤ ਸੀ। ਇੱਥੋਂ ਤੱਕ ਕਿ ਜਦੋਂ ਉਹ ਬੜੀ ਮੁਸ਼ਕਿਲ ਨਾਲ ਆਜ਼ਾਦ ਦੇ ਕਹਿਣ ਤੇ ਘੇਰੇ ’ਚੋਂ ਨਿਕਲ ਕੇ ਗਿਆ ਸੀ ਤਾਂ ਸਿੱਧਾ ‘ਚਾਂਦ’ ਦੇ ਦਫ਼ਤਰ ਜਾ ਕੇ, ਸਹਿਗਲ ਹੋਰਾਂ ਨੇ ਹਾਜ਼ਰੀ ਰਜਿਸਟਰ ’ਚ ਉਹਦੀ ਸੁਬਾਹ-ਸਵੇਰ ਦੀ ਹਾਜ਼ਰੀ ਪੁਆ ਦਿੱਤੀ ਸੀ।

''ਇਹ ਤਾਂ ਸਿਰਫ਼ ਕੁਝ ਕੁ ਮਿਸਾਲਾਂ ਉਹਨਾਂ ਇਨਕਲਾਬੀਆਂ ਦੇ ਔਖੇ ਵੇਲੇ ਕੰਮ ਆਉਂਦੀਆਂ, ਜਿਨ੍ਹਾਂ ਦੀ ਉਹ ਬਿਨਾ ਸੰਕੋਚ ਹਰ ਤਰ੍ਹਾਂ ਦੀ ਮਦਦ ਕਰਦੇ ਰਹੇ ਸਨ।''

ਲਾਹੌਰ ਸਾਜਿਸ਼ ਮੁਕਦਮੇ ਦੀ ਸੁਣਵਾਈ ਦੌਰਾਨ ਸ੍ਰੀ ਸਹਿਗਲ ਨੂੰ ਵੀ ਬਤੌਰ ਗਵਾਹ ਦੇ ਤਲਬ ਕੀਤਾ ਗਿਆ ਤੇ ਉਨ੍ਹਾਂ ਦੇ ਸਹਾਇਕ ਪੰਡਤ ਚਤਰ ਸੇਨ ਸ਼ਾਸਤਰੀ ਨੂੰ ਵੀ ਜੋ ਕ੍ਰਮਵਾਰ ਗਵਾਹ ਨੰ: 428 ਅਤੇ 350 ਸੀ, ਗਵਾਈ ਲਈ 19 ਅਗਸਤ ਅਤੇ 5 ਅਗਸਤ 1930 ਨੂੰ ਟ੍ਰਿਬਿਊਨਲ ਮੂਹਰੇ ਪੇਸ਼ ਹੋਏ ਸਨ।

ਗਾਂਧੀ ਜੀ ਨਾਲ ਦੋ ਮੁਲਾਕਾਤਾਂ:

''(1) *ਪਹਿਲੀ ਮੁਲਾਕਾਤ _ 1931*

'ਮੈਂ ਪਹਿਲੀ ਬਾਰੀ ਗਾਂਧੀ ਜੀ ਨੂੰ 1931 ਦੌਰਾਨ ਓਨ੍ਹੀਂ ਦਿਨੀਂ ਮਿਲੀ ਸੀ, ਜਦੋਂ ਗਾਂਧੀ ਅਤੇ ਵਾਇਸਰਾਏ ਇਰਵਨ ਵਿਚਾਲੇ ਗੱਲਬਾਤ ਚੱਲ ਰਹੀ ਸੀ। ਮੈਂ ਗਾਂਧੀ ਜੀ ਨੂੰ ਸਿਆਸੀ ਕੈਦੀਆਂ ਦੀ ਰਿਹਾਈ ਦੀ ਸ਼ਰਤ ਨੂੰ ਸਮਝੌਤੇ ਦੇ ਮੁੱਦੇ ਵਜੋਂ ਪੇਸ਼ ਕਰਨ ਲਈ ਰਾਜ਼ੀ ਕਰਨ ਲਈ ਗਾਂਧੀ ਜੀ ਕੋਲ ਪਹੁੰਚ ਕੀਤੀ ਸੀ। ਮੈਂ ਰਘੁਨੰਦਨ ਸ਼ਰਨ ਤੇ ਸੁਸ਼ੀਲਾ 'ਦੀਦੀ' ਨਾਲ ਡਾ. ਅਨਸਾਰੀ ਦੀ ਕੋਠੀ 'ਤੇ ਗਾਂਧੀ ਜੀ ਨੂੰ ਮਿਲੀ ਸਾਂ। ਉਥੇ ਪਹੁੰਚ ਕੇ ਅਸੀਂ ਪਹਿਲਾਂ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲੇ, ਜੋ ਸਾਨੂੰ ਬੜੇ ਚਾਅ ਨਾਲ ਮਿਲੇ ਸੀ। ਸਾਡੀ ਗਾਂਧੀ ਜੀ ਨਾਲ ਹੋਣ ਜਾ ਰਹੀ ਮੁਲਾਕਾਤ ਦੇ ਉੱਦੇਸ਼ ਬਾਰੇ ਤਾਂ ਉਹਨੇ ਕੁੱਝ ਕਹਿਣੋਂ ਸੰਕੋਚ ਹੀ ਕੀਤਾ, ਪਰ ਉਹਦੇ ਹਾਵ-ਭਾਵ ਤੋਂ ਲੱਗਦਾ ਸੀ ਕਿ ਉਹ ਇਸ ਬਾਰੇ 'ਕੁੱਝ ਨਾ ਕੁੱਝ' ਕੀਤੇ ਜਾਣ ਦੇ ਹੱਕ ਵਿੱਚ ਸਨ।

''ਗਾਂਧੀ ਜੀ ਨੇ ਸਾਨੂੰ ਵੇਖਦੇ ਸਾਰ ਹੀ 'ਸਮਝ ਲਿਆ' ਕਿ ਜਿਵੇਂ ਅਸੀਂ ਰੁਪੋਸ਼ੀ ਦੀ ਜ਼ਿੰਦਗੀ ਤੋਂ ਤੰਗ ਆਕੇ, ਆਪਣੇ ਵਿਰੁੱਧ ਜਾਰੀ ਵਾਰੰਟ ਵਾਪਸ ਕਰਵਾਉਣ ਦੀ ਮਨਸ਼ਾ ਨਾਲ ਆਏ ਹੋਈਏ। ਸੋ ਮੇਰੇ ਮੂੰਹ ਖੋਲ੍ਹਣੋ ਪਹਿਲਾਂ ਹੀ ਉਹਨਾਂ ਫਰਮਾਇਆ, ''ਤੂੰ ਜਾ ਕੇ ਪੁਲਿਸ ਦੇ ਪੇਸ਼ ਹੋ ਜਾ, ਮੈਂ ਤੇਰੇ ਲਈ ਕੁੱਝ ਕਰਨ ਦਾ ਚਾਰਾ ਕਰਾਂਗਾ।''

''ਮੈਂ ਬੜੇ ਦੁਖੀ ਮਨ ਨਾਲ ਕਿਹਾ, ''ਅਸੀਂ ਇੱਥੇ ਆਪਣੇ ਵਾਸਤੇ ਨਹੀਂ ਆਏ, ਬਲਕਿ ਭਗਤ ਸਿੰਘ, ਰਾਜਗੁਰੂ ਅਤੇ ਸੁਖ ਦੇਵ ਹੋਰਾਂ ਲਈ ਆਏ ਹਾਂ ਕਿ ਤੁਸੀਂ ਉਹਨਾਂ ਦੇ ਮਾਮਲੇ 'ਚ ਦਖ਼ਲ ਦਿਓ।''

''ਉਹ ਹਿੰਸਾਵਾਦੀ ਨੈ'', ਗਾਂਧੀ ਜੀ ਦਾ ਦੋ ਟੁਕ ਜਵਾਬ ਸੀ।

''ਫੇਰ 'ਮਹਾਤਮਾ ਜੀ' ਨੇ 'ਐਧਰ-ਓਧਰ' ਦੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਅਸੀਂ ਵਾਪਸ ਆ ਗਏ।

''(2) *ਦੂਜੀ ਮੁਲਾਕਾਤ: 1938*

'ਮੈਂ ਦੂਜੀ ਬਾਰ ਉਹਨਾਂ ਨੂੰ ਸੱਤ ਸਾਲ ਪਿਛੋਂ 1938 'ਚ ਮਿਲੀ ਸਾਂ, ਜਦੋਂ 1937 ਦੀਆਂ ਅਸੈਂਬਲੀ ਚੋਣਾਂ ਪਿਛੋਂ ਪਹਿਲੀ ਵਾਰੀ ਕੁੱਝ ਸੂਬਿਆਂ ਵਿੱਚ ਕਾਂਗਰਸੀ ਸਰਕਾਰਾਂ ਬਣੀਆਂ ਸਨ। ਅਸੀਂ ਆਪਣੇ ਦੋ ਜੇਲ੍ਹੀ ਸਾਥੀਆਂ, ਭਗਵਾਨ ਦਾਸ ਮਾਹੌਰ ਅਤੇ ਸਦਾਸ਼ਿਵਰਾਵ ਮਲਕਾਪੁਰਕੁਰ ਦੀ ਰਿਹਾਈ ਲਈ ਮਿਲਣ ਗਏ ਸਾਂ, ਜੋ ਭੁਸਾਵਲ ਕੇਸ 'ਚ 1930 ਤੋਂ ਕੈਦ ਭੁਗਤ ਰਹੇ ਸਨ। ਅਸੀਂ ਗਾਂਧੀ ਜੀ ਨੂੰ ਇਹ ਕਹਿਣਾ ਸੀ ਕਿ ਉਹ ਇਸ ਮਾਮਲੇ 'ਚ ਦਖ਼ਲ ਦੇਕੇ ਉਹਨਾਂ ਦੀ ਰਿਹਾਈ ਸੁਨਿਸਚਿਤ ਕਰਨ। ਸਾਡੀ ਇਹ ਮੁਲਾਕਾਤ ਗੱਡੀ ਵਿੱਚ ਹੋਈ, ਜਦੋਂ ਉਹ ਲਾਹੌਰ ਤੋਂ ਗੁਜਰਾਤ ਸਹਿਰ ਵੱਲ ਨੂੰ ਜਾ ਰਹੇ ਸਨ। ਨਾਰੋਜੀ ਭੈਣ, ਜੋ ਮੇਰੀ ਦਿੱਲੀ ਰਿਹਾਇਸ਼ ਦੌਰਾਨ ਮੇਰੇ ਕੋਲ ਆਕੇ ਠਹਿਰਦੇ ਹੁੰਦੇ ਸਨ, ਉਨ੍ਹਾਂ ਮੇਰੀ ਇਹ ਮੁਲਾਕਾਤ ਕਰਵਾਈ ਸੀ, ਅਤੇ ਜੋ ਮੁਲਾਕਾਤ ਵੇਲੇ ਵੀ ਮੌਜੂਦ ਸਨ।

ਮੈਂ ਗਾਂਧੀ ਜੀ ਨੂੰ ਏਕਾਂਤ ਵਿੱਚ ਮਿਲਣ ਦੀ ਬੇਨਤੀ ਕੀਤੀ ਕਿਉਂਕਿ ਉਸ ਵੇਲੇ ਪਿਆਰੇ ਲਾਲ ਭੋਲਾਭਾਈ ਦੇਸਾਈ, ਸੁਸ਼ੀਲਾ ਨਯੀਅਰ ਅਤੇ ਹੋਰ ਕਈ ਆਗੂ ਕੋਲ ਬੈਠੇ ਹੋਏ ਸਨ। ਸੋ ਉਨ੍ਹਾਂ ਨਾਲ ਅਸੀਂ ਉਸ ਵੱਡੇ ਸਾਰੇ ਡੱਬੇ ਦੇ ਇੱਕ ਵੱਖਰੇ ਜਿਹੇ ਕੋਨੇ ਤੇ ਬੈਠ ਕੇ ਗਲਬਾਤ ਕੀਤੀ।

ਉਸ ਵੇਲੇ ਦੀ ਯੂ.ਪੀ. ਦੀ ਕਾਂਗਰਸੀ ਸਰਕਾਰ ਨੇ ਕਿਸੇ ਕੈਦੀ ਨੂੰ ਉਹਦੀ ਕੈਦ ਦੀ ਮਿਆਦ ਪੁਗਣ ਤੋਂ ਪਹਿਲਾਂ ਰਿਹਾਈ ਲਈ ਸ਼ਰਤ ਰੱਖੀ ਹੋਈ ਸੀ ਕਿ ਉਹ ਲਿਖਤੀ ਤੌਰ ਤੇ ਭਰੋਸਾ ਦੇਵੇ ਕਿ ਉਹ ਹੁਣ ਹਿੰਸਾ ਵਿੱਚ ਯਕੀਨ ਨਹੀਂ ਰੱਖਦਾ ਅਤੇ ਅੱਗੇ ਤੋਂ ਕੋਈ ਹਿੰਸਕ ਕਾਰਵਾਈ ਨਹੀਂ ਕਰੇਗਾ। ਅਸੀਂ ਆਪਣੇ ਵੱਲੋਂ ਸਰਕਾਰ ਨੂੰ ਇਹ ਮਨਾਉਣ ਲਈ ਚਾਰਾ ਕਰ ਰਹੇ ਸਾਂ ਕਿ ਇਹਨਾਂ ਨੂੰ ਬਿਨਾ ਸ਼ਰਤ ਰਿਹਾਅ ਕਰ ਦਿੱਤਾ ਜਾਵੇ। ਸਾਡੇ ਦੋਵੇਂ ਸਾਥੀ ਕਿਸੇ ਕੀਮਤ ਤੇ ਵੀ ਅਸੂਲੀ ਤੌਰ ਤੇ ਕੋਈ ਅਜੇਹਾ ਭਰੋਸਾ ਲਿਖਤੀ ਰੂਪ ਵਿੱਚ ਦੇਣ ਲਈ ਤਿਆਰ ਨਹੀਂ ਸਨ, ਹਾਲਾਂਕਿ ਬਦਲ ਚੁਕੇ ਹਾਲਾਤ ਵਿੱਚ ਹਿੰਸਕ ਕਾਰਵਾਈਆਂ ਦੀ ਕੋਈ ਤੁਕ ਰਹਿ ਨਹੀਂ ਸੀ ਗਈ।

ਇਸ ਮਾਮਲੇ 'ਚ ਬੰਬਈ ਸਰਕਾਰ ਨਾਲ (ਯੂ.ਪੀ. ਸਰਕਾਰ ਦਾ) ਪੱਤਰ ਵਿਹਾਰ ਹੋ ਰਿਹਾ ਸੀ, ਕਿਉਂਕਿ ਭੁਸਾਵਲ ਉਦੋਂ ਬੰਬਈ ਸੂਬੇ ਵਿੱਚ ਪੈਂਦਾ ਸੀ ਅਤੇ ਮੇਰੇ ਕੋਲ ਸੰਬੰਧਤ ਮਿਸਲ ਦੀ ਕਾਪੀ ਵੀ ਸੀ। ਗਾਂਧੀ ਜੀ ਇਹ ਮੰਨਣ ਲਈ ਤਿਆਰ ਨਹੀਂ ਸਨ ਕਿ ਇਹ ਰਿਹਾਈ (ਯੂ.ਪੀ.) ਸਰਕਾਰ ਦੇ ਹੱਥ-ਵੱਸ ਹੈ, ਅਤੇ ਉਹ ਰਿਹਾਅ ਕਰ ਨਹੀਂ ਰਹੀ। ਮੇਰੇ ਉਹਨਾਂ ਨੂੰ ਮਿਸਲ ਵਿਖਾਉਣ ਤੇ ਉਹਨਾ ਕਿਹਾ, ''ਮੈਂ ਪੂਰੀ ਵਾਹ ਲਾਵਾਂਗਾ।''

ਪਿਛੋਂ ਦੇ ਹਾਲਾਤ

ਪੰਜਾਬ ਅਤੇ ਦਿੱਲੀ ਤੋਂ ਬਾਹਰ ਰਹਿਣ ਦੇ ਤਿੰਨ ਸਾਲਾਂ ਦੇ ਅਰਸੇ ਦੌਰਾਨ 'ਭਾਬੀ' ਨੇ ਦੋ ਸਾਲ ਲਈ ਪਿਆਰੇ ਲਾਲ ਗਰਲਜ਼ ਹਾਈ ਸਕੂਲ, ਗਾਜ਼ਿਆਬਾਦ 'ਚ ਅਧਿਆਪਕੀ ਕੀਤੀ। ਹੁਣ ਵਾਪਸ ਲਾਹੌਰ ਜਾਕੇ ਰਹਿਣ ਦੀ ਤਾਂ ਕੋਈ ਤੁਕ ਰਹਿ ਨਹੀਂ ਸੀ ਗਈ ਜਾਪਦੀ, ਕਿਉਂਕਿ ਉਥੋਂ ਦੇ ਸਾਰੇ ਸਾਥੀ ਖਿੰਡ-ਪੁੰਡ ਗਏ ਹੋਏ ਸਨ।
ਮੰਦ ਭਾਗੀਂ ਇਹਨੀ ਦਿਨੀਂ ਹੀ 'ਭਾਬੀ' ਨੂੰ ਟੀ.ਬੀ. ਹੋਣ ਦੇ ਲੱਛਣ ਪਾਏ ਜਾਣ ਤੇ ਉਸ ਨੂੰ ਹਰੀਜਨ ਕਾਲੋਨੀ ਨੇੜਲੇ ਸੈਨੀਟੋਰੀਅਮ 'ਚ ਦਾਖ਼ਲ ਹੋਣਾ ਪਿਆ। ਵੈਸੇ ਉਹਨਾਂ ਦਿੱਲੀ ਵਿੱਚ ਵੀ ਮਕਾਨ ਲੈ ਲਿਆ ਸੀ।

### ਇਨਕਲਾਬੀਆਂ ਦੀ ਰਿਹਾਈ

1937 ਦੌਰਾਨ ਯੂ.ਪੀ. ਤੇ ਕੁੱਝ ਹੋਰ ਸੂਬਿਆਂ ਵਿੱਚ ਕਾਂਗਰਸੀ ਸਰਕਾਰਾਂ ਬਣਨ ਤੇ ਕਈ ਪੁਰਾਣੇ ਇਨਕਲਾਬੀਆਂ ਨੂੰ ਜੇਲ੍ਹੋਂ ਰਿਹਾਅ ਕੀਤਾ ਗਿਆ। 'ਭਾਬੀ' ਉਹਨੀਂ ਦਿਨੀਂ ਦਿੱਲੀ ਪ੍ਰਦੇਸ਼ ਕਾਂਗਰੇਸ ਕਮੇਟੀ ਦੀ ਪ੍ਰਧਾਨ ਸੀ। ਉਨ੍ਹਾਂ ਦੀ ਪਹਿਲ ਕਦਮੀ 'ਤੇ ਕਾਕੋਰੀ ਕੇਸ ਵਾਲੇ ਰਿਹਾਅ ਹੋਏ ਇਨਕਲਾਬੀਆਂ ਦੇ ਜੰਤਕ ਸੁਆਗਤ ਦਾ ਐਲਾਨ ਕੀਤਾ ਗਿਆ। ਸਰਕਾਰ ਨੇ ਉਹਨਾਂ ਦੇ ਦਿੱਲੀ ਦਾਖ਼ਲੇ ਦੀ ਮਨਾਹੀ ਦੇ ਹੁਕਮ ਜਾਰੀ ਕਰ ਦਿੱਤੇ। ਪ੍ਰਬੰਧਕਾਂ ਨੇ ਰੋਸ ਵਜੋਂ ਗ੍ਰਿਫਤਾਰ ਹੋਣ ਦੀ ਪੇਸਕਸ਼ ਕਰ ਦਿੱਤੀ। ਦਿੱਲੀ ਕਾਂਗਰੇਸ ਵੱਲੋਂ 'ਭਾਬੀ' ਨੇ ਇੱਕ ਕਨਵੈਨਸ਼ਨ ਬੁਲਾਈ ਜਿਸ ਵਿੱਚ ਸਿਰੋਜਨੀ ਨਾਈਡੂ, ਮੌਲਾਨਾ ਅਬਦੁਲਕਲਾਮ ਆਜ਼ਾਦ ਅਤੇ ਹੋਰ ਪ੍ਰਸਿੱਧ ਕੌਮੀ ਆਗੂ ਸ਼ਾਮਲ ਹੋਏ।

### ਲਖਨਊ

ਦੁਰਗਾ 'ਭਾਬੀ' ਦੇ ਸ਼ਬਦਾਂ 'ਚ, ''ਸਾਲ 1938 ਦੇ ਅਖ਼ੀਰ 'ਚ (ਮੈਂ) ਲਖਨਊ ਚਲੀ ਗਈ ਜਦੋਂ ਪੰਡਤ ਗੋਬਿੰਦ ਵਲਭ ਪੰਤ ਯੂ.ਪੀ. ਦੇ ਮੁੱਖ ਮੰਤਰੀ ਸਨ। ਮੈਂ ਤਰੀਪੁਰਾ ਹੋਣ ਵਾਲੇ ਕਾਂਗਰੇਸ ਸੈਸ਼ਨ ਲਈ ਯੂ.ਪੀ. ਤੋਂ ਡੈਲੀਗੇਟ ਚੁਣੀ ਗਈ ਸਾਂ ਅਤੇ ਤਰੀਪੁਰਾ ਸੈਸ਼ਨ ਵਿੱਚ ਸਮੂਲੀਅਤ ਵੀ ਕੀਤੀ। ਹੁਣ ਮੈਂ ਕਾਂਗਰੇਸ ਵਿੱਚ ਪੂਰੀ ਤਰ੍ਹਾਂ ਸਰਗਰਮ ਸਾਂ ਤੇ ਕੋਈ ਛੇ ਮਹੀਨੇ ਮੈਂ ਪਾਰਟੀ ਲਈ ਡੱਟ ਕੇ ਕੰਮ ਕੀਤਾ।
''1939 ਵਿੱਚ ਮੈਂ ਮੋਂਟੇਸਰੀ ਅਧਿਆਪਕੀ (ੰਨਟਏਸਸਅਰੇ ਠਏਅਚਹੲਰਸ') ਕੋਰਸ ਕਰਨ ਲਈ ਮਦਰਾਸ ਸ਼ਹਿਰ ਚਲੀ ਗਈ ਤੇ ਵਾਪਸੀ ਅਤੇ ਲਖਨਊ ਵਿਖੇ ਜੁਲਾਈ 1940 ਵਿੱਚ ਮੋਂਟੇਸਰੀ ਸਕੂਲ ਖੋਲ੍ਹ ਲਿਆ, ਜਿਹੜਾ ਕੁੱਝ ਚਿਰ ਪਿਛੋਂ ਤਰੱਕੀ ਕਰਕੇ ਲਖਨਊ ਮੋਂਟੇਸਰੀ ਇੰਟਰਮੀਡੀਏਟ ਕਾਲਜ ਬਣ ਗਿਆ ਸੀ।
''1982 ਵਿੱਚ ਮੈਂ ਆਪਣੇ ਬੇਟੇ ਸ਼ਚਿੰਦਰ ਕੋਲ ਗਾਜ਼ੀਆਬਾਦ ਆ ਗਈ ਅਤੇ ਫਿਰ ਉਥੇ ਹੀ ਰਹਿੰਦੀ ਰਹੀ ਹਾਂ।

### ਲੇਖਕ ਦੇ ਕੁੱਝ ਨਿੱਜੀ ਅਨੁਭਵ

ਭਾਵੇਂ ਕਿ ਮੈਂ ਕਈ ਸਾਲਾਂ ਤੋਂ ਵੋਹਰਾ ਪਰਿਵਾਰ ਦੀ ਇਨਕਲਾਬੀ ਲਹਿਰ ਨੂੰ ਦੇਣ ਤੇ ਉਹਨਾਂ ਦੀਆਂ ਲਾ-ਮਿਸਾਲ ਕੁਰਬਾਨੀਆਂ ਬਾਰੇ ਸੁਣਦਾ ਆ ਰਿਹਾ ਸਾਂ, ਪਰ ਪਹਿਲੀ ਵਾਰੀ 28 ਮਈ 1981 ਨੂੰ ਹੀ ਦੁਰਗਾ 'ਭਾਬੀ' ਦੇ ਦਰਸ਼ਨ ਨਸੀਬ ਹੋਏ ਸਨ, ਜਦੋਂ ਉਹ ਆਪਣੇ ਪਤੀ ਦੀ ਸ਼ਹੀਦੀ ਦੀ ਗੋਲਡਨ ਜੁਬਲੀ ਸਮਾਗਮ 'ਚ ਸ਼ਾਮਲ ਹੋਣ ਲਈ ਲੁਧਿਆਣੇ ਆਏ ਸੀ। ਮੈਂ ਉਹਨਾਂ ਦੇ ਲੁਧਿਆਣਾ ਸਟੇਸ਼ਨ 'ਤੇ ਭਾਰੀ ਇਕੱਠ ਵਿੱਚ ਗੱਡੀਓਂ ਉਤਰਦਿਆਂ ਦੇ ਝਲਕ-ਮਾਤਰ ਦਰਸ਼ਨ ਕੀਤੇ ਸਨ। ਫਿਰ ਉਸੇ ਸ਼ਾਮੀ ਵਿਸ਼ਾਲ ਦਰੇਸੀ ਮੈਦਾਨ ਵਿੱਚ ਭਾਰੀ ਇਕੱਠ ਦੌਰਾਨ ਬੋਲਦਿਆਂ ਵੀ ਸੁਣਿਆ ਸੀ, ਪਰ ਮੇਰਾ ਇਸ ਬਾਰੇ ਪਛਤਾਵਾ ਅੱਜ ਤੱਕ ਬਣਿਆ ਹੋਇਆ ਹੈ ਕਿ ਮੈਂ ਉਹਨਾਂ ਦੇ ਅਨਮੋਲ ਬੋਲਾਂ 'ਚੋਂ ਕੁੱਝ ਵੀ ਚੇਤੇ ਨਹੀਂ ਕਰ ਪਾ ਰਿਹਾ।
ਇਹ ਲੁਧਿਆਣਾ ਓਹੀ ਸੀ ਜਿੱਥੇ ਦੇ ਜੰਮ-ਪਲ ਕਰਤਾਰ ਸਿੰਘ ਸਰਾਭਾ ਦੀ ਲਾਹੌਰ ਬਰਾਡਲਾ ਹਾਲ ਵਿਖੇ ਪਹਿਲੇ ਸ਼ਹੀਦੀ ਸਮਾਗਮ ਵੇਲੇ 'ਭਾਬੀ' ਅਤੇ 'ਦੀਦੀ' ਨੇ ਆਪਣੀਆਂ ਉਂਗਲੀਆਂ 'ਚੋਂ ਲਹੂ ਦੇ ਛਿੱਟੇ ਸ਼ਹੀਦ ਦੇ ਚਿੱਤਰ ਤੇ ਸਜਾਈ ਖੱਦਰ ਦੀ ਚਿੱਟੀ ਦੁੱਧ ਚਾਦਰ ਤੇ ਵਾਰੇ ਸਨ।
ਪਰ ਮੈਨੂੰ ਇਹ ਸੋਝੀ, ਉਸ ਤੋਂ ਬਹੁਤ ਪਿਛੋਂ ਹੀ ਜਾਕੇ ਹੋਈ ਸੀ। ਨਾਲੇ ਇਹ ਉਹੀ ਕਰਤਾਰ ਸਿੰਘ ਸੀ, ਜਿਸਦੇ ਨਾਂ 'ਤੇ ਪ੍ਰਧਾਨ ਵਜੋਂ ਸ਼ਹੀਦ ਭਗਵਤੀ ਚਰਨ ਦੁਆਰਾ ਲਿਖੀਆਂ ਪਾਰਟੀ ਦੀਆਂ ਤਿੰਨੇ ਇਤਿਹਾਸਿਕ ਦਸਤਾਵੇਜ਼ਾਂ ਜਾਰੀ ਕੀਤੀਆਂ ਗਈਆਂ ਸਨ; ਇਸਦਾ ਪਤਾ ਵੀ ਮੈਨੂੰ ਬਹੁਤ ਪਿਛੋਂ ਜਾਕੇ ਹੀ ਲੱਗਿਆ ਸੀ।
ਇਹ ਸਮਾਗਮ ਪੰਜਾਬ ਸਰਾਕਰ ਵਲੋਂ ਆਯੋਜਿਤ ਕੀਤਾ ਹੋਇਆ ਸੀ, ਜਿਸ ਲਈ ਦੁਰਗਾ 'ਭਾਬੀ' ਦੇ ਸਾਰੇ ਰੁਝੇਵੇ ਸਰਕਾਰ ਵੱਲੋਂ ਸੁਨਿਸ਼ਚਿਤ ਕੀਤੇ ਹੋਏ ਹੋਣ ਕਰਕੇ ਉਹਨਾਂ ਨਾਲ ਨਿੱਜੀ ਸੰਪਰਕ ਕਰਨਾ ਲਗਭਗ ਅਸੰਭਵ ਹੀ ਸੀ।
ਮੇਰੇ ਲਈ ਥੋੜ੍ਹੀ ਜਿਹੀ ਸੰਤੁਸ਼ਟੀ ਵਾਲੀ ਗੱਲ ਇਹ ਹੈ ਕਿ 1997 ਮਾਰਚ ਦੀ 27 ਤਾਰੀਖ਼, ਜਦੋਂ ਉਹ 90 ਸਾਲਾਂ ਦੇ ਹੋ ਚੁਕੇ ਸਨ, ਆਪਣੇ ਦੋਹਤੇ ਸੰਗ੍ਰਾਮ ਨਾਲ ਉਹਨਾਂ ਦੇ ਗਾਜ਼ੀਆਬਾਦ ਨਿਵਾਸ ਤੇ ਕੁੱਝ ਪਲਾਂ ਲਈ ਦਰਸ਼ਨ ਕਰ ਸਕਿਆ ਸਾਂ। ਉਸ ਵੇਲੇ ਉਹ ਆਰਾਮ ਕਰ ਰਹੇ ਸਨ, ਅਤੇ ਚੁਪਚਾਪ ਉਹਨਾਂ ਨੂੰ ਪ੍ਰਣਾਮ ਕਰਨ ਦਾ ਹੀ ਸੁਭਾਗ ਮਿਲ ਸਕਿਆ ਸੀ।
ਉਸ ਤੋਂ ਢਾਈ ਸਾਲ ਪਿਛੋਂ ਉਹ ਸਦੀਵੀ ਵਿਛੋੜਾ ਦੇ ਗਏ ਸੀ।

ਸਚਿੰਦਰ ਵੋਹਰਾ ਨਾਲ ਭੇਂਟ _ 15 ਅਪ੍ਰੈਲ 2003

ਮੈਂ 1997 ਵਿੱਚ ਦੁਰਗਾ 'ਭਾਬੀ' ਹੋਰਾਂ ਦੇ ਜੋ ਦਰਸ਼ਨ ਕੀਤੇ ਸੀ, ਓਹ ਸ਼ਚਿੰਦਰ ਵੋਹਰਾ ਦੇ ਬਹੁਮੁਲੇ ਸਹਿਯੋਗ ਨਾਲ ਹੀ ਕਰ ਸਕਿਆ ਸਾਂ; ਅਤੇ ਉਦੋਂ ਤੋਂ ਹੀ ਮੇਰੀ ਤਾਂਘ ਰਹੀ ਸੀ ਕਿ ਕਿਸੇ ਵੇਲੇ ਆਕੇ ਇਹਨਾਂ ਨਾਲ ਗੱਲਬਾਤ ਕਰਕੇ ਕੁੱਝ ਜਾਣਕਾਰੀ ਲੈ ਸਕਾਂ ਤੇ ਨਾਲੇ ਇਹਨਾਂ ਦੀ ਫੋਟੋ ਵੀ ਲੈ ਲਵਾਂ।

ਉਮਰ ਦੇ ਲਿਹਾਜ਼ ਨਾਲ ਉਹ ਮੇਰੇ ਤੋਂ ਚਾਰ ਕੁ ਸਾਲ ਵੱਡੇ ਹੋਣਗੇ।

ਮੇਰੀ ਇਸ ਮੁਲਾਕਾਤ ਦੀ ਰਿਕਾਰਡਿੰਗ ਤਾਂ ਨਹੀਂ ਸੀ ਕੀਤੀ ਜਾ ਸਕੀ, ਪਰ ਮੇਰੀ ਇਸ ਮੁਲਾਕਾਤ ਨੂੰ ਸੰਭਵ ਬਨਾਉਣ ਵਾਲੇ ਮੇਰੇ ਅਜ਼ੀਜ਼ ਸਾਗਿਰਦ, ਪ੍ਰੋਫ਼ੈਸਰ ਮਨੋਹਰ ਲਾਲ ਸਿੰਗਲਾ, ਜੋ ਮੈਨੂੰ ਉਥੇ ਲੈ ਕੇ ਗਏ ਸਨ, ਨਾਲ ਦੀ ਨਾਲ ਵਾਰਤਾਲਾਪ ਨੋਟ ਕਰਦੇ ਗਏ, ਜੋ ਇਸ ਪ੍ਰਕਾਰ ਹੈ:

''ਮੈਂ ਉਸ ਵੇਲੇ ਬੱਚਾ ਹੋਣ ਕਰਕੇ ਕਿਸੇ ਸਰਗਰਮੀ ਵਿੱਚ ਹਿੱਸਾ ਲੈ ਨਹੀਂ ਸਕਦਾ ਸਾਂ।

''ਜਦੋਂ ਮੇਰੇ ਮਾਤਾ ਜੀ ਕੈਦ ਸਨ, ਮੈਂ 1934-35 ਦੌਰਾਨ ਬਨਾਰਸ ਵਿੱਚ ਅਛੂਤ ਪਟਵਰਧਨ ਅਤੇ ਕੁੱਝ ਹੋਰਨਾਂ ਕੋਲ ਰਿਹਾ ਸਾਂ।

''ਜਦੋਂ ਮੈਂ 6 ਕੁ ਸਾਲ ਦਾ ਹੋਇਆ, ਤਾਂ ਮੇਰਾ ਆਪਣੇ ਪਰਿਵਾਰ ਨਾਲ ਸੰਪਰਕ ਟੁਟ ਚੁੱਕਾ ਸੀ ਅਤੇ ਮੈਂ ਉਹਨਾਂ ਲੋਕਾਂ ਕੋਲ ਰਹਿੰਦਾ ਰਿਹਾ ਸਾਂ, ਜੋ ਬਸ ਮੈਨੂੰ 'ਰੱਖ' ਹੀ ਰਹੇ ਸਨ, ਉਹਨਾਂ ਦੀ ਮੇਰੇ ਵਿੱਚ ਕੋਈ ਦਿਲਚਸਪੀ ਨਹੀਂ ਸੀ।

''ਨਵੀਂ ਪੀੜ੍ਹੀ ਦਾ ਨਜ਼ਰੀਆ ਪਿਛਲੀ ਪੀੜ੍ਹੀ ਨਾਲੋਂ ਬਹੁਤ ਵੱਖਰਾ ਹੈ, ਉਹਨਾਂ ਨੂੰ ਮੁਖ਼ਾਤਬ ਹੋਣ ਲਈ ਓਹਨਾਂ ਦਾ ਮੁਹਾਵਰਾ ਅਪਨਾਉਣਾ ਹੋਵੇਗਾ।

''ਜਦੋਂ ਮੇਰੇ ਮਾਤਾ ਜੀ ਲਾਹੌਰ ਤੋਂ ਬਾਹਰ ਨਹੀਂ ਸੀ ਜਾ ਸਕਦੇ, ਉਦੋਂ ਅਸੀਂ ਆਪਣੇ ਮਿਲਖੀ ਰਾਮ ਗਲੀ ਵਾਲੇ ਮਕਾਨ ਵਿੱਚ ਰਹਿੰਦੇ ਸਾਂ।

''ਜਦੋਂ ਪੰਜਾਬ ਸਰਕਾਰ ਨੇ ਉਹਨਾਂ ਨੂੰ ਪੰਜਾਬ ਤੋਂ ਬਾਹਰ ਰਹਿਣ ਦਾ ਹੁਕਮ ਦਿੱਤਾ ਤਾਂ ਉਹ ਗਾਜ਼ੀਆਬਾਦ ਆ ਗਏ, ਜਿਥੇ ਉਹਨਾਂ ਦੋ ਕੁ ਸਾਲ ਅਧਿਆਪਕੀ ਕੀਤੀ ਸੀ।

''ਅਸੀਂ ਦਿੱਲੀ ਕਸ਼ਮੀਰੀ ਗੇਟ, ਨਿਕਲਸਨ ਰੋਡ ਤੇ ਵੀ ਰਹੇ ਸਾਂ, ਉਥੇ ਸਾਡਾ ਆਪਣਾ ਫ਼ਲੈਟ ਸੀ।

''ਮੇਰੇ ਮਾਤਾ ਜੀ ਦਿੱਲੀ ਪ੍ਰਦੇਸ਼ ਕਾਂਗਰੇਸ ਦੇ ਪ੍ਰਧਾਨ ਵੀ ਰਹੇ ਸਨ। 1938 ਵਿੱਚ ਅਸੀਂ ਲਖਨਊ ਚਲੇ ਗਏ ਸਾਂ, ਜਿੱਥੇ ਉਹਨਾਂ ਨੇ 4-5 ਬੱਚਿਆਂ ਨਾਲ ਹੀ ਸਕੂਲ ਸ਼ੁਰੂ ਕੀਤਾ ਸੀ, ਜਿਸਨੂੰ ਉਨ੍ਹਾਂ 50 ਸਾਲ ਚਲਦੇ ਰੱਖਿਆ ਸੀ।

''ਮੈਂ ਆਜ਼ਾਦ ਨੂੰ 'ਮੋਟੇ ਚਾਚਾ' ਚਾਚਾ ਕਹਿੰਦਾ ਸੀ। ਉਹ ਕੁਝ ਭਾਵੁਕ ਤਰ੍ਹਾਂ ਦੇ ਸਨ। ਭਗਤ ਸਿੰਘ ਨੂੰ ਮੈਂ 'ਲੰਬੇ ਚਾਚਾ' ਕਹਿੰਦਾ ਸੀ।

''ਉਸ ਸਮੇਂ ਵਸੀਲੇ ਬਹੁਤ ਸੀਮਤ ਹੁੰਦੇ ਸਨ, ਪਰ ਉਹ ਸਾਰੇ ਮਿਲ-ਜੁਲ ਕੇ ਕੰਮ ਕਰਦੇ ਸਨ _ ਛੋਟੀਆਂ-ਛੋਟੀਆਂ ਟੋਲੀਆਂ 'ਚ।

''ਦਿੱਲੀ ਸਰਕਾਰ ਨੇ ਮੇਰੇ ਮਾਤਾ ਜੀ ਬਾਰੇ ਇੱਕ ਕਿਤਾਬ ਛਾਪੀ ਹੈ, ਜੋ ਵਚਨੇਸ਼ ਤ੍ਰਿਪਾਠੀ ਦੀ ਲਿਖੀ ਹੋਈ ਹੈ।

''ਇਹਨਾਂ ਸਾਰੇ ਇਨਕਲਾਬੀਆਂ ਦਾ ਮੇਲ ਨੈਸ਼ਨਲ ਕਾਲਜ, ਲਾਹੌਰ 'ਚ ਹੋਇਆ ਸੀ, ਜਿੱਥੇ ਨਾਹਨ ਤੋਂ ਇੱਕ ਅਧਿਆਪਕ, ਉਦੈ ਵੀਰ ਸਿੰਘ ਉਹਨਾਂ ਦੇ ਠਹਿਰਨ ਦਾ ਪ੍ਰਬੰਧ ਕਰਦੇ ਸੀ। ਅੱਜ ਦੇ ਦਿਨ ਕੋਈ ਵੀ ਉਹਨਾਂ ਕ੍ਰਾਂਤੀਕਾਰੀਆਂ ਦਾ ਮਾਨ-ਸਨਮਾਨ ਕਰਦਾ ਨਜ਼ਰ ਨਹੀਂ ਆ ਰਿਹਾ।

''ਬਨਾਰਸ ਵਿੱਚ ਮੈਂ ਮੋਂਟੇਸਰੀ ਸਕੂਲ 'ਚ ਪੜ੍ਹਦਾ ਸਾਂ, ਫਿਰ ਗ਼ਾਜ਼ੀਆਬਾਦ ਦੇ ਸੰਭੂ ਦਿਆਲ ਸਕੂਲ ਅਤੇ ਬਾਅਦ ਵਿੱਚ ਦਿੱਲੀ ਦੇ ਜੀਸਿਸ ਮੇਰੀ ਕਾਨਵੈਂਟ ਸਕੂਲ ਵਿੱਚ, ਜਿੱਥੇ 12 ਸਾਲ ਤੱਕ ਦੇ ਬੱਚੇ ਪੜ੍ਹਦੇ ਸਨ। ਪਿਛੋਂ ਮੈਂ ਦਰਿਆ ਗੰਜ 'ਚ ਸਥਿਤ ਕੈਬਰਿਜ ਸਕੂਲ 'ਚ ਪੜ੍ਹਿਆ ਸਾਂ।

''ਜਦੋਂ ਅਸੀਂ ਲਖਨਊ ਰਹਿੰਦੇ ਸਾਂ, ਉਥੇ ਮੈਂ ਲਖਨਊ ਯੂਨੀਵਰਸਿਟੀ ਦੇ ਕ੍ਰਿਸਚਨ ਕਾਲਜ 'ਚ ਪੜ੍ਹਿਆ ਸਾਂ। 1942 ਦੇ 'ਭਾਰਤ ਛੱਡੋ' ਅੰਦੋਲਨ ਦੇ ਸਬੰਧ ਵਿੱਚ ਮੈਂ ਵੀ ਗ੍ਰਿਫਤਾਰ ਕਰ ਲਿਆ ਗਿਆ ਸਾਂ; ਭਾਵੇਂ ਦੋ-ਤਿੰਨ ਦਿਨਾਂ ਪਿੱਛੋਂ ਮੈਨੂੰ ਛੱਡ ਦਿੱਤਾ ਗਿਆ ਸੀ, ਪਰ ਇਸੇ ਆਧਾਰ ਤੇ ਹੀ ਮੈਨੂੰ ਕਾਲਜ ਤੋਂ ਇੱਕ ਸਾਲ ਲਈ ਕੱਢ ਦਿੱਤਾ ਗਿਆ ਸੀ।

''ਮੈਂ 1947-49 ਦੌਰਾਨ, ਅਮਰੀਕਾ ਦੀ ਟੈਨੇਸੀ (ਠਣਨਨਣਸਸਣ) ਯੂਨੀਵਰਸਿਟੀ ਤੋਂ ਇਲੈਕਟ੍ਰੀਕਲ ਇੰਜਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਸੀ।

''ਮੇਰੀ ਯੂਨੀਅਨ ਕਾਰਬਾਈਡ (ਉਦੋਂ ਨੈਸ਼ਨਲ ਕਾਰਬਾਈਡ) ਕੰਪਨੀ ਵਿੱਚ 1949 ਦੇ ਅਖੀਰ ਵਿੱਚ ਨਿਯੁਕਤੀ ਹੋਈ ਸੀ; 1975 ਤੱਕ ਮੈਂ ਵਿਸ਼ਾਖਾਪਟਨਮ 'ਚ ਨੌਕਰੀ ਕੀਤੀ ਅਤੇ ਬਤੌਰ ਜਨਰਲ ਮੈਨੇਜਰ (ਮੈਰੀਨ) ਸੇਵਾਮੁਕਤ ਹੋਇਆ।

''ਇਸ ਮਕਾਨ ਲਈ ਮੈਂ ਜਗ੍ਹਾਂ ਖਰੀਦ ਕੇ 1975-76 ਵਿੱਚ ਇਹ ਮਕਾਨ ਬਨਾਇਆ ਸੀ।

''ਲਖਨਊ ਵਾਲਾ ਸਕੂਲ ਤਰੱਕੀ ਕਰਦਾ-ਕਰਦਾ ਇੱਕ ਪ੍ਰਸਿੱਧ ਕਾਲਜ ਬਣ ਗਿਆ ਹੈ, ਜਿਸ 'ਚ ਤਕਰੀਬਨ 2500 ਵਿਦਿਆਰਥੀ ਹਨ।

''ਮੇਰੀਆਂ ਦੋ ਬੇਟੀਆਂ ਹਨ, ਵੱਡੀ ਮਧੂ ਪਰਮਾਰ, ਜੋ ਸ਼ਿਮਲਾ ਵਿਖੇ ਪ੍ਰੋਫ਼ੈਸਰ ਹੈ, ਦੂਜੀ ਸਿਰਤੀ, ਵੀ ਸਬਾਠੂ 'ਚ ਪੜ੍ਹਾਉਂਦੀ ਹੈ; ਬੇਟਾ ਵਿਕਰਮ ਇੱਕ ਅਮਰੀਕਨ ਕੰਪਨੀ ਵਿੱਚ ਨੌਕਰੀ ਕਰ ਰਿਹਾ ਹੈ ਅਤੇ ਇਸ ਵੇਲੇ ਹਾਂਗਕਾਂਗ 'ਚ ਹੈ।''

ਭਗਵਤੀ ਚਰਨ ਦੀ ਇੱਕੋ ਇੱਕ ਉਪਲਬਦ ਲਿਖਤ, 'ਹਿੰਦੀ ਕਵਿਤਾ ਭੈਰਵੀ':

ਭੈਰਵਿ! ਨਰਿੱਤਰ ਕਰੋ ਤੁਮ ਆਕਰ।
ਵੀਰ-ਵਿਗਤ ਭਾਰਤ ਵਸੁਨਧਰਾ, ਸੀਂਚੋ ਰਕਤ ਬਹਾਕਰ।।੧।।

ਢਾਲ ਢਾਕ-ਢਫ-ਢੋਲਕ-ਢੱਕਾ, ਖੜਗ-ਮਜੀਰਾ ਬਾਜੇਂ।
ਕਵਚ-ਤ੍ਰਿਸ਼ੂਲ, ਝਨਾਝਨ ਝਾਂਜੇ, ਸੁੰਦਰ ਸਵਾਗਤ ਸਾਜੇਂ।।੨।।

ਸਿੰਹ-ਸਵਾਰੀ, ਸ਼ੂਲ ਹਾਥ ਮੇਂ, ਧਨੁਸ਼-ਬਾਣ ਸਾਨਧਾਨੇਂ।
ਅੱਟਹਾਸ ਰਣ-ਰਵ-ਦਿਸ਼ਿ-ਪੂਰਿਤ, ਸਾਯਾ ਸ਼ਤਰੂ ਫੰਸਾਨੇ।।੩।।

ਚਨਦਰਹਾਸ-ਚਪਲਾ ਚਮਕਾਊ ਸ਼ੀਸ਼ ਗਿਰੇਂ ਕਟ-ਕਟ ਕਰ।।
ਰੁਣਡ-ਮੁਣਡ, ਅਰਿ-ਝਣਡ-ਖਣਡ ਬਹੁ, ਸ਼ੰਕਰ-ਸ਼ੀਸ਼ ਸਜਾਕਰ।।੪।।

ਯਸ਼-ਪ੍ਰਸਾਰ, ਮਦ ਮਮਤਾ ਨਾਸ਼ੇ, ਤ੍ਰਿਭੁਵਨ ਬਲ ਨ ਸਮਾਏ।
ਡਗਮਗ-ਡਗਮਗਾਯ ਭੂ-ਮਣਡਲ, ਸ਼ੇਸ਼ ਲਾਜ ਸਕੁਚਾਏ।।੫।।

ਅਤਿ ਵਿਕਰਾਲ, ਕਰਾਲ ਕਾਮ ਸਮ, ਭੀਸ਼ਣ ਮੁਖ ਫੈਲਾਓ।
ਸ਼ੇਸ਼-ਰੱਜੂ-ਮਥਨੀ ਸਮਾਨ ਤੁਮ, ਮਥ-ਮਥ ਸ਼ਤਰੂ ਮਿਟਾਓ।।੬।।''ਭੈਰਵਿ''